ਅਪਰੈਲ/ਮਈ/ਜੂਨ 1991

April / May / June 1991

# ਵਤਨ



ਪੰਜਾਬੀ ਬੋਲੀ, ਸਾਹਿਤ, ਅਤੇ
ਸਤਿਆਚਾਰ ਦਾ ਤ੍ਰੈਮਾਸਕ ਪੱਤਰ।

ਕੀਮਤ ਤਿੰਨ ਡਾਲਰ
Price: $3:00

# ਸੰਪਾਦਕੀ

* ਪੰਜਾਬ ਤੋਂ ਪਿਛਲੇ ਦਸ ਗਿਆਰਾਂ ਸਾਲਾਂ ਤੋਂ ਬਿਨਾਂ ਨਾਗਾ ਕਤਲਾਂ ਦੀਆਂ ਖਬਰਾਂ ਸੁਣਦੇ ਆ ਰਹੇ ਹਾਂ। ਕਦੀ ਕਦੀ ਜਾਪਣ ਲੱਗਦਾ ਹੈ ਕਿ ਇਹ ਨਿੱਤ ਦੀਆਂ ਖਬਰਾਂ ਸਾਡੇ 'ਤੇ ਅਸਰ ਕਰਨੋਂ ਹੱਟ ਗਈਆਂ ਹਨ। ਨਾਲ ਹੀ ਟੀ ਵੀ ਦੀਆਂ ਤਸਵੀਰਾਂ ਵਿਚ ਜਦੋਂ ਅਸੀਂ ਦੱਖਣੀ ਅਫਰੀਕਾ ਵਿਚ ਹੁੰਦਾ ਕਾਲੇ ਲੋਕਾਂ ਉੱਪਰ ਤਸ਼ੱਦਦ ਦੇਖਦੇ ਹਾਂ, ਕੁਰਦਸ਼ ਲੋਕਾਂ ਨੂੰ ਅਮਰੀਕਣਾਂ ਦੀ ਜੰਗੀ ਨੀਤੀ ਦੇ ਨਤੀਜੇ ਭੁਗਤਦੇ ਦੇਖਦੇ ਹਾਂ, ਬੰਗਲਾਦੇਸ਼ ਵਿਚ ਮੁਸੀਬਤਾਂ 'ਚ ਘਿਰੇ ਲੋਕਾਂ ਨੂੰ ਦੇਖਦੇ ਹਾਂ ਤਾਂ ਅਚੇਤ ਹੀ ਬਲਦੇ ਪੰਜਾਬ ਨੂੰ ਅੱਖੋਂ ਉਹਲੇ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਫੇਰ, ਸ਼ਾਇਦ ਸਾਨੂੰ ਸਾਡੀ ਨੀਂਦ 'ਚੋਂ ਜਗਾਉਣ ਲਈ ਹੀ, ਕੋਈ ਇਹੋ ਜਿਹੀ ਖਬਰ ਆਉਂਦੀ ਹੈ ਜੋ ਸਾਨੂੰ ਮੁੜ ਝੰਝੋੜ ਜਾਂਦੀ ਹੈ। ਏਸੇ ਤਰ੍ਹਾਂ ਦੀ ਇਕ ਖਬਰ 9 ਅਪਰੈਲ ਨੂੰ ਹੋਏ ਕਤਲਾਂ ਦੀ ਹੈ। ਪਿੰਡ ਸੇਵੇਵਾਲਾ ਵਿਖੇ ਜਨੂੰਨੀ ਦਹਿਸ਼ਤਗਰਦਾਂ ਵਲੋਂ ਜਨੂੰਨ ਦਾ ਵਿਰੋਧ ਕਰਨ ਵਾਲੇ ਅਠਾਰਾਂ ਪੰਜਾਬੀਆਂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਨਿੱਤ ਆਪਸੀ ਚੌਧਰ ਤੇ ਪੈਸੇ ਦੀ ਖਾਤਰ ਹੁੰਦੇ ਕਤਲ ਜਾਂ ਬੱਸਾਂ 'ਚੋਂ ਕੱਢ ਕੇ ਕੀਤੇ ਮਾਸੂਮ ਲੋਕਾਂ ਦੇ ਕਤਲਾਂ ਨਾਲੋਂ ਇਹ ਕਤਲ ਵੱਖਰੇ ਹਨ, ਇਸੇ ਕਰਕੇ ਇਹ ਸਾਨੂੰ ਨੀਂਦ ਤੋਂ ਜਗਾਉਣ ਦੀ ਸ਼ਕਤੀ ਰੱਖਦੇ ਹਨ। ਇਹ ਕਤਲ ਉਹਨਾਂ ਲੋਕਾਂ ਦੇ ਹਨ ਜੋ ਹਨੇਰੇ ਦੇ ਖਿਲਾਫ ਚਾਨਣ ਦਾ ਹੋਕਾ ਦਿੰਦੇ ਹਨ। ਇਹ ਕਤਲ ਉਸੇ ਲੜੀ ਦਾ ਹਿੱਸਾ ਹਨ ਜਿਸ ਵਿਚ ਬਲਦੇਵ ਮਾਨ, ਜੈਮਲ ਪੱਡਾ, ਦਰਸ਼ਨ ਸਿੰਘ ਕੈਨੇਡੀਅਨ, ਪਾਸ਼, ਰਵਿੰਦਰ ਰਵੀ ਤੇ ਹੋਰ ਅਨੇਕਾਂ ਸਾਫ, ਸਿਹਤਮੰਦ ਸੋਚ ਰੱਖਣ ਵਾਲੇ ਲੋਕ, ਜੋ ਪੰਜਾਬ ਨੂੰ ਪੰਜਾਬ ਦੇਖਣਾ ਚਾਹੁੰਦੇ ਹਨ, ਆਪਣੀਆਂ ਜਾਨਾਂ ਵਾਰ ਚੁੱਕੇ ਹਨ। ਇਹਨਾਂ ਲੋਕਾਂ ਦੀਆਂ ਕੁਰਬਾਨੀਆਂ ਦਾ ਅਸਰ ਵੀ ਇਕ ਵੱਡਾ ਕਾਰਨ ਹੈ ਕਿ ਪਿਛਲੇ ਦਸ ਬਾਰਾਂ ਸਾਲ ਤੋਂ ਪੰਜਾਬ 'ਚ ਕਤਲਾਂ ਦਾ ਦੌਰ ਚਲਾਉਣ ਵਾਲੇ ਜਨੂੰਨੀ ਅਜੇ ਤੱਕ ਵੀ ਲੋਕਾਂ ਨੂੰ ਪੂਰੀ ਤਰ੍ਹਾਂ ਡਰਾਉਣ ਜਾਂ ਆਪਸ ਵਿਚ ਲੜਾਉਣ ਵਿਚ ਜਾਂ ਆਪਣੇ ਕਿਸੇ ਵੀ ਹੋਰ ਘਿਨਾਉਣੇ ਮਨਸੂਬੇ ਵਿਚ ਕਾਮਯਾਬ ਨਹੀਂ ਹੋਏ ਤੇ ਨਾ ਹੀ ਲੋਕਾਂ ਦੇ ਪਵਿੱਤਰ ਲਹੂ ਨਾਲ ਹੋਲੀ ਖੇਡਕੇ ਇਹ ਕਦੀ ਕਾਮਯਾਬ ਹੋ ਸਕਣਗੇ। ਦਿੱਲੀ ਸਰਕਾਰ ਦੀ ਸ਼ਹਿ ਨਾਲ ਸ਼ੁਰੂ ਹੋਈ ਇਹ ਜਨੂੰਨੀ ਲਹਿਰ ਦਿੱਲੀ ਸਰਕਾਰ ਦੀਆਂ ਆਪਣੀ ਕੁਰਸੀ ਬਚਾਈ ਰੱਖਣ ਵਾਲੀਆਂ ਮਾਰੂ ਨੀਤੀਆਂ ਸਦਕਾ ਹੀ ਚੱਲ ਰਹੀ ਹੈ। ਪੰਜਾਬ ਵਿਚ ਹੀ ਨਹੀਂ ਇਹ ਬਾਕੀ ਦੇ ਹਿੰਦੋਸਤਾਨ ਵਿਚ ਵੀ ਹਿੰਦੂਆਂ ਮੁਸਲਮਾਨਾਂ ਵਿਚਕਾਰ ਤੇ ਜਾਂ ਦਲਿਤ ਲੋਕਾਂ ਵਿਰੁੱਧ ਨਫਰਤ ਪਰਚਾਰ ਕੇ ਆਪਣੀ ਕੁਰਸੀ ਕਾਮਯਾਬ ਰੱਖ ਰਹੀ ਹੈ। ਸਿਆਸਤ ਦੀ ਇਸ ਗੰਦੀ ਖੇਡ ਵਿਚ ਪੰਜਾਬ ਦੀ ਵੱਡਮੁਲੀ ਸ਼ਕਤੀ - ਪੰਜਾਬ ਦੇ ਨੌਜਵਾਨ ਤਬਾਹ ਹੋ ਰਹੇ। ਸੇਵੇਵਾਲਾ ਵਿਚ ਕਤਲ ਹੋਣ ਵਾਲੇ ਉਹ ਪੰਜਾਬੀ ਹਨ ਜੋ ਪੰਜਾਬ ਨੂੰ ਪੰਜਾਬ ਦੇਖਣਾ ਚਾਹੁੰਦੇ ਹਨ ਅਤੇ ਪੰਜਾਬ ਰੱਖਣਾ ਚਾਹੁੰਦੇ ਹਨ। ਇਸੇ ਕਰਕੇ ਇਹ ਲੋਕ ਜਨੂੰਨੀਆਂ ਅਤੇ ਸਰਕਾਰ ਦੋਹਾਂ ਦੇ ਜਬਰ ਦਾ ਨਿਸ਼ਾਨਾ ਬਣਦੇ ਹਨ। ਪਰ ਸੱਚ ਬੋਲਣ ਵਾਲੇ ਲੋਕ ਕਦੋਂ ਡਰੇ ਨੇ, ਸੱਚ ਦੀ ਰਾਖੀ ਲਈ ਉਹ ਅੰਗਰੇਜ਼ਾਂ ਦੇ ਖਿਲਾਫ ਫਾਂਸੀਆਂ ਤੇ ਚੜ ਜਾਂਦੇ ਹਨ ਅਤੇ ਦੱਖਣੀ ਅਫਰੀਕਾ ਵਿਚ ਨਸਲੀ ਗੋਲੀਆਂ ਅੱਗੇ ਡਟ ਜਾਂਦੇ ਹਨ। ਅੱਜ ਦੇ ਪੰਜਾਬ ਦਾ ਸੱਚ ਪੰਜਾਬੀਅਤ ਨੂੰ ਬਚਾਉਣਾ ਹੈ ਅਤੇ ਪੰਜਾਬ ਨੂੰ ਪੰਜਾਬ ਰੱਖਣਾ ਹੈ। ਪੰਜਾਬ ਦੀ ਜਰਖੇਜ਼ ਧਰਤੀ ਨੂੰ ਇਸ ਗੱਲ ਦਾ ਮਾਣ ਹੈ ਕਿ ਉਸਦੀ ਕੁੱਖ ਵਿਚੋਂ ਸੱਚ ਲਈ ਮਰ ਮਿਟਣ ਵਾਲੇ ਲੋਕ ਹਮੇਸ਼ਾਂ ਪੈਦਾ ਹੁੰਦੇ ਰਹਿੰਦੇ ਹਨ। ਸੇਵੇਵਾਲਾ ਦੇ ਸ਼ਹੀਦ ਪੰਜਾਬ ਅਤੇ ਪੰਜਾਬੀਅਤ ਦੇ ਸੱਚ ਨੂੰ ਬਚਾਉਂਦੇ ਆਪਣੀਆਂ ਜਾਨਾਂ ਵਾਰ ਗਏ ਹਨ। ਜਿਥੇ ਅਸੀਂ ਜਨੂੰਨੀ ਦਹਿਸ਼ਤਗਰਦਾਂ ਦੇ ਇਸ ਘਿਨਾਉਣੇ ਹਮਲੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ ਉਥੇ ਅਸੀਂ ਸੇਵੇਵਾਲਾ ਦੇ ਸ਼ਹੀਦਾਂ ਨੂੰ ਸਲਾਮ ਕਰਦੇ ਹਾਂ।

* ਕੈਨੇਡਾ ਵਿਚ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਸਾਂਭਣ (ਜੋ ਕੁਝ ਵੀ ਇਸ ਵਿਚ ਸਾਂਭਣ ਯੋਗ ਹੈ) ਲਈ ਜੋ ਵੀ ਵਿਅਕਤੀ ਜਾਂ ਸੰਸਥਾਵਾਂ ਕੋਸ਼ਿਸ਼ ਕਰਦੀਆਂ ਹਨ ਉਹ ਸੱਭ ਸਾਡੇ ਧੰਨਵਾਦ ਦੇ ਪਾਤਰ ਹਨ। ਟੋਰਾਂਟੋ ਤੋਂ ਨਿਕਲਦੇ ਮਾਸਕ 'ਸੰਵਾਦ' ਨੇ ਪਾਸ਼ ਅਤੇ ਭਗਤ ਸਿੰਘ ਵਿਸ਼ੇਸ਼ ਅੰਕ ਕੱਢਿਆ ਹੈ। ਇਹ ਇਕ ਬਹੁਤ ਹੀ ਲੋੜੀਂਦਾ ਅਤੇ ਸ਼ਲਾਘਾ ਯੋਗ ਯਤਨ ਹੈ। ਪਾਸ਼ ਦੀ ਸ਼ਾਇਰੀ ਅਤੇ ਭਗਤ ਸਿੰਘ ਦੀ ਸੋਚ ਜਿਸ ਤੋਂ ਲੋਕਾਂ ਨੂੰ ਵਾਂਝਿਆ ਹੀ ਰੱਖਿਆ ਗਿਆ ਹੈ, ਪੰਜਾਬੀ ਸਭਿਆਚਾਰ ਦੇ ਨਰੋਏ ਪੱਖ ਹਨ ਅਤੇ ਇਹਨਾਂ ਨਾਲ ਲੋਕਾਂ ਦੀ ਜਾਣ ਪਹਿਚਾਣ ਕਰਾਉਣਾ ਇਕ ਵਧੀਆ ਕੋਸ਼ਿਸ਼ ਹੈ। ਇਹ ਅੰਕ ਦੇਖ ਕੇ ਆਸ ਬੱਝਦੀ ਹੈ ਕਿ 'ਸੰਵਾਦ' ਸੌੜੀ ਪੱਤਰਕਾਰੀ ਦੇ ਚੱਕਰ ਵਿਚੋਂ ਨਿਕਲ ਕੇ ਸਿਹਤਮੰਦ ਸੇਧ ਅਪਣਾ ਰਿਹਾ ਹੈ ਜੋ ਕਿ ਸ਼ੁੱਭਸਗਨ ਹੈ।

* ਟੋਰਾਂਟੋ ਤੋਂ ਹੀ ਇਕ ਬੰਦ ਹੋ ਚੁੱਕੇ ਪਰਚੇ 'ਸੁਰਤੀ' ਦੇ ਮੁੜ ਚਾਲੂ ਹੋਣ ਦੀ ਖਬਰ ਹੈ। ਅਸੀਂ ਇਸ ਕਦਮ ਨੂੰ ਜੀ ਆਇਆਂ ਆਖਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਇਹ ਪਰਚਾ ਕੈਨੇਡਾ ਵਿਚ ਪੰਜਾਬੀ ਬੋਲੀ ਅਤੇ ਸਾਹਿਤ ਦੀ ਪ੍ਰਫੁਲਤਾ ਦੇ ਨਾਲ ਨਾਲ ਪੰਜਾਬੀ ਪੱਤਰਕਾਰੀ ਦੇ ਮਾਹੌਲ ਨੂੰ ਵੀ ਵਧੀਆ ਬਨਾਉਣ ਵਿਚ ਆਪਣਾ ਯੋਗਦਾਨ ਪਾਵੇਗਾ।

* ਵੈਨਕੂਵਰ (ਸਰੀ) ਵਿਚ ਪੰਜਾਬੀ ਬੋਲੀ ਅਤੇ ਕਲਾ ਨੂੰ ਪ੍ਰਫੁਲਤ ਕਰਨ ਦੇ ਮਨਸ਼ੇ ਨਾਲ ਪੰਜਾਬੀ ਲੈਂਗੁਏਜ਼ ਅਤੇ ਆਰਟਸ ਫਾਉਂਡੇਸ਼ਨ ਨਾਂ ਦੀ ਇਕ ਜਥੇਬੰਦੀ ਹੋਂਦ ਵਿਚ ਆਈ ਹੈ। ਇਸ ਜਥੇਬੰਦੀ ਵਲੋਂ ਮਿੱਥੇ ਅਸ਼ਿਆਂ ਤੋਂ ਆਸ ਬੱਝਦੀ ਹੈ ਕਿ ਪੰਜਾਬੀ ਬੋਲੀ ਨੂੰ ਇਥੋਂ ਦੇ ਸਮਾਜ ਵਿਚ ਇਸ ਦੀ ਬਣਦੀ ਥਾਂ ਦਿਵਾਉਣ ਲਈ ਇਹ ਸੰਸਥਾ ਯਤਨ ਕਰੇਗੀ ਜੋ ਕਿ ਇਕ ਬਹੁਤ ਹੀ ਲੋੜੀਂਦਾ ਅਤੇ ਅਣਗੌਲਿਆ ਕਾਰਜ ਹੈ।

* ਚਾਰ ਜੂਨ 1991 ਕੈਨੇਡਾ ਦੀ ਮਰਦਮਸ਼ੁਮਾਰੀ ਦਾ ਦਿਨ ਹੈ। ਇਸ ਦਿਨ ਸਰਕਾਰ ਸਾਰੇ ਮੁਲਕ ਦੇ ਲੋਕਾਂ ਤੋਂ ਉਹਨਾਂ ਸੰਬੰਧੀ ਜਾਣਕਾਰੀ ਇਕੱਤਰ ਕਰੇਗੀ। ਇਸ ਪ੍ਰਾਪਤ ਕੀਤੀ ਜਾਣਕਾਰੀ ਦੇ ਆਧਾਰ 'ਤੇ ਸਿਆਸਤਦਾਨ ਅਤੇ ਸਰਕਾਰਾਂ ਆਪਣੀਆਂ ਪਾਲਸੀਆਂ ਬਣਾਉਂਦੀਆਂ ਹਨ। ਇਸ ਜਾਣਕਾਰੀ ਵਿਚ ਹੋਰਨਾਂ ਸਵਾਲਾਂ ਦੇ ਨਾਲ ਨਾਲ ਇਕ ਸਵਾਲ ਬੋਲੀ ਬਾਰੇ ਵੀ ਹੋਵੇਗਾ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਲਿਖਾਈਏ ਤਾਂ ਕਿ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦੇ ਆਧਾਰ 'ਤੇ ਅਸੀਂ ਪੰਜਾਬੀ ਦੇ ਬਣਦੇ ਹੱਕਾਂ ਦੀ ਮੰਗ ਕਰ ਸਕੀਏ।

* ਅਸੀਂ ਪਾਠਕਾਂ ਤੋਂ ਖਿਮਾਂ ਮੰਗਦੇ ਹਾਂ ਕਿ ਅਸੀਂ ਵਤਨ ਦਾ ਕੈਨੇਡਾ ਵਿਚ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ ਕੱਢਣ ਦਾ ਆਪਣਾ ਵਾਅਦਾ ਇਸ ਵਾਰ ਵੀ ਪੂਰਾ ਨਹੀਂ ਕਰ ਸਕੇ।

* * * * * * *

---

ਪ੍ਰੈਸ-ਰੀਲੀਜ਼ - 20 ਅਪਰੈਲ, 1991 - ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮੰਟਨ : ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮੰਟਨ ਖਾਲਸਤਾਨੀ ਦਹਿਸ਼ਤਗਰਦਾਂ ਵਲੋਂ ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਦੇ ਪਿੰਡ ਸੇਵੇਵਾਲ ਵਿਚ ਕਰਵਾਏ ਜਾ ਰਹੇ ਪ੍ਰੋਗਰਾਮ ਵਿਚ ਫਰੰਟ ਦੇ ਤਿੰਨ ਆਗੂਆਂ ਅਤੇ 12 ਹਮਦਰਦਾਂ ਦੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਤਲ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਇਸ ਖ਼ੂਨੀ ਕਾਂਡ ਨੇ ਖਾਲਸਤਾਨੀ ਦਹਿਸ਼ਤਗਰਦਾਂ ਦੀ ਫਿਰਕੂ-ਫਾਸ਼ੀ ਸਿਆਸਤ ਨੂੰ, ਜੋ ਆਪਣੇ ਸਿਆਸੀ ਵਿਰੋਧੀਆਂ ਦੀ ਆਵਾਜ਼ ਨੂੰ ਗੋਲੀ ਨਾਲ ਬੰਦ ਕਰਨਾ ਚਾਹੁਦੇ ਹਨ, ਨੂੰ ਬਿਲਕੁਲ ਨੰਗਾ ਕਰ ਦਿੱਤਾ ਹੈ। ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਪਿਛਲੇ ਲੰਬੇ ਸਮੇਂ ਤੋਂ ਹਕੂਮਤੀ ਅਤੇ ਖਾਲਸਤਾਨੀ ਦਹਿਸ਼ਤਗਰਦੀ ਦਾ ਵਿਰੋਧ ਕਰਦਾ ਆ ਰਿਹਾ ਹੈ। ਫਰੰਟ ਦੇ ਆਗੂਆਂ ਦੀ ਹੱਤਿਆ ਕਰਕੇ ਇਨ੍ਹਾਂ ਫਿਰਕੂ ਟੋਲਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹਨਾਂ ਦੀ ਅਸਲ ਲੜਾਈ ਦਿੱਲੀ ਦੀ ਹਕੂਮਤ ਨਾਲ ਨਹੀਂ, ਸਗੋਂ ਪੰਜਾਬ ਦੀਆਂ ਇਨਕਲਾਬੀ ਅਤੇ ਜਮਹੂਰੀ ਤਾਕਤਾਂ ਨਾਲ ਹੈ। ਭਾਰਤ ਸਰਕਾਰ ਪੰਜਾਬ ਸਮੱਸਿਆ ਦਾ ਸਿਆਸੀ ਹੱਲ ਕਰਨ ਦੀ ਬਜਾਏ ਦੇਸ਼ ਦੀ 'ਏਕਤਾ ਅਤੇ ਅਖੰਡਤਾ' ਦੇ ਨਾਮ ਥੱਲੇ ਪੰਜਾਬ ਦੇ ਲੋਕਾਂ 'ਤੇ ਅੰਨ੍ਹਾ ਤਸ਼ੱਦਦ ਕਰ ਰਹੀ ਹੈ ਅਤੇ ਗੈਰ-ਜਮਹੂਰੀ ਢੰਗ ਅਪਣਾ ਕੇ ਸਮੱਸਿਆ ਨੂੰ ਹੋਰ ਉਲਝਾ ਰਹੀ ਹੈ। ਅਸਲ ਵਿਚ ਭਾਰਤ ਸਰਕਾਰ ਇਸ ਸਮੱਸਿਆ ਨੂੰ ਹੱਲ ਨਹੀਂ ਕਰਨਾ ਚਾਹੁੰਦੀ ਕਿਉਂਕਿ ਉਸ ਨੂੰ ਪਤਾ ਹੈ ਕਿ ਖਾਲਸਤਾਨੀਆਂ ਦੀ ਹੋਂਦ ਲੋਕਾਂ ਦੀ ਮੁਕਤੀ ਦੇ ਸੰਘਰਸ਼ਾਂ ਨੂੰ ਧੁੰਦਲਾਉਣ ਵਿਚ ਸਹਾਈ ਹੋ ਰਹੀ ਹੈ। ਹਕੂਮਤੀ ਅਤੇ ਖਾਲਸਤਾਨੀ ਦਹਿਸ਼ਤਗਰਦ ਇਕ ਦੂਜੇ ਦੀਆਂ ਜੌੜੀਆਂ ਭੈਣਾਂ ਹਨ ਅਤੇ ਇਕ ਦੂਜੀ ਨੂੰ ਜ਼ਿੰਦਾ ਰੱਖ ਰਹੀਆਂ ਹਨ ਅਤੇ ਘਾਣ ਸਾਧਾਰਨ ਲੋਕਾਂ ਦਾ ਹੋ ਰਿਹਾ ਹੈ। ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮੰਟਨ ਫਿਰਕੂ ਦਹਿਸ਼ਤਗਰਦਾਂ ਦੇ ਵਿਰੁੱਧ ਜੂਝ ਰਹੀਆਂ ਇਨਕਲਾਬੀ ਅਤੇ ਜਮਹੂਰੀ ਤਾਕਤਾਂ ਦੀ ਡਟਵੀਂ ਹਮਾਇਤ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਬਿਨਾ ਲਾਈਸੈਂਸ ਹਥਿਆਰ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ ਕਿ ਉਹ ਆਪਣੀ ਜਾਨ ਮਾਲ ਦੀ ਰਾਖੀ ਆਪ ਕਰ ਸਕਣ। ਵਲੋਂ: ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮੰਟਨ।

ਸਾਲ ਦੂਜਾ / ਅੰਕ ਚੌਥਾ

ਅਪਰੈਲ/ਮਈ/ਜੂਨ 1991

# ਵਤਨ

Vol. 2, No. 4
Spring, 1991
Apr./May/June

**Watan**
**P.O. Box 67681**
**Stn. 'O' Van.,**
**B.C., V5W 3V2**

**2nd class**
**Reg. No.**
**8753**

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜਿੰਗ ਸੰਪਾਦਕ:
ਪਾਲ ਬਿਨਿੰਗ 279-9081
ਐਡਵਰਟਾਇਜ਼ਿੰਗ ਸੰਪਾਦਕ:
ਅਮਨਪਾਲ ਸਾਰਾ 435-1236

ਸਰਕੂਲੇਸ਼ਨ ਸੰਪਾਦਕ:
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581-3211

ਸਹਿਯੋਗੀ
ਸਰੀ:
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 461-1917
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211
**Managing Editor:**
Paul Binning 270-7842
**Advertising Editor:**
Amanpal Sara 435-1236
**Circulation Editors**
Harjinder Sangra
Anju Hundal 581-3211
**Associates**
Surrey:
Gurmail Rai 583-7512
Edmonton:
Satwant Deepak 461-1917
Laat Bhinder 435-7469

## ਇਸ ਅੰਕ ਵਿਚ

| ਇਸ ਅੰਕ ਵਿਚ | ਸਫਾ |
|---|---|
| ਸੰਪਾਦਕੀ | 2 |
| **ਕਵਿਤਾ** | |
| ਸੁਖਪਾਲ | 5 |
| ਰਵਿੰਦਰ ਸਹਿਰਾ | 7 |
| ਸ਼ਸ਼ੀ ਸਮੁੰਦਰਾ | 8 |
| ਅਮਰਜੀਤ ਕੌਂਕੇ | 8 |
| ਹਰਕੰਵਲਜੀਤ | 9 |
| ਪ੍ਰੇਮ ਕੁਮਾਰ | 9 |
| **ਲੇਖ** | |
| ਅਮਰਜੀਤ ਚੰਦਨ | 11 |
| ਡਾ: ਰਘਬੀਰ ਸਿੰਘ | 22 |
| ਬਲਟਿੰਦ੍ਰ ਜੌਹਲ | 27 |
| ਅਮਰਜੀਤ ਸੂਫੀ | 37 |
| **ਕਹਾਣੀ** | |
| ਅਮਨਪਾਲ ਸਾਰਾ | 16 |
| ਹਰੀਸ਼ ਮਲਹੋਤਰਾ | 19 |
| **ਸਥਾਈ ਕਾਲਮ** | |
| ਮਾਨਸਿਕ ਸਿਹਤ | 31 |
| ਪਰਦਾ ਜੋ ਉੱਠ ਗਿਆ | 35 |
| ਪੁਸਤ ਪਰਿਚੈ | 39 |
| ਸਰਗਰਮੀਆਂ | 43 |

Price: $3:00

Annual Subscription:
Canada & USA
Indiv: $12:00
Institutions: $18:00
Other Countries:18:00

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the official policies of Watan.
All officeholders and members of Watan Publication past and present, have been and are honorary associates of Watan.

# Paul's

## Plumbing, Electrical & Heating Supply



Plumbing & Bathroom Hot Water Heating
Fixtures & Supplies
Hot Water Tanks
Supplies &Installation

**We also do new houses' Plumbing**

**4578 Main St., Vancouver**
**Ph: 872-3118, 872-7277**

## SIKANDER
## HAIR STYLING (Unisex)

**6605 Fraser St. Vancouver**
(ਫਰੇਜ਼ਰ ਅਤੇ 50 ਐਵੀਨਿਊ ਉੱਪਰ)

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

* Colour
* Perms
* Facials Threadings
* Eyebrows Arching
* Lightening



**ਫੋਨ: 327-1483**

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ।

## Mr. Raja's _ Since 1975

Serving _ Indian and Canadian Food

**Motimahal Restaurant**
**Ph: 325-5014**

## Now Introducing

***-New Locatioin***

**Taj Palace Restaurant**
and Catering Hall
2120- Main St. **Ph: 877-1661**

## CITY CATERERS
## & PARTY RENTALS

Rent all you need
-Bride and Groom
Supplies
**8336 _ St. George St. Vancouver**
**322-CITY**

**Contact YOur Friendly Realtor**

**Buying/Selling**

***Lots *Home**

***Acreage**

***Commercial**



**Karmjit S. Ghuman**

List your home with me and it will be displayed on the Real Estate Channel **Lakeview Realty Ltd.** 7909 Scott Rd.,
Delta, B.C., V4C 6P6
**Ph: 590-3231 Fax: 590-0633**
**Res:596-7965**

ਸੁਖਪਾਲ

# ਸ਼ਹਿਰ ਸਰਮਾਇਆਪੁਰੀ

(ਵੈਨਕੂਵਰ ਵਰਗੇ ਕਿਸੇ ਵੀ ਸ਼ਹਿਰ ਨੂੰ ਸਮਰਪਤ)

ਅਸਮਾਨ ਬਹੁਤ ਨੀਵਾਂ ਹੈ
ਇਸ ਸ਼ਹਿਰ
ਚਾਹੋ ਤਾਂ ਪੱਬਾਂ ਭਾਰ ਖੜੋ
ਤਾਰੇ ਤੋੜ ਸਕਦੇ ਹੋ।
ਦਿਨ ਰਾਤ ਇਥੇ ਅਤਰਾਂ ਦਾ
ਇਕ ਖੂਹ ਗਿੜੇ।
ਕੋਈ ਕ੍ਰਿਸ਼ਮਾ ਨਹੀਂ
ਜੇ ਕੋਈ ਫਿਟਿਆ ਹੋਇਆ ਆਸ਼ਕ
ਮਸ਼ੂਕਾ ਦੇ ਮੱਥੇ 'ਤੇ
ਚੰਦ ਦਾ ਟਿੱਕਾ ਲਗਾਈ ਫਿਰੇ।

ਪੀਂਘ ਤੋਂ ਹਵਾਈ ਜਹਾਜ਼ ਤੱਕ
ਹਰ ਝੂਟਾ ਵਿਗਿਆਨ ਦਾ ਝੂਟਾ,
ਵਿਗਿਆਨ ਦੀ ਹਰ ਮੌਜ ਵਿਚ
ਵਸਦਾ ਸ਼ਹਿਰ ਘੁੱਗ ਹੈ।
ਇਸ ਸ਼ਹਿਰ ਦਾ ਯੁੱਗ ਕਹਿੰਦੇ
ਵਿਗਿਆਨ ਦਾ ਯੁੱਗ ਹੈ।
ਵਿਗਿਆਨ ਦੇ ਢੰਗ ਵਿਚ ਢਲਿਆ
ਇਸ ਸ਼ਹਿਰ ਦਾ ਹਰ ਕੰਮ ਹੈ,
ਵਿਗਿਆਨ ਦੇ ਬਸਤਰਾਂ ਵਿਚ ਸਜੀ
ਇਸ ਸ਼ਹਿਰ ਦੀ ਬੋਲੀ ਹੈ।
ਉਂਝ ਵਿਗਿਆਨ ਇਸ ਸ਼ਹਿਰ ਦਾ ਆਦਰਸ਼ ਨਹੀਂ
ਵਿਗਿਆਨ ਤਾਂ ਇਸ ਸ਼ਹਿਰ ਦੀ ਗੋਲੀ ਹੈ।
ਨਵੀਨਤਾ ਦੀ ਰਾਹ 'ਤੇ ਗੱਡ ਕੇ
ਵਿਦਵਤਾ ਦੇ ਝੰਡੇ ਦੀ ਡਾਂਗ
ਪੋਪ-ਜੌਨ ਪਾਲ ਦੇ ਸਾਹਮਣੇ
ਗੋਡਿਆਂ ਪਰਨੇ ਹੋ ਜਾਂਦਾ ਹੈ
ਇਹ ਸ਼ਹਿਰ
ਮੱਕੇ ਦੇ ਹਾਜੀ ਵਾਂਗ।
ਮਾਰੀ ਗਈ ਮੱਤ ਇਸ ਸ਼ਹਿਰ ਦੀ
ਜਦ ਪੱਬਾਂ ਭਾਰ ਹੋ ਹੋ ਕਿੱਲਦੀ ਹੈ
ਤਾਂ ਦੁਨੀਆਂ ਭਰ ਦੇ ਅੰਧ ਵਿਸ਼ਵਾਸ਼ਾਂ ਦੀ ਜੂਠ
ਇਹਦੀ ਫ਼ਲਸਫ਼ਾ-ਮੰਡੀ ਵਿਚ
ਰਿਆਇਤੀ ਦਰਾਂ 'ਤੇ ਮਿਲਦੀ ਹੈ।
ਇਸ ਸ਼ਹਿਰ
ਆਜ਼ਾਦੀ ਤੇ ਜਮਹੂਰੀਅਤ ਦੇ ਢੋਲ ਵੱਜਦੇ ਨੇ।
ਟੀ.ਵੀ., ਰੇਡੀਓ, ਅਖਬਾਰਾਂ
ਬਹਿਸ ਮੁਬਾਸੇ ਦਾ ਧੂੰਆਂ ਛੱਡਦੇ ਨੇ।
ਕੋਈ ਚੜ੍ਹਦੀ ਹੈ। ਕੋਈ ਲਹਿੰਦੀ ਹੈ
ਦਲੀਲਾਂ ਦੀ ਨਿੱਤਨੇਮ-ਫ਼ਿਂਦ ਪੈਂਦੀ ਹੈ।
ਇਸ ਸ਼ਹਿਰ ਦੇ ਤਰਕ ਸ਼ਾਸਤਰ
ਨਫ਼ਾ-ਨੁਕਸਾਨ, ਸਫ਼ਲਤਾ-ਅਸਫ਼ਲਤਾ
ਦੇ ਚੱਕਰਵਿਊ ਵਿਚ ਪੈ ਗਏ ਨੇ।
ਮਨੁੱਖਤਾ ਤੇ ਇਨਸਾਫ਼
ਦਲੀਲਾਂ ਦੇ ਪੈਮਾਨੇ ਨਹੀਂ
ਦਲੀਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ ਨੇ।
ਇਤਿਹਾਸ ਦੀ ਰਾਹ 'ਤੇ ਵਿਕਾਸ ਦੀ ਰਾਹ 'ਤੇ
ਇਹ ਸ਼ਹਿਰ ਬਹੁਤ ਅੱਗੇ ਆ ਗਿਆ ਹੈ।
ਸੱਤ ਸਮੁੰਦਰ ਪਾਰ ਵਾਲਾ ਮੇਰਾ ਪਿੰਡ ਤਾਂ
ਇਹਦੇ ਅਜਾਇਬ ਘਰ ਵਿਚ ਪਿਆ ਹੈ।
ਪਰ ਸੋਚ ਦੀ ਘੜੀ ਤਿਲ੍ਹਕ ਜਾਂਦਾ ਹੈ
ਅਤੀਤ ਦੀ ਮੋੜ ਉਪਰੋਂ ਇਹ ਸ਼ਹਿਰ
ਕੋਹਜ ਅਤੇ ਸੋਹਜ ਵਿਚਲੇ
ਸੱਭ ਪਰਦੇ ਪਾੜ ਦਿੰਦਾ ਹੈ।
ਟਾਈ ਵਿਚ ਸਜਿਆ ਔਰੰਗਜ਼ੇਬ
ਚੰਗੇ ਭਲੇ ਨੂੰ ਸ਼ਬਦਾਂ ਦੀ ਛੁਰੀ 'ਤੇ ਚਾੜ੍ਹ ਦਿੰਦਾ ਹੈ।
ਨੀਹਾਂ ਵਿਚ ਚਿਨਣ ਦੀ ਜ਼ਰੂਰਤ ਹੀ ਕੀ
ਮਨੁੱਖ ਨੂੰ ਉਹਦੀ ਹੀ ਚਮੜੀ ਦੇ
ਰੰਗ ਵਿਚ ਡੁਬੋ ਕੇ ਮਾਰ ਦਿੰਦਾ ਹੈ।
ਟੀ.ਵੀ ਦਾ ਧੂੰਆਂ ਚਿਹਰੇ ਢੱਕ ਲੈਂਦਾ ਹੈ।
ਜਮਹੂਰੀਅਤ ਦੀ ਲਾਜ ਰੱਖ ਲੈਂਦਾ ਹੈ।

ਬੜਾ ਤਹਿਜ਼ੀਬਗ੍ਰਸਤ ਹੈ ਇਹ ਸ਼ਹਿਰ
ਬੜੀ ਤਹਿਜ਼ੀਬ ਨਾਲ ਤਹਿਜ਼ੀਬ ਦੀ ਜੜ੍ਹ ਵੱਢਦਾ ਹੈ।
ਮੈਖ਼ਾਨੇ ਵਿਚ ਕੱਪੜੇ ਉਤਾਰਦੀ ਨਚਾਰ ਲੜਕੀ
ਦੇ ਜਿਸਮ ਵਿਚ ਜਦ ਨਜ਼ਰਾਂ ਦੇ ਨਹੁੰ ਗੱਡਦਾ ਹੈ
ਤਾਂ ਜੰਗਲ ਯੁੱਗ ਦੇ ਸੁਆਗਤ ਵਿਚ
ਤਾਲੀਆਂ ਦੀ ਗੂੰਜ ਛੱਡਦਾ ਹੈ।

ਇਸ ਸ਼ਹਿਰ ਦੀ ਨਬਜ਼ ਬਹੁਤ ਤੇਜ਼ ਚਲਦੀ ਹੈ,
ਸਾਲ ਮਹੀਨਿਆਂ ਵਾਂਗ ਗੁਜ਼ਰਦੇ ਨੇ
ਤੇ ਮਹੀਨੇ ਦਿਨਾਂ ਵਾਂਗ।
ਹਰ ਦਿਨ ਮਿਲਦਾ ਹੈ
ਕਿਸੇ ਪੇਸ਼ਾਵਰ ਸ਼ੈਤਾਨ ਦੀ

ਗੁੱਝੀ ਸ਼ੈਤਾਨੀ ਦੀ ਤਰ੍ਹਾਂ।
ਦਿਨ ਨੂੰ ਪਾਗ਼ਲ ਘੋੜੇ ਵਾਂਗ ਦੌੜਦਾ ਹੈ
ਇਹ ਸ਼ਹਿਰ
ਰਾਤ ਨੂੰ ਨਸ਼ੇ ਵਿਚ ਮਦਹੋਸ਼ ਹੋ ਕੇ ਨੱਚਦਾ ਹੈ
ਕਿਸੇ ਪੀਰ ਬਾਬੇ ਦੀ ਹਵਾ ਵਿਚ
ਆ ਗਈ ਯਨਾਨੀ ਦੀ ਤਰ੍ਹਾਂ।

ਇਸ ਸ਼ਹਿਰ ਦੀਆਂ ਕੁਆਰੀਆਂ ਕੁੜੀਆਂ
ਆਪਣੇ ਹੀ ਮਾਸ ਤੋਂ ਡਰਦੀਆਂ
ਨਿੱਤ ਕੜਵਾ ਚੌਥ ਦਾ ਸੇਵਨ ਕਰਦੀਆਂ।
ਇਸ ਸ਼ਹਿਰ ਦੀ ਸੀਤਾ ਦਾ
ਜਦ ਹਾਜ਼ਮਾ ਹਿੱਲਦਾ ਹੈ
ਤਾਂ ਰਾਮ ਦੇ ਨਾਲ ਰਾਵਣ
ਮੁਫ਼ਤ ਮਿਲਦਾ ਹੈ।

ਇਸ ਸ਼ਹਿਰ ਦੀ ਚੋਟੀ ਤੇ ਚੜ੍ਹ ਕੇ
ਮੈਂ ਇਸ ਸ਼ਹਿਰ ਦੀ ਹੋਣੀ ਤੱਕੀ ਹੈ।
ਸੁਣਿਆਂ ਹੈ ਇਸ ਸ਼ਹਿਰ ਨੂੰ
ਇਸ ਸ਼ਹਿਰ ਦੀ ਸੋਚ ਦਾ ਸਰਾਪ ਹੈ:
ਇਹ ਸ਼ਹਿਰ ਆਪਣੇ ਹੀ ਮਾਸ ਦਾ
ਸਮੁੰਦਰ ਤਰੇਗਾ।
ਇਸ ਸ਼ਹਿਰ ਦਾ ਅਸਮਾਨ ਹੀ
ਇਸ ਸ਼ਹਿਰ ਦਾ ਘੁੱਟ ਭਰੇਗਾ
ਤੇ ਅਸਮਾਨ ਬਹੁਤ ਨੀਵਾਂ ਹੈ
ਇਸ ਸ਼ਹਿਰ।

---------

# ਇਕ ਢੀਠ ਦਾ ਇਕਬਾਲੀਆਂ ਬਿਆਨ

ਤੇਰਾਂ ਸਾਲ ਜਾਂ ਤੇਰਾਂ ਸਦੀਆਂ
ਸਿੱਧੀ ਨਲਕੀ 'ਚ ਪਾਣੀ ਰੱਖੋ ਜੀ।
ਕੱਢੋ ਤਾਂ ਵਿੰਗੀ ਦੀ ਵਿੰਗੀ ਤੱਕੋ ਜੀ।
ਦੁਨੀਆਂ ਇਧਰ ਦੀ ਉਧਰ ਹੋ ਜਾਏ
ਅਸੀਂ ਕਾਹਤੋਂ ਸੂਤ ਹੁੰਨੇ ਆਂ ਜੀ।
ਅਸੀਂ ਤਾਂ ਕਲਿਹਣੀ ਪੂਛ ਹੁੰਨੇ ਆਂ ਜੀ।

ਅਸੀਂ ਰਾਮ ਦੀ ਕਥਾ ਦਾ
ਜਗਰਾਤਾ ਵੀ ਸਹਿਣਾ ਹੈ
ਤੇ ਉਸੇ ਸੁਬਹ
ਸੀਤਾ ਨੂੰ ਰਾਮ ਦੀ ਭੈਣ ਵੀ ਕਹਿਣਾ ਹੈ।
ਤੁਸੀਂ ਆਪਣੀ ਅਕਲ ਦਾ ਲੱਖ ਸ਼ਾਟਾ ਪੱਟੋ ਜੀ
ਅਸੀਂ ਤੁਹਾਡੇ ਸਾਹਵੇਂ ਬੇਪ੍ਰਵਾਹ ਹੱਸਦੇ ਖੇਡਦੇ ਰਹਿਣਾ ਹੈ।

ਅਸੀਂ ਮੱਕੇ ਵੱਲ ਨੂੰ ਹੋਣੇ
ਨਾਨਕ ਦੇ ਪੈਰਾਂ ਵਿਚ
ਸੀਸ ਵੀ ਝੁਕਾਉਣਾ ਹੈ
ਤੇ ਸਾਡੇ ਘਰੀਂ ਉੱਗ ਆਏ ਮੱਕੇ ਵੱਲ ਨੂੰ
ਪਸਰੇ ਪੈਰਾਂ 'ਤੇ ਕੁਹਾੜਾ ਵੀ ਵਾਹੁਣਾ ਹੈ।
ਤੁਸੀਂ ਤਰਕ ਦੀਆਂ ਕੰਧਾਂ ਵਿਚ
ਸਿਰ ਪਏ ਮਾਰੋ ਜੀ
ਅਸੀਂ ਤੁਹਾਡੀ ਸਮਝ ਦੇ ਹੱਥ ਨਹੀਂ ਆਉਣਾ ਹੈ।
ਅਕਲ ਸਾਡੇ ਖੂਹਾਂ ਦਾ ਪਾਣੀ ਭਰੇ ਜੀ।
ਅਕਲ ਸਾਡੇ ਦਰਾਂ 'ਤੇ ਨੌਕਰੀ ਕਰੇ ਜੀ।
ਅਕਲ ਨੇ ਜੇ ਰਹਿਣਾ ਤਾਂ ਆਪਣੀ ਔਕਾਤ ਵਿਚ ਰਹੇ
ਐਵੇਂ ਨਾ ਪਈ ਸਾਡੇ ਸਿਰ ਨੂੰ ਚੜ੍ਹੇ ਜੀ।
ਅਕਲ ਜੇ ਸਾਡੇ ਰੱਬ ਤੋਂ ਨਹੀਂ
ਤਾਂ ਘਸੁੰਨ ਤੋਂ ਡਰੇ ਜੀ।
ਅਕਲ ਨੂੰ ਕਹੋ
ਕੋਈ ਅਕਲ ਦਾ ਕੰਮ ਕਰੇ ਜੀ।

ਦੁਨੀਆਂ ਦਾ ਤਰਕ ਸ਼ਾਸਤਰ
ਸਾਡੇ ਸ਼ੱਕ ਵਿਚ ਡੁੱਬ ਕੇ ਮਰੇ ਜੀ।
ਸਾਡੇ ਅੰਧ ਵਿਸ਼ਵਾਸ ਕੋਲੋਂ
ਹਿਮਾਲਾ ਪ੍ਰਬਤ ਵੀ ਡਰੇ ਜੀ।
ਤੁਸੀਂ ਸਾਡੇ ਨਾਲ ਮੱਥਾ ਮਾਰ ਕੇ
ਦੱਸੋ ਕੀ ਖਟੋਗੇ?
ਇਕ ਦਿਨ ਇੰਨਾ ਅੱਕੋਗੇ
ਕਿ 'ਕੱਲੇ ਬੈਠ ਕੇ
ਕਦੀ ਰੋਵੋਗੇ ਕਦੀ ਹੱਸੋਗੇ।

ਪੂਛ ਹੋਣ ਦਾ ਨੁਕਸਾਨ ਕੋਈ ਨਹੀਂ
ਪੂਛ ਹੋਣ ਦਾ ਲਾਭ ਹੀ ਲਾਭ ਹੈ ਜੀ।
ਪੂਛ ਕੋਲ ਨਾ ਦੁਖੀ ਹੋਣ ਲਈ ਦਿਲ ਕੋਈ
ਪੂਛ ਕੋਲ ਨਾ ਅਪਣੇ ਲਈ ਦੀਮਾਗ਼ ਹੈ ਜੀ।
ਪੂਛ ਜੇ ਚਾਹੇ ਤਾਂ ਸਰਕਾਰੇ ਦਰਬਾਰੇ ਹਾੜੇ ਕੱਢੇ ਜੀ।
ਪੂਛ ਜੇ ਚਾਹੇ ਤਾਂ ਹਾਕਮ ਦੀ ਪਿੱਠ 'ਤੇ ਜਾ ਲੱਗੇ ਜੀ।
ਪੂਛ ਨੂੰ ਜੇ ਭਾਵੇ, ਕਿਸੇ ਜਨੂੰਨ ਦੇ ਹੱਥ ਵਿਚ ਆਵੇ,
ਬਗ਼ਾਵਤ ਦੇ ਢੋਲ 'ਤੇ ਤਾੜ ਤਾੜ ਵੱਜੇ ਜੀ।
ਸਾਡੀ ਮਰਜ਼ੀ ਆ
ਬਾਪ ਨੂੰ ਗਧਾ ਜਾਂ ਗਧੇ ਨੂੰ ਬਾਪ ਕਹੀਏ।
ਸਾਡੀ ਮਰਜ਼ੀ ਆ
ਰਾਤ ਨੂੰ ਦਿਨ ਜਾਂ ਦਿਨ ਨੂੰ ਰਾਤ ਕਹੀਏ।

ਤੁਸੀਂ ਆਪਣਾ ਲੱਖ ਲਹੂ ਪਏ ਕਾੜ੍ਹੋ ਜੀ,
ਤੁਸੀਂ ਆਪਣਾ ਹੱਡ ਹੱਡ ਪਏ ਸਾੜ੍ਹੋ ਜੀ,
ਅਗਿਆਨਤਾ ਦੇ ਸਰਦ ਨ੍ਹੇਰੇ ਵਿਚ
ਲੱਖ ਗਿਆਨ ਦੀ ਧੂਣੀ ਬਾਲੋ ਜੀ।
ਸਾਡਾ ਤਾਂ ਸੁਖ਼ਾਲ ਆ ਕਿ
ਅਸੀਂ ਧੂਣੀ ਤੇ ਕਰਦੇ ਮੂਤ ਹੁੰਨੇ ਆਂ ਜੀ।
ਤੇਰਾਂ ਸਾਲ ਜਾਂ ਤੇਈ ਸਦੀਆਂ
ਵਿੰਗੀ ਦੀ ਵਿੰਗੀ
ਅਸੀਂ ਤਾਂ ਕਲਿਹਣੀ ਪੂਛ ਹੁੰਨੇ ਆਂ ਜੀ।

---

# ਅਸੀਂ ਕੁਝ ਵੀ ਨਹੀਂ

## ਰਵਿੰਦਰ ਸਹਿਰਾ

ਮੇਰੇ ਵਤਨ ਦੇ ਲੋਕੋ
ਅਸੀਂ ਕੁਝ ਵੀ ਨਹੀਂ
ਬੱਸ ਪਿੱਛੇ ਰਹਿ ਗਈ
ਤੇ ਏਥੇ ਜਨਮੀ
ਦੋ ਪੀੜ੍ਹੀਆਂ ਵਿਚਕਾਰਲਾ ਦੁਖਾਂਤ ਹਾਂ
ਜਿਸ ਨੂੰ ਤਿਲ ਤਿਲ ਕਰਕੇ ਭੋਗਣਾ
ਬੱਸ ਸਾਡੇ ਹੀ ਜ਼ਿੰਮੇ ਆਇਆ ਹੈ।

ਡਾਲਰਾਂ ਦੇ ਰੁੱਖ 'ਤੇ ਪੁੱਠੇ ਲਟਕੇ
ਅਸੀਂ ਉਹ ਚਮਗਿਦੜ ਹਾਂ
ਜਿਨ੍ਹਾਂ ਨੂੰ ਧਰਤ ਦੀ ਛੋਹ
ਕਦੇ ਵੀ ਨਸੀਬ ਨਹੀਂ ਹੋਣੀ।
ਜਾਂ ਫਿਰ ਢੇਰਾਂ ਦੇ 'ਤੇ ਉੱਗੀਆਂ
ਵੇਲਾਂ ਦੇ ਉਹ ਫਲ ਹਾਂ
ਜਿਨ੍ਹਾਂ ਨੂੰ ਹਾਂਡੀ ਵਿਚ ਰੁੱਜਣਾ
ਕਦੇ ਨਸੀਬ ਨਹੀਂ ਹੁੰਦਾ।
ਜੋ ਹਰ ਬਰਸਾਤ ਵਿਚ
ਆਪੇ ਉੱਗਦੀਆਂ, ਫਲਦੀਆਂ
ਤੇ ਸੁੱਕ ਜਾਂਦੀਆਂ ਹਨ।

ਅਸਾਡਾ ਸਵੈਮਾਣ ਤਾਂ
ਉਸੇ ਪਲ ਹੀ ਟੋ ਗੁਹਿਣਿਆਂ ਜ਼ਾਂਦਾ
ਜਦ ਦਸੌਂਧ ਦੀ ਭਾਲ ਵਿਚ
ਹਵਾਈ ਅੱਡੇ ਦੇ ਕਸਟਮ ਅਧਿਕਾਰੀ
ਕੁੱਕੜਾਂ ਦੇ ਗੰਦਗੀ ਨੂੰ ਫਰੋਲਣ ਵਾਂਗ
ਅਸਾਡੇ ਅਸਬਾਬ ਨੂੰ ਪੱਤ ਪੱਤ ਕਰਕੇ
ਫਰਸ਼ ਤੇ ਬਖੇਰ ਦਿੰਦੇ ਹਨ।

ਅਸਾਡੀ ਵਤਨ ਫੇਰੀ ਤੇ
ਓਪਰੀ ਚਮਕ ਨੂੰ ਤੱਕ ਕੇ
ਤੁਸੀਂ ਅਚੰਭਿਤ ਮਤ ਹੋਣਾ
ਕਿਉਂਕਿ ਇਸ ਥੱਲੇ ਜੰਮੀ
ਮੁੜ੍ਹਕੇ ਦੀ ਤਹਿ ਦੀ ਕਹਾਣੀ
ਬਹੁਤ ਹੀ ਦਰਦਨਾਕ ਹੈ
ਜਿਸਦੇ ਪਾਤਰ -
ਘੰਟਿਆਂ ਬੱਧੀ
'ਬੇਬੀ ਸਿਟਰਜ਼' ਕੋਲ ਰੁਲਦੇ ਸਾਡੇ ਬੱਚੇ
ਤੇ ਤੜਪਦੀ ਹੋਈ ਮਮਤਾ ਨੂੰ
ਸੀਨਿਆਂ 'ਚ ਲੈ ਕੇ
ਬਰਾਬਰ ਕੰਮ ਕਰਦੀਆਂ ਸਾਡੀਆਂ ਬੀਵੀਆਂ ਹਨ।

ਉਹ ਕੋਈ ਹੋਰ ਹਨ
ਜੋ 'ਪ੍ਰਚਾਰਕ ਜਥਿਆਂ' ਬਿਜ਼ਨਿਸ ਟਰਿੱਪਾਂ
ਤੇ ਫਿਲਮੀ ਅਦਾਕਾਰਾਂ ਵਾਂਗ ਆ ਕੇ
ਕੁਝ ਹੀ ਦਿਨਾਂ 'ਚ ਮਾਲਾਮਾਲ ਹੋ
ਵਾਪਸ ਪਰਤ ਜਾਂਦੇ ਹਨ।

ਪਸ਼ੂ ਪੰਛੀ ਵੀ ਜਿਸ ਘੜੀ
ਨੀਂਦ ਵਿਚ ਲੁਪਤ ਹੁੰਦੇ ਹਨ
ਉਸ ਵਕਤ ਅਸੀਂ ਜਾਗਦੇ ਹਾਂ
ਜਾਂ ਹਨੇਰੇ ਦੀ ਹਿੱਕ ਚੀਰਦੀਆਂ
ਸ਼ਹਿਰ ਅਤੇ ਸੜਕਾਂ ਦਿਆਂ ਕੰਢਿਆਂ ਤੇ
ਜਗਦੀਆਂ ਬੇਸ਼ੁਮਾਰ ਬੱਤੀਆਂ ਜਾਗਦੀਆਂ ਹਨ।

ਅਸੀਂ ਤਾਂ ਉਹ ਬਦਨਸੀਬ ਹਾਂ
ਜਿਨ੍ਹਾਂ 'ਚੋਂ ਬਹੁਤਿਆਂ ਨੂੰ
ਮਾਵਾਂ ਦੀਆਂ ਅਰਥੀਆਂ ਨੂੰ ਮੋਢਾ ਦੇਣਾ
ਵੀ ਨਸੀਬ ਨਹੀਂ ਹੁੰਦਾ।

ਮੇਰੇ ਵਤਨ ਦੇ ਲੋਕੋ!
ਅਸੀਂ ਕੁਝ ਵੀ ਨਹੀਂ।

---

ਸ਼ਸ਼ੀ ਸਮੁੰਦਰਾ

## ਪਹਾੜ

ਤੂੰ ਮੇਰੀ ਲੋੜ ਹੈਂ, ਮਜਬੂਰੀ ਹੈਂ
ਸ਼ਾਇਦ ਡਰ ਹੈ ਮੈਨੂੰ ਕਿ ਤੇਰੇ ਬਿਨ
ਮੈਂ ਫੁੱਲਾਂ ਨੂੰ ਕੋਈ ਨਾਂਅ ਦੇਣੋ ਅਸਮਰੱਥ ਰਹਾਂਗੀ
ਸ਼ਾਇਦ ਡਰ ਹੈ ਮੈਨੂੰ ਕਿ ਤੇਰੇ ਬਿਨ
ਇਹ ਬਹਾਰ ਵੀ ਬੇਅਰਥ ਹੋਏਗੀ
ਸ਼ਾਇਦ ਡਰ ਹੈ ਮੈਨੂੰ ਕਿ ਤੇਰੇ ਬਿਨ
ਮੇਰੀ ਕੁਆਰੀ ਰੂਹ ਬਿਨ ਸੁਹਾਗ ਰਹੇਗੀ
ਪਤਾ ਨਹੀਂ ਅਚੇਤ ਮਨ ਕੀ ਕੀ ਦਲੀਲਾਂ ਕਰਦਾ ਹੈ
ਤੇ ਤੈਨੂੰ ਸੱਦਦਾ ਹੈ
ਪਰ ਸਚੇਤ ਮਨੋਂ ਮੈਂ ਕਹਿੰਦੀ ਹਾਂ
ਮੈਨੂੰ ਤੇਰੀ ਲੋੜ ਨਹੀਂ
ਤੇਰੀ ਕੋਈ ਉਡੀਕ ਨਹੀਂ
ਇਹ ਸ੍ਵੈ-ਵਿਰੋਧੀ ਆਪਾ
ਕੋਈ ਫੈਸਲਾ ਕਰਨੋ ਅਸਮਰੱਥ ਹੈ
ਤੂੰ ਮੇਰੀਆਂ ਦੁਚਿੱਤੀਆਂ ਦਾ ਪਹਾੜ
ਮੈਂ ਤੈਨੂੰ ਸਰ ਕਰਾਂ ਤਾਂ ਕਿਵੇਂ ਕਰਾਂ ?
---------

## ਦੁਸ਼ਮਣ

ਦੁਸ਼ਮਣ ਇਹ ਰਿਸ਼ਤਿਆਂ ਦਾ ਹੱਸਦ
ਕਿ ਟਹਿਕਦੇ ਫੁੱਲ ਮੁਰਝਾ ਗਏ
ਦੁਸ਼ਮਣ ਇਹ ਰਵਾਇਤਾਂ
ਜਿਨ੍ਹਾਂ ਤੈਨੂੰ ਤੇ ਮੈਨੂੰ ਵੱਖ ਵੱਖ ਕਿੱਲੇ ਬੰਨ ਰੱਖਿਐ
ਦੁਸ਼ਮਣ ਇਹ ਜ਼ੁਬਾਨ
ਜੋ ਮੂੰਹ-ਚੋਰ ਹੋ ਕੇ ਕੁੱਝ ਨਹੀਂ ਕਹਿੰਦੀ
ਦੁਸ਼ਮਣ ਇਹ ਸੋਚ
ਜੋ ਬਾਹਰੋਂ ਬਾਹਰੋਂ ਸਮਝੌਤਾ ਕਰਦੀ ਅੰਦਰੋਂ ਰੋਂਦੀ ਹੈ
ਦੁਸ਼ਮਣ ਤੂੰ ਤੇ ਦੁਸ਼ਮਣ ਮੈਂ
ਜੋ ਨਾ ਗੱਲ ਕਰਦੇ ਹਾਂ ਨਾ ਮੁਕਾਉਂਦੇ ਹਾਂ
ਪਰ ਸੱਭ ਤੋਂ ਵੱਡਾ ਦੁਸ਼ਮਣ ਵਕਤ ਹੈ
ਜਿਸ ਤੈਨੂੰ ਮੇਰੇ ਤੋਂ ਤੇ ਮੈਨੂੰ ਤੇਰੇ ਤੋਂ
ਖੋਹ ਕੇ ਲੈ ਜਾਣੈ।

## ਬਨਵਾਸ

ਅਮਰਜੀਤ ਕੌਂਕੇ

ਰਾਮ ਜਿਵੇਂ ਬਨਵਾਸ ਤੋਂ ਪਰਤਿਆਂ ਸੀ -
ਮੈਂ ਵੀ ਪਰਤ ਕੇ ਅਵਾਂਗਾ - ਇੱਕ ਨਾ ਇੱਕ ਦਿਨ...
ਮੈਂ ਜਦੋਂ ਬਨਵਾਸ ਨੂੰ ਤੁਰਿਆ
ਤਾਂ ਨਾ ਤਾਂ ਮਾਂ ਨੇ ਵੈਣ ਪਾਏ
ਤੇ ਨਾ ਹੀ ਬਜ਼ੁਰਗ ਬਾਪ ਗਸ਼ ਖਾ ਕੇ ਡਿੱਗਿਆ
ਏਦੂੰ ਵੱਧ ਪਰ ਬਹੁਤ ਕੁਝ ਹੋਇਆ
ਮਸਲਨ
ਮਾਂ ਮੇਰੇ ਮਗਰੋਂ ਗੁਆਂਢਣਾਂ ਕੋਲ ਜਾ ਕੇ ਰੋਂਦੀ ਰਹਿੰਦੀ
ਤੇ ਬੱਸ ਚੜ੍ਹਾਉਣ ਆਇਆ ਬਜ਼ੁਰਗ ਬਾਪ
ਦਾੜ੍ਹੀ 'ਚ ਸਿੰਮ ਆਏ ਅੱਥਰੂ ਪੂੰਝਦਾ
ਭਰਤ ਅਜੇ ਨਿਆਣਾ ਸੀ
ਨਾ ਸੀਤਾ ਸੀ ਨਾ ਲਛਮਣ
ਇਸ ਲਈ ਮੈਂ ਇਕੱਲਾ ਹੀ - ਬੈਗ ਮੋਢੇ ਤੇ ਧਰ ਕੇ ਤੁਰ ਪਿਆ
ਤੇ ਜੰਗਲ ਵਰਗੇ ਸ਼ਹਿਰ ਵਿੱਚ
ਮੈਂ ਕਦੇ ਭੀਲਣੀ ਤਲਾਸ਼ਦਾ ਰਿਹਾ
ਕਦੇ ਸਰੂਪਨਖਾ ਉਡੀਕਦਾ ਰਿਹਾ
ਤੇ ਮੈਂ ਆਪਣਾ ਹਰ ਦਿਨ ਉਸ ਸ਼ਹਿਰ ਦੀ ਉਡੀਕ 'ਚ ਕੱਟਿਆ
ਜਿੱਥੇ ਦਸਰਥ ਬਾਪ
ਉਡੀਕਦਾ ਰਹਿੰਦਾ ਸੀ ਮਨੀਆਰਡਰ --
ਰਾਮ ਜਿਵੇਂ ਪਰਤਿਆ ਸੀ ਮਾਂ।
ਮੈਂ ਵੀ ਉਵੇਂ ਹੀ ਪਰਤ ਕੇ ਆਵਾਂਗਾ -
ਇਸ ਕਾਲੇ ਮੌਸਮ ਦੀ ਧੂੰਣੀ ਵਿਚ - ਤੀਰ ਮਾਰ ਕੇ
ਮੇਰੇ ਪਰਤਣ ਤੇ ਮੇਰੀ ਅਯੋਧਿਆ ਵਿਚ
ਦੀਵੇ ਨਹੀਂ ਜਗਣੇ -
ਨਾ ਘਰ ਘਰ ਵੰਡੀ ਜਾਣੀ ਹੈ ਮਠਿਆਈ
ਮੈਂ ਤਾਂ ਉਵੇਂ ਹੀ ਆ ਵੜਾਂਗਾ - ਧੋਲੇ ਜਿਹੇ
ਧੁੱਧ ਤੇ ਟਿਕੇ ਕੰਵਲ ਦੇ ਫੁੱਲ ਵਾਂਗ -
ਪਰ ਗੁਆਚੀ ਉਮਰ ਦੀ ਸੀਤਾ - ਮੈਥੋਂ ਮੁੜਵਾ ਨਹੀਂ ਹੋਣੀ -
ਸ਼ਹਿਰ ਦੀਆਂ ਸੜਕਾਂ ਦੀ ਭੀੜ -
ਨਾ ਮੇਰੇ ਜਾਣ ਨਾਲ ਘਟੀ ਸੀ ਨਾ ਮੇਰੇ ਆਉਣ ਨਾਲ ਵਧੇਗੀ
ਗੁਮਨਾਮ ਜਿਹਾ ਜਿਵੇਂ ਗਿਆ ਸਾਂ
ਦਾੜ੍ਹੀ ਵਿਚ ਚੁਗਲੀਆਂ ਕਰਦੇ ਧੌਲੇ ਲੈ ਕੇ
ਉਵੇਂ ਹੀ ਮੁੜ ਆਵਾਂਗਾ -
ਪਰ ਮਹਾਂ ਕਾਵਿ ਤੇ ਕਵਿਤਾ ਵਿਚ
ਏਨਾ ਫਰਕ ਕਿਵੇਂ ਹੋ ਜਾਂਦਾ ਹੈ
ਏਹ ਮੈਨੂੰ ਪਤਾ ਨਹੀਂ ਲੱਗਦਾ

* * * *

## ਦੋ ਗੀਤ

# ਪ੍ਰੇਮ ਕੁਮਾਰ

## ਇਕ

ਕਦੀ ਗੋਲੀਆਂ ਨਾ ਜੰਗ ਦੀਆਂ ਮੱਤਾਂ ਦਿੱਤੀਆਂ
ਸਾਂਭ ਰੱਖੀਆਂ ਕਿਤਾਬਾਂ ਵਿਚ ਫੁੱਲਪੱਤੀਆਂ।

ਸਾਂਭੇ ਖ਼ੱਤ, ਸਿਰਨਾਵੇਂ, ਤਸਵੀਰਾਂ ਸਾਂਭੀਆਂ
ਨਾਂ ਉਮੀਦਾਂ ਟੁੱਟੀਆਂ, ਨਾ ਉਡੀਕਾਂ ਮੁੱਕੀਆਂ
ਸਾਨੂੰ ਫਤਵਾ ਕਿ ਅਸੀਂ ਬੁੱਤ ਪੂਜਦੇ ਰਹੇ
ਅਸਾਂ ਆਪਣੀਆਂ ਸਲੀਬਾਂ ਆਪ ਚੁੱਕੀਆਂ
ਰਹੇ ਝਾਕਦੇ ਚੁਬਾਰਿਆਂ ਤੇ ਰੂਪਮੱਤੀਆਂ
ਸਾਂਭ ਰੱਖੀਆਂ ਕਿਤਾਬਾਂ ਵਿਚ ਫੁੱਲਪੱਤੀਆਂ।

ਰਹੇ ਕਲਮਾਂ ਦੇ ਨਾਲ ਹੀ ਪਹਾੜ ਪੁੱਟਦੇ
ਕੋਰੇ ਕਾਗਜ਼ਾਂ ਤੇ ਡਾਚੀਆਂ ਦੀ ਪੈੜ ਲੱਭਦੇ
ਲਾਈ ਟਿੱਲਿਆਂ ਤੇ ਧੂਣੀ, ਮਹੁਰਾ ਚੱਟਿਆ
ਲੰਘੇ ਲਹੂ ਦੀ ਨਦੀ, ਦਰਿਆ ਅੱਗ ਦੇ
ਪੈਰੀਂ ਬੇੜੀਆਂ ਪਈਆਂ ਹੱਥੀਂ ਤੰਦਾਂ ਕੱਤੀਆਂ
ਸਾਂਭ ਰੱਖੀਆਂ ਕਿਤਾਬਾਂ ਵਿਚ ਫੁੱਲਪੱਤੀਆਂ।

ਉਹ ਪੈਰਾਂ ਦਿਆਂ ਬੰਧਨਾਂ ਨੂੰ ਕੀ ਜਾਣਦੇ
ਜਿਹੜੇ ਸੋਚ ਦੇ ਪੰਖੇਰੂਆਂ ਦੇ ਪਰ ਗਿਣਦੇ
ਉਹ ਕਿਨਾਰਿਆਂ ਨੂੰ ਹੱਥ ਲਾ ਕਿਵੇਂ ਮੁੜਦੇ
ਜੋ ਸਮੁੰਦਰਾਂ ਨੂੰ ਚੁੱਲੀਆਂ 'ਚ ਰਹੇ ਮਿਣਦੇ
ਰਹੇ ਭਾਲਦੇ ਜੋ ਤਿਤਲੀਆਂ ਰੰਗਰੱਤੀਆਂ
ਉਨ੍ਹਾਂ ਸਾਂਭੀਆਂ ਕਿਤਾਬਾਂ ਵਿਚ ਫੁੱਲਪੱਤੀਆਂ।

ਕੈਸੀ ਹਵਾ ਵਗੀ, ਬੇਲੇ ਬੀਆਬਾਨ ਹੋ ਗਏ
ਕਿਸ ਬਿਜਲੀ ਨੇ ਪਾਣੀਆਂ ਨੂੰ ਚੀਰ ਸੁੱਟਿਆ
ਬੋਟ ਆਲ੍ਹਣੇ ਨੂੰ ਤੀਲਾ ਤੀਲਾ ਕਰ ਉੱਡ ਗਏ
ਕੱਚੇ ਨਹੁੰਆਂ ਨਾਲੋਂ ਕਿਉਂ ਮਾਸ ਟੁੱਟਿਆ?
ਕਿਵੇਂ ਛਲ ਗਈਆਂ ਰੁੱਤਾਂ ਟੂਣੇ ਹੱਥੀਆਂ
ਕਾਹਨੂੰ ਸਾਂਭੀਆਂ ਕਿਤਾਬਾਂ ਵਿਚ ਫੁੱਲਪੱਤੀਆਂ।

## ਦੋ

ਫੇਰ ਸੁੱਤੇ ਪਾਣੀਆਂ 'ਚ ਉੱਠੀਆਂ ਨੇ ਛੱਲਾਂ
ਆ ਦਿਲਾ, ਬੈਠ ਕਰੀਏ ਦੋ ਚਾਰ ਗੱਲਾਂ।

ਤੋਰੀਏ ਕਹਾਣੀ ਉਹ ਜੋ ਟੁੱਟੀ ਅੱਧਵਾਟੇ
ਛੇੜੀਏ ਜਾਂ ਆਪਬੀਤੇ, ਜੱਗਬੀਤੇ ਕਿੱਸੇ
ਜੋੜੀਏ ਨਾਂ ਹੋਰ ਨਵੇਂ ਜ਼ਖਮਾਂ ਦੇ ਰਿਸ਼ਤੇ
ਪਹਿਲਾਂ ਹੰਢਾਈਏ ਗ਼ਮ ਜੋ ਆਏ ਸਾਡੇ ਹਿੱਸੇ
ਮੰਗੀਏ ਨਾਂ ਕਿਸੇ ਕੋਲੋਂ ਇੱਕ ਵੀ ਹੁੰਗਾਰਾ
ਆ ਦਿਲਾ, ਦੇਈਏ ਇਕ ਦੂਜੇ ਨੂੰ ਸਹਾਰਾ।

ਮੰਨੀਏ ਕਿਵੇਂ ਕਿ ਜਦ ਵੀ ਤਾਰਾ ਕੋਈ ਟੁੱਟਿਆ
ਤਾਂ ਅੰਬਰ ਦਾ ਕਾਲਜਾ ਟੋਟੇ ਹੋਇਆ
ਬੇਸ਼ੱਕ ਸਾਡੀ ਅੱਖੋਂ ਇਕ ਅੱਥਰੂ ਨਾਂ ਕਿਰਿਆ
ਰੋਮ ਰੋਮ ਸਾਡਾ ਪਰ ਲਹੂ ਬਣ ਰੋਇਆ
ਜਾਣਦੇ ਹਾਂ ਜੰਗਲ 'ਚ ਕੋਈ ਰੁੱਖ ਮਰ ਜਾਵੇ
ਤਾਂ ਜੰਗਲ ਕਦੀ ਨਾਂ ਉਸਦਾ ਸੋਗ ਮਨਾਵੇ।

ਨਿਕਲੇ ਸਾਂ ਕਦੀ ਇਨ੍ਹਾਂ ਰਾਹਾਂ ਤੇ ਇਕੱਠੇ
ਕੋਈ ਪਿੱਛੇ ਰਹਿ ਗਿਆ, ਕੋਈ ਅੱਗੇ ਲੰਘਿਆ
ਡੀਕ ਗਿਆ ਕਿਸੇ ਨੂੰ ਰੇਤ ਦਾ ਸਮੁੰਦਰ
ਬਚਿਆ ਜੋ ਉਸਨੂੰ ਲਹਿਰਾਂ ਨੇ ਡੰਗਿਆ
ਕਿਸਦਾ ਹੈ ਦੋਸ਼ ਅਸੀਂ ਕਾਫਲੇ ਤੋਂ ਵਿੱਛੜੇ?
ਝੱਖੜਾਂ 'ਚ ਕੱਚੇ ਫਲ ਵੀ ਟਾਹਣੀਉਂ ਝੜੇ।

ਅਸੀਂ ਕਦੋਂ ਕੀਤੇ ਸੀ ਵਾਅਦੇ ਫਿਜ਼ਾਵਾਂ ਨਾਲ
ਕਿ ਮਹਿਕਾਂ ਖਿੰਡਾਵਾਂਗੇ ਦਿਨ ਰਾਤ ਸਾਹਾਂ ਨਾਲ
ਅਸੀਂ ਤਾਂ ਬੁਝਾਉਂਦੇ ਰਹੇ ਧੁਖਦੀਆਂ ਯਾਦਾਂ
ਕਿ ਭੜਕ ਜਾਣ ਕਿਧਰੇ ਨਾਂ ਤੇਜ ਹਵਾਵਾਂ ਨਾਲ
ਫੇਰ ਵੀ ਜਦੋਂ ਹਿੱਕ ਵਿਚ ਉਠਦੀਆਂ ਛੱਲਾਂ
ਆ ਦਿਲਾ, ਬੈਠ ਕਰੀਏ ਦੋ ਚਾਰ ਗੱਲਾਂ।

ਵਤਨ ਦਾ ਇਕ ਹੋਰ ਪਾਠਕ ਬਣਾਉ

# ਮਸ਼ੀਨਾਂ

## ਹਰਕੰਵਲਜੀਤ

..............
ਅਲਾਰਮ ਵੱਜਦਾ ਹੈ
ਹੱਥ ਉੱਠਦਾ ਹੈ
ਮਸ਼ੀਨ ਦਾ ਸਵਿੱਚ ਔਨ ਹੁੰਦਾ ਹੈ.....
ਤਿਆਰੀ ਹੈ
ਨਾਸ਼ਤਾ ਹੈ
ਰਸਤਾ ਹੈ
....
ਕੋਹਲੂ ਹੈ
ਜੂਲਾ ਹੈ
ਘੰਟੇ ਹਨ
........
ਹੱਡ ਭੰਨਵੀਂ ਥਕਾਵਟ ਹੈ।
...........ਪੈਂਡਾ ਹੈ
ਘਰ ਹੈ
ਰਾਤ ਦਾ ਖਾਣਾ ਹੈ
ਬਿਸਤਰ ਹੈ
ਅਲਾਰਮ ਦਾ ਸਵਿੱਚ ਔਨ ਹੁੰਦਾ ਹੈ
ਮਸ਼ੀਨ ਦਾ ਸਵਿੱਚ ਔਫ ਹੁੰਦਾ ਹੈ....
ਬਸ ਇਹ ਅੱਜ ਹੈ
ਇਹੀ ਭਲਕ ਹੈ
ਭਲਕ ਭਲਕ ਹੈ....
ਹਫਤਾ ਹੈ
ਮਹੀਨਾ ਹੈ
ਸਾਲ ਹੈ
ਕੈਲੰਡਰ ਹੈ....
ਮਸ਼ੀਨ ਹੈ
ਮਸ਼ੀਨ ਦੀ ਉਮਰ ਹੈ
ਮਸ਼ੀਨ ਦੀ ਘਸਾਈ ਹੈ....
ਮਸ਼ੀਨ ਹੰਢਦੀ ਹੈ
ਹੰਢੀ ਵਰਤੀ ਹੈ
ਕੰਡਮ ਹੈ
........
ਖਤਮ (ਸਮਾਪਤੀ) ਹੈ
........
ਬਸ
ਅਲਾਰਮ ਵੱਜਦਾ ਹੈ
ਹੱਥ ਉਠਦਾ ਹੈ...
.......

# ਪੰਜਾਬੀ ਮਾਰਕਿਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ

ਅਸੀਂ ਵਿਜ਼ਟਿਰ ਤੇ ਮੈਡੀਕਲ
ਇਨਸ਼ੋਰੈਂਸ ਕਰਦੇ ਹਾਂ।

**S. & S. INSURANCE**
**6658 MAIN ST.**
**VANCOUVER, B.C.(IN PUNJABI MARKET)**

ਫੋਨ: 324-5711



Daljit Singh Sidhu

**Autoplan**

ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇਨਸ਼ੋਰੈਂਸ ਦਾ ਦਫਤਰ ਕਾਰਾਂ, ਟਰੱਕਾਂ, ਵੈਨਾਂ ਤੇ
ਪਿਕਅੱਪਾਂ ਦੀ ਇਨਸ਼ੋਰੈਂਸ ਲਈ ਦਰਸ਼ਨ ਦਿਉ।

---

**BOOK NOW**

**FLY LATER** **SAVE MONEY**

***Special Fares To:***

**San Francisco Toronto London**

**Cheapest Fares To New Delhi, Bombay, Madras, Clacutta, Karachi, Colombo & Kathmandu**

**AUTHORIZED AGENTS FOR:**

**CATHAY PACIFIC** **AIR CANADA**
**JAPAN AIR LINES**
**Canadian** **Wardair Canada** **KLM**

# *GOYAL TRAVELS INC*

**4152 Fraser St., Vancouver**
**B.C., V5V 4E8**

**Toll free from B.C., Alberta, Saskatchewan & Manitoba: 1-800-663-8638**
**Ph. Vancouver: 877-7777**
**Calgary-(403) 235-6808 Toronot: (416) 593-6966**

---

**Sutton Group Medallion Realty**
**#1-9200-120th St.**
**Surrey,B.C. V3V 4B7**

**Sutton GROUP**

ਜਦੋਂ ਵੀ ਤੁਸੀਂ ਵੀ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ
ਤਾਂ ਆਪਣੀ ਕਮਿਊਨਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ
ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ।



# KULDIP GILL M.A. B. Ed.

**Member of fraser Valley Real Estate Board M.L.S. Medallion Club. Looking for a house, building lot or house with acres, in Surrey or Delta. Call me first for my honest & genuine opinion**

**Ph. 581-1211 Res. 590-8066**

---

# *MAKANJI JEWELLERS*

## Largest 22 Kt. Gold Jewellery Manufacturer & Retailers in North America

***Vancouver Store:***
**6644 Main St.**
**Vancouver, B.C.**
**V5X 3H3**
**Ph: (604) 324-7646**

***Toronto Store:***
**1448 Gerrard St. East**
**Toronto, Ontario**
**M4L !Z8**
**Ph: (416) 469-0505**

# ਪਰਦੇਸ ਦਾ ਚਾਅ

ਅਮਰਜੀਤ ਚੰਦਨ



ਬਲਵੰਤ ਸਿੰਘ ਚਾਨਾ

ਨੈਰੋਬੀ, ਕੀਨੀਆ 1935

ਭਾਰਤੀ ਲੋਕ ਪੂਰਬੀ ਅਫ਼ਰੀਕਾ ਨੂੰ ਸਦੀਆਂ ਤੋਂ ਜਾਂਦੇ ਰਹੇ ਹਨ। ਅਲਬਰੂਨੀ 1000 ਈਸਵੀ ਵਿਚ ਅਤੇ ਇਬਨੇ ਬਤੂਤਾ 13ਵੀਂ ਸਦੀ ਵਿਚ ਮੁੰਬਾਸੇ ਵਿਚ ਗੁਜਰਾਤੀ ਵਪਾਰੀਆਂ ਦੇ ਹੋਣ ਦਾ ਜ਼ਿਕਰ ਕਰਦਾ ਹੈ। ਸੰਨ 1498 ਵਿਚ ਜਦ ਵਾਸਕੋਡੀਗਾਮਾ ਉੱਥੇ ਗਿਆ, ਤਾਂ ਉਹਨੇ ਭਾਰਤੋਂ ਆਏ ਚਾਰ ਜਹਾਜ਼ ਦੇਖੇ ਸਨ।

ਬ੍ਰਿਟਿਸ਼ ਈਸਟ ਅਫ਼ਰੀਕਨ ਕੰਪਨੀ 1888 'ਚ ਕਾਇਮ ਹੋਈ ਸੀ ਅਤੇ ਪ੍ਰੋਟੈਕਟੋਰੇਟ ਦੀ ਹਕੂਮਤ ਬੰਬਈਓਂ ਚਲਦੀ ਹੋਣ ਕਰਕੇ ਵਣਜ ਵਪਾਰ ਤੇ ਇੰਤਜ਼ਾਮ ਵਾਸਤੇ ਗੁਜਰਾਤੀ ਬਾਣੀਆਂ, ਪਾਰਸੀ ਸ਼ਾਹਾਂ- ਵਕੀਲਾਂ ਦੇ ਨਾਲ ਪੰਜਾਬੀ ਮੁਸਲਮਾਨ ਤੇ ਸਿੱਖ ਪੁਲਸ 'ਚ ਭਾਰਤੀ ਹੋ ਕੇ ਜਾਣ ਲੱਗੇ। ਜਦ 1895 ਵਿਚ ਰੇਲ ਵਿਛਾਉਣ ਦਾ ਠੇਕਾ ਕਰਾਚੀ ਦੇ ਏ.ਐਮ.ਜੀਵਨਜੀ ਨੂੰ ਮਿਲਿਆ, ਤਾਂ ਇਹਨੇ ਕਾਰੀਗਰਾਂ ਦੀ ਸਾਰੀ ਭਰਤੀ ਪੰਜਾਬ ਵਿਚੋਂ ਕਰਨੀ ਸ਼ੁਰੂ ਕੀਤੀ। ਪਹਿਲੇ ਸਾਲ 350 ਬੰਦੇ ਗਏ ਤੇ ਛੇ ਸਾਲਾਂ ਵਿਚ ਗਿਣਤੀ 31,895 ਹੋ ਗਈ। ਰੇਲ ਵਿਛਣ ਮਗਰੋਂ 6 ਹਜ਼ਾਰ ਕਾਰੀਗਰ ਉੱਥੇ ਹੀ ਟਿਕ ਗਏ। ਸੰਨ 1911 ਵਿਚ ਉੱਥੇ 12 ਹਜ਼ਾਰ ਪੰਜਾਬੀ ਤੇ ਗੁਜਰਾਤੀ ਸਨ, ਜਦ ਕਿ ਯੂਰਪੀ ਸਿਰਫ਼ 3 ਹਜ਼ਾਰ। ਸੰਨ 1920 ਵਿਚ ਕੀਨੀਆ ਬਾਕਾਇਦਾ ਬਰਤਾਨਵੀ ਕਲੋਨੀ ਬਣ ਗਈ। ਸੰਨ 1962 ਵਿਚ ਕੀਨੀਆ 'ਚ ਵਸਦੇ ਏਸ਼ੀਅਨਾਂ ਦੀ ਕੁਲ ਗਿਣਤੀ 1 ਲੱਖ 77 ਹਜ਼ਾਰ ਸੀ, ਜੋ ਹੁਣ ਘਟ ਕੇ 60 ਹਜ਼ਾਰ ਰਹਿ ਗਈ ਹੈ।

ਪੂਰਬੀ ਅਫ਼ਰੀਕਾ ਵਿਚ ਅੱਧੀ ਸਦੀ ਦੌਰਾਨ ਪੰਜਾਬੀਆਂ ਨੇ ਸਭ ਤੋਂ ਵਧ ਨਾਮਣਾ ਹਾਕੀ ਦੀ ਖੇਡ ਤੇ ਕਾਰਾਂ ਦੀ ਦੌੜ(ਸਫ਼ਾਰੀ) 'ਚ ਖੱਟਿਆ ਅਤੇ ਮੱਖਣ ਸਿੰਘ (1913-1973) ਵਰਗੇ ਸਿਆਸੀ ਆਗੂ ਤੇ ਨਾਹਰ ਸਿੰਘ ਮਾਂਗਟ, ਚੰਨਣ ਸਿੰਘ ਤੇ ਮੋਤਾ ਸਿੰਘ ਵਰਗੇ ਕਾਨੂੰਨਦਾਨ ਪੈਦਾ ਕੀਤੇ। (ਮੋਤਾ ਸਿੰਘ ਹੁਣ ਇੰਗਲੈਂਡ ਦੇ ਹਾਈਕੋਰਟ ਦਾ ਜੱਜ ਹੈ) ਇਨ੍ਹਾਂ ਦੇ ਨਾਵਾਂ 'ਤੇ ਨੈਰੋਬੀ ਦੀਆਂ ਸੜਕਾਂ ਦੇ ਨਾਂ ਰਖੇ ਹੋਏ ਹਨ। ਦੂਜੀ ਜੰਗ ਤੋਂ ਪਹਿਲਾਂ ਕੀਨੀਆਂ ਗ਼ਦਰ ਲਹਿਰ ਦੇ ਦੂਜੇ ਦੌਰ ਦਾ ਵੱਡਾ ਕੇਂਦਰ ਵੀ ਰਿਹਾ। ਇਸ ਦੌਰਾਨ ਪੰਜਾਬੀ ਕਵੀ ਧਾਰਮਿਕ ਤੇ ਦੇਸ਼ਭਗਤੀ ਦੀ ਰਵਾਇਤੀ ਕਵਿਤਾ ਰਚਦੇ ਰਹੇ। ਪਰਵਾਸ ਦੇ ਏਨੇ ਵੱਡੇ ਤਜਰਬੇ ਨੂੰ ਕਿਸੇ ਨੇ ਨਾਵਲ ਜਾਂ ਕਹਾਣੀ 'ਚ ਤਾਂ ਕੀ ਬੰਨ੍ਹਣਾ ਸੀ, ਕਵਿਤਾ ਵਿਚ ਵੀ ਇਹ ਵਿਸ਼ਾ ਅਣਛੋਹਿਆ ਰਿਹਾ।

ਬਲਵੰਤ ਸਿੰਘ ਚਾਨਾ (ਜਨਮ 1907) ਦੀਆਂ ਕੀਤੀਆਂ ਗ਼ੈਰਜਜ਼ਬਾਤੀ ਗੱਲਾਂ ਤੋਂ ਸਾਡੇ ਮੁੱਢਲੇ ਆਵਾਸ ਦਾ ਕੁਝ ਅੰਦਾਜ਼ਾ ਹੋ ਸਕਦਾ ਹੈ। ਇਨ੍ਹਾਂ ਦਾ ਜੱਦੀ ਪਿੰਡ ਫਗਵਾੜੇ ਲਾਗੇ ਚਚਰਾੜੀ ਹੈ ਅਤੇ 1975 ਤੋਂ ਇੰਗਲੈਂਡ 'ਚ ਰਹਿ ਰਹੇ ਹਨ। ਇਨ੍ਹਾਂ ਦੇ ਵੱਡੇ ਪੁੱਤਰ ਦਿਲਬਾਗ਼ ਸਿੰਘ ਚਾਨੇ ਦਾ ਇੰਗਲੈਂਡ ਦੇ ਪੰਜਾਬੀ ਭਾਈਚਾਰੇ ਵਿਚ ਬੜਾ ਨਾਂ ਹੈ।

-ਅਮਰਜੀਤ ਚੰਦਨ

0 ਸਰਦਾਰ ਬਲਵੰਤ ਸਿੰਘ ਤੁਹਾਡੇ ਘਰਾਂ ਚੋਂ ਪਹਿਲਾਂ ਕੌਣ ਬਾਹਰ ਆਇਆ ਸੀ?

-ਬਾਪ ਸਾਡਾ ਕਾਫ਼ੀ ਸਫ਼ਰੀ ਆਦਮੀ ਸੀ, ਟੀਸ਼ਰ ਸਿੰਘ ਪ੍ਰਧਾਨ। ਦਿੱਲੀ ਪੁਰਾਣੇ ਰੇਲ ਸਟੇਸ਼ਨ ਦਾ ਠੇਕਾ ਡੁਮੇਲੀ ਦੇ ਹੇਮ ਸਿੰਘ ਕੋਲ ਸੀ। ਉਨ੍ਹਾਂ ਨਾਲ ਸਾਡਾ ਬਾਪ ਕੰਮ ਕਰਦਾ ਰਿਹਾ। ਉਹ ਅਫ਼ਰੀਕਾ ਦਿੱਲੀਓਂ ਫ਼ੌਜ 'ਚ ਬਸਰੇ ਨੂੰ ਗਏ ਕਾਰਪੈਂਟਰੀ ਦੇ ਕੰਮ 'ਤੇ। ਸਾਡੇ ਪਿੰਡੋਂ ਇਕ-ਦੋ ਹੋਰ ਗਏ ਸੀ ਸਰੀਕੇ ਚੋਂ ਚਾਚੇ ਦੋ। ਚਾਚਾ ਗਣੇਸ਼ਾ ਸਿੰਘ ਤੇ ਲਾਲ ਸਿੰਘ ਪਹਿਲੀ ਲਾਮ ਤੋਂ ਪਹਿਲਾਂ ਅਫ਼ਰੀਕਾ ਗਏ ਸੀ। ਜਦ 1918 'ਚ ਸੁਲਾਹ ਹੋਈ ਤਾਂ ਮੈਂ ਚਿਰਕੀਂ ਦੂਜੀ 'ਚ ਪੜ੍ਹਦਾ ਸੀ। ਸਰਕਾਰੀ ਚਿੱਠੀ ਆਉਂਦੀ ਸੀ। ਪੈਸੇ ਆਉਂਦੇ ਸੀ। ਮਨੀਆਡਰ ਪੀਲੇ ਰੰਗ ਦੇ। ਓਦੋਂ ਅਫ਼ਰੀਕਾ 'ਚ ਵੀ ਰੁਪਏ ਚਲਦੇ ਸੀ। ਚਾਚੇ ਜਦ ਆਏ ਤਾਂ ਟਰੰਕਾਂ 'ਚ ਰੁਪਏ ਤੇ ਭਾਨ ਸੀ। ਨੋਟ ਤਾਂ ਬੜੀ ਦੇਰ ਮਗਰੋਂ ਚਲਣ ਲੱਗੇ।

ਬਜ਼ੁਰਗਾਂ ਤੋਂ ਪਹਿਲਾਂ ਬੁੜ੍ਹੇ, ਸ਼ਿਮਲੇ ਜਾਂਦੇ ਹੁੰਦੇ ਸੀ, ਪਿੰਡਾਂ ਥਾਣੀਂ ਤੁਰ ਕੇ। ਨਾਲ ਹੀ ਬਿਸਤਰਾ ਹੋਣਾ, ਨਾਲ ਹੀ ਸੰਦ ਹੋਣੇ ਤੇ ਨਾਲ ਹੀ ਖਾਣ ਵਾਲਾ ਸਮਾਨ।

0 ਤੁਸੀਂ ਆਪਣਾ ਪਿੰਡ ਚਚਰਾਲੀ ਕਦ ਛਡਿਆ?

-ਪਹਿਲਾਂ ਮੈਂ ਦਿੱਲੀ ਨਾਗਪੁਰ ਵਲ ਕੰਮ ਕੀਤਾ। ਸੰਨ 24 'ਚ ਮੇਰਾ ਵਿਆਹ ਹੋਇਆ ਝਡੇਰਾਂ ਬਹਰਾਮ ਬੰਗਿਆਂ ਦੇ ਲਾਗੇ। ਮੈ ਸਤਾਰਾਂ ਕੁ ਦਾ ਸੀ। '27 'ਚ ਜਦ ਮੈਂ ਅਫ਼ਰੀਕਾ ਗਿਆ, ਓਦੋਂ ਹਾਲੇ ਦਾਹੜੀ ਉਤਰਦੀ ਹੀ ਸੀ। ਮੂੰਹ ਸਾਰਾ ਗੋਡੇ ਵਰਗਾ ਹੀ ਸੀ। ਮੇਰੀ ਘਰ ਵਾਲੀ ਦੇ ਭਰਾ ਵੀ ਪਹਿਲਾਂ ਗਏ ਹੋਏ ਸੀ। ਮੇਰੇ ਬਾਪੂ ਪਹਿਲਾਂ ਓਥੇ ਸੀਗੇ। ਹੋਰ ਬਹੁਤ ਸੀਗੇ।

0 ਉਦੋਂ ਪਾਸਪੋਰਟ ਹੁੰਦਾ ਸੀ?

- ਉਦੋਂ ਇੱਕੋ ਕਾਗਜ਼ ਹੁੰਦਾ ਸੀ ਵੱਡਾ ਸਾਰਾ। ਤਿੰਨ ਤਹਿਆਂ ਲਾ ਕੇ ਰਖਣਾ। ਦਸ ਬਾਰਾਂ ਰੁਪਏ ਖ਼ਰਚ ਹੁੰਦੇ ਸੀ। ਫ਼ੋਟੋ ਫ਼ਗਵਾੜਿਓਂ ਖਿਚਾਈ ਸੀ, ਬਾਂਸਾਂ ਵਾਲੇ ਬਾਜ਼ਾਰ 'ਚ ਧਰਮ ਸਿਹੁੰ ਜਾਂ ਕਰਮ ਸਿਹੁੰ ਫ਼ੋਟੋਗਰਾਫ਼ਰ ਹੁੰਦਾ ਸੀ। ਤੁਹਾਡੇ ਪਿਤਾ ਵਰਗਾ ਹੀ ਗੁਰਮੁਖ ਸੀ। ਫ਼ੋਟੋਆਂ ਦਾ ਰੁਪਿਆ ਸਵਾ ਰੁਪਿਆ ਲੱਗਾ ਸੀ।

0 ਹੋਰ ਕੀ ਤਿਆਰੀ ਕਰਦੇ ਸੀ?

-ਸੰਦ ਘਰੋਂ ਬਣਾ ਕੇ ਲਜਾਂਦੇ ਸੀ। ਅਗਲੇ ਨੂੰ ਪਤਾ ਲਗ ਜਾਣਾ ਕਿ ਇਹ ਹੁਣ ਸਫ਼ਰ ਦੀ ਤਿਆਰੀ ਕਰ ਰਿਹੈ। ਲੱਕੜ ਦੇ ਰੰਦੇ ਬਣਾਉਣੇ, ਬੜਾ ਤੇ ਛੋਟਾ। ਇਕ ਬਗਲ-ਨੋਕੀ ਰੰਦਾ ਵੀ ਬਣਾਉਣਾ, ਪਤਾਮ ਤੇ ਝਰੀ ਪਾਉਣ ਵਾਲਾ ਰੰਦਾ। ਬਰਮੀਆਂ ਕਮਾਨਚੇ ਵਾਲੀਆਂ, ਚੌਰਸੀਆਂ, ਸੱਬੀਆਂ ਬਣਾ ਕੇ ਦਸਤੇ ਪਾ ਲੈਣੇ। ਗੁਣੀਏਂ। ਆਰੀਆਂ। ਉਨ੍ਹਾਂ ਨੂੰ ਹੱਥੀਆਂ ਲਾਉਣੀਆਂ। ਇੰਡੀਆ 'ਚ ਵੀ ਜਦ ਸਫ਼ਰ ਕਰਦੇ ਸੀ ਤਾਂ ਸੰਦ ਬਣਾ ਕੇ ਜਾਂਦੇ ਸੀ, ਕਿਉਂਕਿ ਕਈ ਅਫ਼ਸਰ ਟੂਲ ਪਹਿਲਾਂ ਦੇਖਦੇ ਆ। ਮਿਲਟਰੀ ਖ਼ਾਸ ਕਰ, ਸਰਕਾਰੀ ਕੰਮ ਵਾਲੇ ਖ਼ਾਸ ਕਰ। ਠੇਕੇਦਾਰ ਦੇ ਵੀ। ਸਾਡੇ ਰਿਵਾਜ ਸੀ - ਜਿਹੜਾ ਸੰਦ ਨਹੀਂ ਬਣਾ ਸਕਦਾ, ਉਹ ਕੰਮ ਨਹੀਂ ਕਰ ਸਕਦਾ।

ਕਪੜੇ ਲੀੜੇ ਬਿਆਹ-ਬਰੀ ਮੰਗਰ ਬਣਾਉਣੇ - ਅੱਠ ਕਮੀਜ਼ਾਂ, ਪਜਾਮੇ, ਸਲਵਾਰਾਂ, ਕਛਹਰੇ, ਬਿਸਤਰਾ, ਸਰ੍ਹਾਣੇ, ਚੱਦਰਾਂ ਦੋ, ਰਜਾਈ। ਫ਼ਗਵਾੜੇ ਦੇ ਦਰਜ਼ੀ ਮੁਣਸ਼ੀ ਰਾਮ ਤੁਲਸਾ ਸਿੰਘ ਕੋਲੋਂ ਸਰਾਫ਼ਾਂ ਵਾਲੇ ਬਜ਼ਾਰੋਂ ਸਮਾਉਂਦੇ ਹੁੰਦੇ ਸੀ। ਪਗੜੀਆਂ ਐ ਫ਼-74 ਦੀਆਂ ਮਲਮਲ ਦੀਆਂ ਰੰਗਾਉਣੀਆਂ; ਲਹਿਰੀਏ ਵਾਲੀਆਂ ਤਾਂ ਮਗਰੋਂ ਚੱਲੀਆਂ।

0 ਤੁਰਨ ਵੇਲੇ ਰਸਮ ਕੀ ਕਰਦੇ ਹੁੰਦੇ ਸੀ?

-ਸਵੇਰੇ ਜਾਂ ਅੱਗੇ ਪਿੱਛੇ ਜਾ ਕੇ ਗੁਰਦੁਆਰੇ ਪਰਸ਼ਾਦ ਕਰਵਾ ਦੇਣਾ। ਜਿਹਦੀ ਮਰਜੀ ਓਦਾਂ ਮੱਥਾ ਟੇਕ ਆਵੇ। ਤੜਕੇ ਜਰੂਰ ਤੁਰਦੇ ਸੀ। ਮੂੰਹ ਮਾੜੇ-ਚੰਗੇ ਆਦਮੀ ਦਾ.....ਬਾਅਲਿਆਂ ਦਾ ਚਿਹਰਾ ਐਸਾ ਨਹਿਸ਼ ਹੁੰਦੈ ਕਿ ਪਾਣੀ ਦਾ ਘੁੱਟ ਨਸੀਬ ਨਹੀਂ ਹੁੰਦਾ। ਘਰੋਂ ਸਿਆਣੇ ਨੇ ਅਰਦਾਸ ਕਰਨੀ। ਆਪ ਪੈਦਲ ਚਲੇ ਜਾਣਾ ਤੇ ਟਾਂਗੇ ਵਾਲਾ ਮਗਰੋਂ ਸਮਾਨ ਲਿਆਵੇ ਫਲੌਰ ਸਟੇਸ਼ਨ ਦਸ ਮੀਲ ਦੂਰ। ਪਸ਼ੌਰੋਂ ਗੱਡੀ ਆਉਂਦੀ ਹੁੰਦੀ ਸੀ ਬੰਬੇ ਐਕਸਪ੍ਰੈਸ। ਜਹਾਜ਼ ਤੁਰਨ ਵੇਲੇ ਆਪਣੇ ਲੋਕ ਘਟ ਵਹਿਮ ਕਰਦੇ ਸੀ ਖਾਸਕਰ ਸਿੱਖ। ਬੰਬਈ ਕੱਛੀ-ਗੁਜਰਾਤੀ ਲਲੇਰ, ਫੁੱਲਾਂ ਦਾ ਗੁਲਦਸਤਾ, ਚੌਲ, ਨਿਕਸੁੱਕ ਜਹਾਜ਼ ਚੱਲਣ 'ਤੇ ਸਮੁੰਦਰ 'ਚ ਸਿੱਟਦੇ ਹੁੰਦੇ ਸੀ।

ਲੜਕੀਆਂ ਨੂੰ ਓਦਾਂ ਤਾਂ ਅਸੀਂ ਨਫ਼ਰਤ ਕਰਦੇ ਆਂ। ਪਰ ਜਦੋਂ ਘਰੋਂ ਚਲਣਾ ਤਾਂ ਆਖਣਾ ਕਿ ਲੜਕੀ ਅੱਗੇ ਹੋ ਕੇ ਕੁੰਡ ਕਰੇ...ਅਖੇ ਜਿਦਣ ਦੀ ਇਹ ਆਈ ਆ, ਸਾਡੇ ਘਰ ਨੌਂ ਸਿਧਾਂ ਬਾਰਾਂ ਸਿਧਾਂ ਹੋਈਆਂ......

ਓਦੋਂ ਭਾਵੇਂ ਅਸੀਂ ਬੱਚੇ ਸੀ; ਤਾਈਆਂ ਚਾਚੀਆਂ ਨੇ ਜਦ ਸਾਡਿਆਂ ਨੇ ਜਾਣਾ ਤਾਂ ਕਹਿਣਾ: ਅੱਜ ਸਾਡੇ ਆਦਮੀ ਜਹਾਜ਼ੀਂ ਬੈਠ ਗਏ ਆ। ਦਿਨ ਗਿਣਦੀਆਂ ਹੁੰਦੀਆਂ ਸੀ। ਉਨ੍ਹਾਂ ਨੂੰ ਦੱਸਿਆ ਹੁੰਦਾ ਸੀ ਕਿ ਐਨੇ ਦਿਨ ਅਸੀਂ ਬੰਬੇ ਰਹਿਣਾ, ਐਸ ਦਿਨ ਜਹਾਜ ਬਹਿਣਾ ਤੇ ਐਸ ਦਿਨ ਧੁਰ ਲੱਗਣਾ। ਜਿੱਦਣ ਜਹਾਜ ਚਲਣਾ, ਬੁੜ੍ਹੀਆਂ ਨੇ ਦਲੀਆ ਵੰਡਣਾ। ਦਲੀਆ ਖੁਆਜੇ ਦਾ।

0 ਜਦ ਤੁਸੀਂ 1927 'ਚ ਪਹਿਲੀ ਵਾਰ ਅਫ਼ਰੀਕਾ ਗਏ, ਤਾਂ ਤੁਹਾਡੇ ਵਿਆਹ ਨੂੰ ਤਿੰਨ ਸਾਲ ਹੋਏ ਸੀ; ਇਹ ਖ਼ਿਆਲ ਨਾ ਆਇਆ ਕਿ ਘਰੋਂ ਪਿੱਛੇ ਇਕੱਲੀ ਕਿਦਾਂ ਰਹੂ?

-ਬਾਹਰ ਜਾਣ ਦਾ ਚਾਅ ਤਾਂ ਮੁਕਲਾਵੇ ਜਿੰਨਾ ਸੀ, ਜਿੱਦਾਂ ਮੁੰਡਾ ਸਹੁਰੀਂ ਜਾਂਦਾ। ਉਨ੍ਹਾਂ ਵਕਤਾਂ ਵਿਚ ਸਰਦਾਰ ਸਾਹਬ ਜੀ, ਇਹ ਚੀਜ਼ਾਂ ਬਹੁਤ ਘਟ ਸੀ। ਆਪ ਤੁਸੀਂ ਕਿੰਨੇ ਵੀ ਕਲੈਵਰ ਆਂ, ਏਦਾਂ ਜਜਮੈਂਟ ਕਰਨੀ ਔਖੀ ਸੀ। ਇਹ ਨਹੀਂ ਪਈ ਦਿਲ 'ਚ

ਨਹੀਂ ਹੁੰਦਾ। ਅੱਜ ਵਾਲਾ ਤੜਫਾਅ ਓਦੋਂ ਨਹੀਂ ਸੀ। ਦਿਖਾਵੇ ਵਾਲਾ ਪਿਆਰ ਨਹੀਂ ਸੀ। ਨਾਲ ਵੀ ਸੌਣਾ ਤੇ ਚਿਤੜ ਵੀ ਲੁਕੋਣੇ, ਇਹ ਤਾਂ ਨਹੀਂ ਹੋ ਸਕਦਾ।

0 ਬੰਬਈ ਪਹੁੰਚ ਕੇ ਕੀ ਕਰਦੇ ਸੀ?

-ਰਾਮਸਰਨ ਦਾਸ ਜਾਂ ਲਾਲ ਦੇਈ ਟਰੈਵਲ ਏਜੰਟ ਦੀ ਚਿੱਠੀ ਆ ਜਾਂਦੀ ਸੀ ਕਿ ਫਲਾਨੇ ਟੈਮ ਆ ਜਾਓ। ਆਉਣ-ਜਾਣ ਨਾਲ ਪਤਾ ਲਗਦਾ ਸੀ ਕਿ ਅੱਸੂ ਕੱਤੇ ਨੂੰ ਜਹਾਜ ਨਹੀਂ ਡੋਲਦਾ। ਅੱਸੂ ਕੱਤੇ 'ਚ ਪਾਣੀ ਠੰਢੇ ਹੁੰਦੇ ਸੀ। ਵਿਸਾਖ ਤੋਂ ਬਾਅਦ ਪਾਣੀ ਗਰਮ ਹੋ ਜਾਣਾ ਤੇ ਜਹਾਜ ਬਹੁਤ ਡੋਲਦਾ ਸੀ।

ਬਾਂਦਰੇ ਸਟੇਸ਼ਨ 'ਤੇ ਏਜੰਟ ਆ ਜਾਂਦੇ ਸੀ; ਆ ਕੇ ਲੈ ਜਾਂਦੇ ਸੀ। ਸਮਾਨ ਕੁਲੀ ਦਾ ਇੰਤਜ਼ਾਮ ਉਹਨੀਂ ਕਰ ਦੇਣਾ। ਜਹਾਜ ਦੇ ਇਕ ਪਾਸੇ ਦੇ 60 ਰੁਪਏ ਲਗਦੇ ਸੀ। ਨਾਲ 150 ਰੁਪਏ ਵਾਧੂ ਹੁੰਦੇ ਸੀ। ਬੰਬਈਓਂ ਚਾਕੂ, ਬਟੂਆ, ਚਾਬੀਆਂ ਦੇ ਛੱਲੇ, ਟੂਥਪੇਸਟ, ਚਿੱਠੀਆਂ ਦੇ ਲਫ਼ਾਫ਼ੇ ਖਰੀਦਣੇ।

ਡਾਕਟਰੀ ਕਸਟਮ ਵਾਲੇ ਹਾਲ 'ਚ ਹੀ ਕਰਦੇ ਸੀ। ਕਹਿਣਾ- ਕਪੜੇ ਲਾਹ ਦਿਓ। ਸਿਰਫ਼ ਕਛਹਿਰਾ ਰਖਣਾ। ਦਿਲ ਅੱਖਾਂ ਦੀ ਲਾਈਟ ਦੇਖਣੀ। ਹੱਥ 'ਤੇ ਮੋਹਰ ਲਾ ਦੇਣੀ। ਕੁੱਕਰੇ ਤੇ ਤਪਦਿਕ ਦਾ ਜਿਆਦਾ ਦੇਖਦੇ ਸੀ।

ਜਹਾਜ ਦਾ ਨਾਂ ਖੰਡਾਲਾ ਸੀ। ਮੁਸਾਫਰ ਕੱਛੀ, ਖੋਜੇ, ਬੋਹਰੇ ਤੇ ਅਰਬ ਹੋਣੇ। ਪੰਜਾਬੀ ਜਿਆਦਾ ਫਾਲਕੇ(ਡੈੱਕ) 'ਤੇ ਸੌਂਦੇ ਹੁੰਦੇ ਸੀ। ਨਾਲ ਹੀ ਰਾਸ਼ਣ, ਸਬਜ਼ੀ। ਕੁੱਕੜ ਜਿਆਦਾ ਅਰਬ ਲੋਕ ਰੱਖਦੇ ਸੀ। ਕੋਲਿਆਂ ਦੀ ਬੋਰੀ, ਅੰਗੀਠੀ, ਤਵਾ, ਚਿਮਟਾ, ਚਮਚੇ ਇਕ-ਦੋ ਤਾਂ ਘਰੋਂ ਹੀ ਲੈ ਜਾਂਦੇ ਹੁੰਦੇ ਸੀ। ਸਮਾਨ 'ਤੇ ਪਰਚੀਆਂ 'ਤੇ ਆਪੋ ਆਪਣੇ ਨਾਂ ਲਿਖੇ ਹੁੰਦੇ ਸੀ। ਸਮਾਨ ਰਾਸ਼ਣ ਤਿੰਨ-ਤਿੰਨ ਚਹੁੰ ਨੇ ਕੱਠਿਆਂ ਹੋ ਕੇ ਲੈਣਾ। ਫੇਰ ਜਹਾਜ 'ਚ ਬਹਿ ਕੇ ਲੜ ਪੈਣਾ - ਕੰਮ ਕਰਨਾ ਪੈਣਾ, ਰੋਟੀ ਬਣਾਉਣੀ ਪੈਣੀ, ਸਬਜੀ ਚੀਰਨੀ ਪੈਣੀ। ਜਹਾਜ 'ਚ ਬੀਸੀ(ਹੋਟਲ) ਹੋਣੀ। ਇਕ ਹਿੰਦੂਆਂ ਦੀ ਤੇ ਇਕ ਮੁਸਲਮਾਨਾਂ ਦੀ। ਓਦੋਂ ਇਕ ਰੁਪਏ ਦੀ ਥਾਲੀ ਆ ਜਾਂਦੀ ਸੀ। ਪੱਟੜੇ ਰਖੇ ਹੋਣੇ ਲੰਮੇ ਲੰਮੇ ਤੇ ਭੁੰਨੇ ਬੈਠ ਕੇ ਰੋਟੀ ਖਾਣੀ। ਬੀਸੀ 'ਤੇ ਕੱਛੀ ਹੀ ਰੋਟੀ ਖਾਂਦੇ ਸੀ। ਪੰਜਾਬੀ ਬਹੁਤ ਘਟ ਖਾਂਦੇ ਸੀ। ਮੀਟ ਖਾਣ ਵਾਲਿਆਂ ਮੁਸਲਮਾਨਾਂ ਦੀ ਬੀਸੀ 'ਤੇ ਚਲੇ ਜਾਣਾ। ਫੇਰ ਤਾਸ਼ ਖੇਲ੍ਹੀ ਜਾਣੀ। ਡੰਗ ਜੁ ਟਪਾਉਣਾ ਹੁੰਦਾ ਸੀ।

ਦਸੀਂ ਦਿਨੀਂ ਮੁੰਬਾਸੇ ਜਾ ਲੱਗੇ। ਕੈਪਟਨ ਨੇ ਮੁੰਡੇ ਜੰਮੇ ਜਿੰਨੀਆਂ ਖ਼ੁਸ਼ੀਆਂ ਮਨਾਈਆਂ। ਸਵੇਰੇ ਉਠ ਕੇ ਨਾਹ ਧੋ ਕੇ ਆਪਣਾ ਸਮਾਨ ਪੈਕ ਕੀਤਾ ਹੋਣਾ ਰਾਤ ਨੂੰ। ਅੰਬ ਵਿਕਣੇ ਆ ਗਏ। ਉਹ ਚੂਪ ਲਏ। ਓਧਰ ਡਾਕਟਰੀ ਹੋਣ ਲੱਗੀ। ਦੋ ਸੌ ਸ਼ਲਿੰਗ ਜ਼ਮਾਨਤ ਇਮੀਗ੍ਰੇਸ਼ਨ ਵਾਲਿਆਂ ਲਈ, ਜੋ ਸਾਲ ਮਗਰੋਂ ਮੁੜ ਜਾਂਦੀ ਸੀ। ਸਟੈਂਪਾਂ ਲਗਣ ਤੋਂ ਬਾਅਦ ਜਹਾਜ਼ ਦੀਆਂ ਪੌੜੀਆਂ ਲੱਗੀਆਂ।



[ਸੰਨ 1933 ਦੀ ਇਹ ਤਸਵੀਰ ਨੈਰੋਬੀ ਕੀਨੀਆ ਦੇ ਕਵੀਆਂ ਤੇ ਸਾਹਿਤਕ ਮਸ ਰੱਖਣ ਵਾਲਿਆਂ ਦੀ ਸੰਸਥਾ ਕਾਵਯ ਫੁਲਵਾੜੀ ਦੇ ਅਹੁਦੇਦਾਰਾਂ ਦੀ ਹੈ। ਖੜ੍ਹਿਆਂ 'ਚ ਧੁਰ ਖੱਬੇ ਵੀਹ ਸਾਲਾਂ ਦਾ ਮੱਖਣ ਸਿੰਘ ਖੜ੍ਹਾ ਹੈ, ਜੋ ਮਗਰੋਂ ਕੀਨੀਆ ਦਾ ਵੱਡਾ ਟਰੇਡ ਯੂਨੀਅਨ ਆਗੂ ਬਣਿਆ ਤੇ ਬਾਰਾਂ ਸਾਲ ਕੈਦ ਕੱਟੀ। ਬੈਠਿਆ 'ਚ ਖੱਬੇ ਹੱਥ ਗੋਪਾਲ ਸਿੰਘ ਚੰਦਨ ਹੈ, ਜੋ ਫੁਲਵਾੜੀ ਦਾ ਜਨਰਲ ਸਕੱਤਰ ਸੀ।]

ਕਲਿੰਡਨੀ ਗੁਰਦੁਆਰੇ ਰਾਤ ਰਹੇ। ਚੱਦਰਾਂ ਦਾ ਬਣਿਆ ਹੋਇਆ ਸੀ। ਔਂਗੇ ਡਾਪੇ (ਪੋਠੋਹਾਰੀ) ਸੀ ਮੁੰਬਾਸੇ ਤੇ ਹੋਰ ਬਾਣੀਂ। ਪਹਿਲੋਂ ਪਹਿਲ ਰੇ ਲ ਪਿੰਡੀ ਤੇ ਲਹੋਰੀਏ ਗਏ ਸੀ। ਆਪਣੇ ਦੁਆਬੀਏ ਘੱਟ ਗਏ ਸੀ।

ਗਰੰਥੀ ਕਹਿੰਦਾ - ਗੱਡੀ ਤਾਂ ਪਰਸੋਂ ਜਾਣੀ ਆਂ। (ਗੱਡੀ ਪਸੰਜਰ ਤੀਏ ਦਿਨ ਜਾਂਦੀ ਹੁੰਦੀ ਸੀ।) ਮਾਲ ਗੱਡੀ ਅੱਜ ਜਾਣੀ ਆਂ। ਡੱਬਾ ਧੁਆ ਕੇ ਸਾਫ਼ ਕਰ ਲਓ ਤੇ ਵਿਚ ਬਿਸਤਰੇ ਵਿਛਾ ਕੇ ਬਹਿ ਜਾਓ। ਜਿੱਦਾਂ ਜਹਾਜ 'ਚ ਆਏ ਆਂ। ਓਥੇ ਵੀ ਤਾਂ ਦਿਨ ਕੱਟੇ ਹੀ ਆ। ਅਸੀਂ ਕਿਹਾ - ਬਹੁਤ ਵਧੀਆ। ਦੋ ਦਿਨ ਬਹਿ ਕੇ ਵੀ ਖਰਚ ਕਰਨਾ ਈ ਆਂ। ਸਰਦਾਰ ਬਹਾਦਰ, ਔਂਗੇ ਆਦਮੀ ਐਦਾਂ ਵੀ ਸੋਚਦਾ ਸੀ। ਐਵੇਂ ਨਹੀਂ ਸੀ ਖਰਚ ਲੁਟਾਈ ਜਾਓ। ਰਜਾਈ 'ਚ ਬੈਠ ਅੰਬ ਚੂਪਣ ਨਾਲੋਂ, ਬਜ਼ਾਰਾਂ 'ਚ ਫਿਰਨ ਨਾਲੋਂ ਮਾਲਗੱਡੀ 'ਚ ਜਾਣਾ ਬਿਹਤਰ ਸੀ।

-ਵਿਆਹ ਮੁਕਲਾਵੇ ਜਿੰਨਾ ਚਾਅ ਸੀ। ਜਰਾ ਵੀ ਪਿੱਛੇ ਦਾ ਚੇਤਾ ਨਹੀਂ ਸੀ ਸਤਾਉਂਦਾ। ਹਾਏ, ਮਾਂ ਲੈ ਲੈ ਏਦਾਂ...ਨਾ। ਚੰਦ ਕੁ ਐਦਾਂ ਦੇ ਹੁੰਦੇ ਸੀ। ਚੇਤੇ ਕਰੀ ਜਾਣਾ - ਖੂਹ ਹੁੰਦਾ ਸੀ, ਖਰਾਸ ਚਲਦਾ ਸੀ। ਓਥੇ ਮਹਿੰ ਬੰਨ੍ਹੀ ਹੋਈ ਸੀ, ਓਥੇ ਤੂਤ ਦੀ ਛਾਂ ਸੀ, ਅਸੀਂ ਕਿੱਥੇ ਆ ਵੜੇ। ਏਦਾਂ ਦੇ ਸੀਗੇ ਬਥੇਰੇ ਆਦਮੀ।

ਜੇ ਓਦਾਂ ਨਹੀਂ ਹਉਕਾ ਲੈਂਦੇ ਤਾਂ ਪੁੱਛਣਾ ਕਦੀ-ਕਦੀ - ਸੁਣਾ ਬਈ ਕਿੱਦਾਂ? ਚੇਤਾ ਤਾਂ ਨਹੀਂ ਆਉਂਦਾ ਕਦੇ? ਜਿੱਦਾਂ ਤੂੰ ਪੁੱਛਦਾਂ, ਅਸੀਂ ਵੀ ਇਕ ਦੂਜੇ ਨੂੰ ਪੁੱਛਦੇ ਸੀ। ਓਹੋ ਜਿਹਿਆਂ ਨੇ ਕਦੇ ਘਰੇ ਝੋਰੇ ਵਾਲੀਆਂ ਚਿੱਠੀਆਂ ਪਾਉਣੀਆਂ ਤਾਂ ਔਂਗੋਂ ਜਵਾਬ ਆਉਣਾ - ਜੇ ਮਹਿੰ ਦਾ ਦੁਧ ਪੀਣਾ, ਤਾਂ ਘਾਹ ਵੀ ਖੋਤਣਾ ਪਊਗਾ। ਘਰੋਂ ਕਮਾਈ ਕਰਨ ਗਿਐਂ। ਜੇ ਤੂੰ ਕਮਾ ਕੇ ਭੇਜੇਂਗਾ ਨਾ, ਤਾਂ ਅਸੀਂ ਕੀ ਖਾਵਾਂਗੇ। ਪੰਜ ਸੱਤ ਪਰਸੈਂਟ ਐਹੋ ਜਿਹੇ ਮਣਖੱਟੂ ਹੁੰਦੇ ਸੀ ਰੀਂ-ਰੀਂ ਕਰਨ ਵਾਲੇ।



[ਨੈਰੋਬੀ ਵਿਚ ਟੀਨ ਦੀਆਂ ਛੱਤਾਂ ਦੇ ਬਣੇ ਪਹਿਲੇ ਸ੍ਰੀ ਗੁਰੂਦਵਾਰਾ ਬਾਜ਼ਾਰ ਦੀ 1939 ਦੀ ਤਸਵੀਰ। ਮਗਰੋਂ ਇਸੇ ਥਾਂ ਆਲੀਸ਼ਾਨ ਪੱਕਾ ਗੁਰਦੁਆਰਾ ਬਣ ਗਿਆ ਸੀ। ਫੋਟੋਕਾਰ: ਗੋਪਾਲ ਸਿੰਘ ਚਦਨ।]

ਅਸੀਂ ਜਾ ਬਿਸਤਰੇ ਲਾਏ। ਦੋ ਜਨਾਨੀਆਂ ਸੀ ਨਾਲ, ਉਨ੍ਹਾਂ ਨੂੰ ਇਕ ਪਾਸਾ ਦੇ ਦਿੱਤਾ। ਜਿਧਰ ਨਰੋਬੀ ਦਾ ਟੇਸ਼ਣ ਆਉਣਾ ਸੀ, ਓਧਰ ਥਾਂ ਛਡ ਕੇ ਟਰੰਕ ਲਾ ਲਏ। ਤੀਏ ਦਿਨ ਸਵੇਰੇ ਸਤ ਵਜੇ ਐਤਵਾਰ ਪਹੁੰਚ ਗਏ ਨਰੋਬੀ। ਲੰਮੀ ਸਾਰੀ ਰੇੜ੍ਹੀ 'ਤੇ ਸਮਾਨ ਲੱਦਿਆ। ਪਿੱਛੇ ਪਿੱਛੇ ਤੁਰੇ ਆਈਏ ਜਿੱਦਾਂ ਬਾਰਾਤ ਜਾਂਦੀ ਹੁੰਦੀ ਆ। ਐਤਵਾਰ ਦਾ ਦਿਨ ਸੀ। ਗੁਰਦੁਆਰੇ ਬਾਜ਼ਾਰ ਪਹੁੰਚ ਗਏ। ਪਤਾ ਸੀ ਅਮਰ ਹੋਟਲ ਦੇ ਨਾਲ ਰਾਮਗੜ੍ਹੀਆ ਫਲਾਟ 'ਚ ਰਹਿੰਦੇ ਆ ਬਜ਼ੁਰਗ ਸਾਡੇ। ਮਿਸਤਰੀ ਕਿਹਰ ਸਿੰਘ ਟੈਕਸੀਆਂ ਵਾਲਾ ਸਾਡੇ ਬਜ਼ੁਰਗ ਨੂੰ ਕਹਿੰਦਾ - ਲਗਦਾ ਪ੍ਰਧਾਨ ਜੀ, ਮੁੰਡੇ ਆ ਗਏ ਆ। ਗੁਲੂਬੰਦ ਲਪੇਟੀ ਮੁੰਡੇ ਰੇੜੀਆਂ ਪਿੱਛੇ ਜਾਂਦੇ ਸੀ। ਸਾਡੇ ਪਿਤਾ ਗੁਰਦੁਆਰਾ ਬਾਜ਼ਾਰ ਦੇ ਪ੍ਰਧਾਨ ਹੁੰਦੇ ਸੀ।

0 ਪਹੁੰਚ ਕੇ ਕਿਦਾਂ ਲੱਗਾ ਫੇਰ?

ਹਫਤਾ ਡੇੜ ਹਫਤਾ ਅਰਾਮ ਕੀਤਾ। ਫੇਰ ਮੋਰਾਂਵਾਲੀ ਦਾ ਨੰਦ ਸਿੰਘ ਹੁੰਦਾ ਸੀ। ਓਨ ਗਰੰਥੀ ਲਾਲ ਸਿੰਘ ਚੀਮਿਆਂ ਵਾਲੇ ਨੂੰ ਪੁੱਛਗਿੱਛ ਕੇ ਮੈਣੀ ਬ੍ਰਦਰਜ਼ ਗੌਰਮਿੰਟ ਰੋਡ 'ਤੇ ਫ਼ਰਨੀਚਰ ਦੀ ਦੁਕਾਨ 'ਤੇ ਲਾ ਦਿੱਤਾ। 80 ਸ਼ਲਿੰਗ ਮਿਲੇ ਮਹੀਨੇ ਦੇ। ਫੇਰ ਸੱਤ ਅੱਠ ਮਹੀਨੇ ਲਾ ਕੇ 100 ਸ਼ਲਿੰਗ ਵੀ ਹੋ ਗਿਆ। ਬਾਪੂ ਨੇ ਮੈਨੂੰ ਰਾਗੀ ਮਿਸਤਰੀ ਈਸ਼ਰ ਸਿੰਘ ਦਾ ਸ਼ਾਗਿਰਦ ਬਣਾ ਦਿੱਤਾ। ਕੰਮ ਦੇ ਮਾਰੇ ਓਦੋਂ ਨਰੋਬੀ 'ਚ ਉਸਤਾਦੀ-ਸ਼ਗਿਰਦੀ ਬੜੀ ਵਧ ਗਈ ਸੀ - ਪੱਗਾਂ ਦੀ ਬੋਸਕੀ ਮਹਿੰਗੀ ਹੋ ਗਈ। ਲੋਕਾਂ ਪੁੱਛਣਾ - ਲੱਡੂ ਕਿਥੇ ਖਾਣੇ?

0 ਘਰੋਂ ਚਿੱਠੀ ਆ ਜਾਂਦੀ ਸੀ?

-ਬਾਕਾਇਦਾ। ਮੈਂ ਉਰਦੂ ਦੀਆਂ ਚਾਰ ਜਮਾਤਾਂ ਪੜ੍ਹੀਆਂ ਹੋਈਆਂ। ਮੈਂ ਪੜ੍ਹਨਾ ਓਦੋਂ ਛਡਿਆ ਸੀ, ਜਦ ਪੰਜਵੀ ਦੀਆਂ ਚਾਰ ਜਮਾਤਾਂ

ਰਹਿ ਗਈਆਂ ਸੀ। ਚਿੱਠੀ ਬਜ਼ੁਰਗਾਂ ਨੇ ਲਿਖਣੀ ਸਿਖਾਲੀ। ਸੁਖਸਾਂਦ ਦੀ ਚਿੱਠੀ ਲਿਖ ਲਈਦੀ ਸੀ। ਪਰ ਚਾਚਾ ਆਤਮਾ ਸਿੰਘ ਪੱਦੀ ਵਾਲੇ ਨੇ ਅਫ਼ਸੋਸ ਦੀ ਲਿਖਣੀ ਦੱਸੀ - ਕਿਸੇ ਨੂੰ ਵੀ ਲਿਖਣੀ ਹੋਵੇ, ਪਹਿਲਾਂ ਰਿਸ਼ਤਾ ਪੁੱਛਣਾ। ਜਨਾਬ ਚਾਚਾ ਜੀ, ਜਾਂ ਐਦਾਂ - ਬਜ਼ੁਰਗਵਾਰ ਫਲਾਨਾ ਸਿੰਘ ਸੂਰਤ ਹਾਲ ਯਹ ਹੈ ਕਿ ਹਮ ਕੋ ਪਤਾ ਲਗ ਪੜਾ ਹੈ ਕਿ ਹਮਾਰੇ ਤਾਇਆ ਜੀ ਸੁਰਗਵਾਸ ਹੋ ਗਏ ਹੈਂ...

ਉਹਨੀਂ ਦਿਨੀਂ ਪੰਦਰੀਂ ਦਿਨੀਂ ਚਿੱਠੀ ਮਿਲਦੀ ਸੀ। ਵੀਹ ਸੈਂਟ ਦਾ ਸਟੈਂਪ ਸੀ। ਚਾਰ-ਚਾਰ ਚਿੱਠੀਆਂ ਲਿਖ ਦੇਣੀਆਂ। ਔਠ ਐਂਚੀ ਬਾਈ ਦੱਸ ਐਂਚੀ। ਚਾਰ ਕੁ ਲਾਈਨਾਂ ਲਿਖਵਾ ਕੇ ਕਹਿਣਾ - ਫੇਰ ਸੁਣਾ ਕੀ ਲਿਖਿਆ। ਸਾਰੀ ਲਿਖਵਾ ਕੇ ਫੇਰ ਸੁਣਨੀ।

ਉਨ੍ਹਾਂ ਵਕਤਾਂ 'ਚ ਚਿੱਠੀ ਐਸੀ ਚੀਜ਼ ਸੀ, ਜਿਹੋ ਜਿਹਾ ਆਦਮੀ ਮਿਲ ਗਿਆ, ਇਹੋ ਜਿਹੀ ਚਿੱਠੀ ਮਿਲ ਗਈ।

0 ਤੁਸੀਂ ਪਹਿਲੀ ਵਾਰੀ ਸੂਟ ਕਦੋਂ ਪਾਇਆ ਸੀ ?

-ਸੂਟ ਤਾਂ ਘਰੋਂ ਹੀ ਪਾਉਂਦੇ ਗਏ ਸੀ। ਵਿਆਹ 'ਚ ਮੈਂ ਚਾਈਨਾਕਾਟ ਸਿਲਕ ਦਾ ਸੂਟ ਪਾਇਆ ਸੀ। ਪਰ ਨਰੋਬੀ 'ਚ ਜਿਆਦਾ ਰਵਾਜ ਪਜਾਮਿਆਂ ਦਾ ਹੀ ਰਿਹਾ। ਠੰਢੇ ਕੋਟ ਦਾ ਰਿਵਾਜ ਵੀ ਸੀ। ਆਪਣੇ ਦਰਜੀ ਨੱਥਾ ਸਿੰਘ, ਕਰਮ ਸਿੰਘ ਧਾਨਖਾਨਾਂ ਦਾ ਤੇ ਅਮਰ ਨਾਥ ਨੂਰ ਮਹਿਲੀਆ ਮਸ਼ਹੂਰ ਸੀ।

ਟਾਈ ਨਿਰੀ ਸ਼ੁਕੀਨੀ ਨੂੰ ਨਹੀਂ ਹੁੰਦੀ। ਸੂਟਡ ਬੂਟਡ ਦਾ ਕੀ। ਜੇ ਕੋਈ ਟੱਕਰ ਜਾਏ, ਤਾਂ ਅੱਗੋਂ ਬੋਲਣਾ ਵੀ ਆਂ। ਓਦੋਂ ਰਵਾਜ ਸੀ ਸਾਦਗੀ ਦਾ। ਕਿਤੇ ਵੀ ਜਾਣਾ, ਕਪੜਾ ਸਾਦਾ ਪਾਉਣਾ। ਹੁਣ ਜੇ ਗਵਾਡੀਨ ਪਾ ਲਈ ਤੇ ਧੋਣੀ ਨਹੀਂ ਤਾਂ ਗਵਾਡੀਨ ਦੀ ਵੀ ਮਾੜੀ ਕਿਸਮਤ ਆ। ਉਹਦੇ ਨਾਲੋਂ ਖੱਦਰ ਚੰਗਾ। ਖੱਦਰ ਦੇ ਪਜਾਮੇ ਜਦ ਧੋ ਕੇ ਆਉਣੇ ਧੋਬੀ ਦਿਓਂ, ਜਿਦਾਂ ਮੱਖਣ ਜੀਨ ਹੁੰਦੀ ਆ। ਏਨਾ ਨਜ਼ਾਰਾ ਆਉਣਾ, ਕਿ ਮਨ ਖ਼ੁਸ਼ ਹੋ ਜਾਣਾ।



ਬਲਵੰਤ ਸਿੰਘ ਚਾਨਾ
ਸਾਊਥਾਲ, ਇੰਗਲੈਂਡ 1991
ਫੋਟਕਾਰ: ਅਮਰਜੀਤ ਚੰਦਨ।

0 ਨੈਰੋਬੀ ਦਿਲ ਲਗ ਗਿਆ ਸੀ ?

-ਐਸਾ ਕੋਈ ਬਦਕਿਸਮਤ ਹੋਊਗਾ, ਜਿਹੜਾ ਨਰੋਬੀ ਨੂੰ ਲਾਈਕ ਨਾ ਕਰਦਾ ਹੋਊਗਾ। ਪੈਸੇ ਨੂੰ ਕੀ ਕਰਨਾ, ਜਦ ਤੁਸੀਂ ਵਰਤਿਆ ਨਹੀਂ। ਕਪੜਾ ਨਹੀਂ ਪਾਇਆ, ਖਾਧਾ ਪੀਤਾ ਨਹੀਂ। ਝੂਰ ਝੂਰ ਕਰਦੇ ਰਹੇ। ਰੱਬ ਦਾ ਇਹਦੇ 'ਚ ਕੀ ਕਸੂਰ ਆ? ਓਥੇ ਦੀ ਆਬੋਹਵਾ ਚੰਗੀ ਸੀ। ਓਥੇ ਮੌਜ ਬੜੀ ਸੀ।

0 ਕੰਮ ਦਾ ਕੋਈ ਫ਼ਰਕ ਲੱਗਾ ?

-ਇਕ ਤਾਂ ਓਥੇ ਮਸ਼ੀਨਰੀ ਆ, ਇੰਡੀਆ ਆਪਣੇ ਮਸ਼ੀਨਰੀ ਨਹੀਂ। ਹੱਥੀਂ ਪਿਟ ਪਿਟ ਮਰਨਾ ਪੈਂਦਾ। ਓਥੇ ਢੂੰਨੇ ਕੰਮ ਕਰਦੇ ਆ, ਅੱਡਿਆਂ ਦਾ ਸਿਸਟਮ ਨਹੀਂ। ਲੋਹੇ ਦਾ ਰੰਦਾ ਓਥੇ ਲਾ ਕੇ ਵਰਤਿਆ। '27 ਦਾ ਲਿਆ ਸਟੈਨਲੇ ਰੰਦਾ ਅਜੇ ਵੀ ਮੇਰੇ ਕੋਲ ਹੈ। ਟੂਲ ਐਦਾਂ ਦੇ ਸੀ, ਜਿੱਦਾਂ ਰੈਲੇ ਬਾਈਸਿਕਲ ਜਾਂ ਵੀਵ ਕਾਰ ਕਹਿ ਲਓ। ਟੂਲਾਂ ਦਾ ਬਕਸਾ 100 ਸ਼ਲਿੰਗ ਦਾ ਆ ਜਾਂਦਾ ਸੀ। ਅਲੀਭਾਈ ਸ਼ਰੀਫ਼ ਖੋਜੇ ਦੀ ਦੁਕਾਨ ਤੋਂ। ਤਖਾਣਾ ਕੰਮ ਤਦੇ ਦੁਨੀਆਂ ਛਡੀ ਜਾਂਦੀ ਆ। ਛਡ ਗਏ ਸਾਡੇ ਹੁੰਦਿਆਂ ਵੀ ਪਈ ਇਹ ਕੰਮ ਖੋਤੇ ਦਾ ਲੱਦ ਆ। ਜ਼ਿੰਦਗੀ ਖ਼ਤਮ ਹੋ ਜਾਂਦੀ, ਪਰ ਟੂਲ ਖ਼ਤਮ ਨਹੀਂ ਹੁੰਦੇ।

0 ਹੁਣ ਨੈਰੋਬੀ ਜਾਣ ਨੂੰ ਚਿਤ ਕਰਦਾ ?

-ਨਹੀਂ। ਹੁਣ ਤਾਂ ਨਕਸ਼ਾ ਹੀ ਬਦਲ ਗਿਆ। ਪਿੰਡ ਤੇ ਨਰੋਬੀ ਇਕ ਗੱਲ ਨਹੀਂ। ਪਰ ਖਰਾਬੀ ਦੋਹਾਂ ਪਾਸਿਆਂ ਦੀ ਇੱਕੋ-ਜਿਨੀ ਆ। ਸੱਪ ਲੰਮਾ ਕਿ ਗੋਹ ਚੌੜੀ। ਉੱਨੀ ਇੱਕੀ ਦਾ ਫ਼ਰਕ ਆ। ਜਿਥੇ ਬਤਾਲੀ ਸਾਲ ਗੁਜ਼ਾਰੇ, ਉਹਦਾ ਤੇ ਪਿੰਡ ਦਾ ਫ਼ਰਕ ਕਿੱਦਾਂ ਨਾ ਹੋਊ। ਜ਼ਿੰਦਗੀ ਦੀ ਐਸ਼ ਕੀਤੀ, ਬੱਚੇ ਪੜ੍ਹਾਏ ਲਿਖਾਏ, ਚੰਗਾ ਖਾਧਾ ਪੀਤਾ, ਚੰਗਾ ਰਹਿਣਾ, ਫ਼ਿਕਰ ਵਾਲੀ ਕੋਈ ਗੱਲ ਨਾ ਸੀ।

0 ਤੇ ਪਿੰਡ ਨੂੰ ?

-ਨਹੀਂ। ਐਂ ਵੀ ਨਹੀਂ ਪਈ ਨਹੀਂ ਕਰਦਾ। ਪਰ ਤੜਫਾਅ ਕੋਈ ਨਹੀਂ। ਅਗਰ ਕੋਈ ਖਾਂਦਾ ਨਹੀਂ ਤਾਂ ਥਾਲੀ 'ਚ ਨਹੀਂ ਦੀਹਦਾ। ਜਿਥੇ ਦੁਸ਼ਮਣੀਆਂ ਏਨੀਆਂ। ਓਥੇ ਤਾਂ ਕੋਈ ਚਿੱਟਾ ਪਜਾਮਾ ਪਾਇਆ ਨਹੀਂ ਝਲ ਸਕਦਾ। ਕਹਿੰਦੇ-ਕਹਾਉਂਦੇ ਸਕੇ ਸੀ. ਆਈ. ਡੀ. ਵਾਂਗੂ ਖ਼ਬਰ ਰਖਦੇ ਆ। ਅਸੀਂ ਤਾਂ ਸੱਚੀ ਗੱਲ ਆ ਮਕਾਨ ਬਣਾਏ ਨਹੀਂ। ਘਰ ਤੇ ਕਾਰਖ਼ਾਨਾ ਬਾਹਰਲਾ ਪਿਆ। ਮੇਰੇ ਧਰਮ ਭਾਈ ਦੀ ਨੂੰਹ ਖਿਆਲ ਰਖ ਛੱਡਦੀ ਆ। ਕਈ ਵਾਰ ਦਿਲ 'ਚ ਆਉਂਦਾ, ਪਰ ਕਾਹਦੇ ਲਈ। ਲੋਕਾਂ ਦਾ ਦੀਹਦਾ ਹੀ ਆ। ਪਈ ਹੋਰਨਾਂ ਨੇ ਘਰ ਸਾਂਭ ਲਏ, ਡਿਗ ਪਿਆ, ਢਹਿ ਪਏ। ਸਾਡਾ ਪਿੰਡ ਤਾਂ ਮਕੰਦਪੁਰ ਬਣਿਆ ਹੋਇਆ ਸੀ, ਮੇਨ ਜੀਟੀਰੋਡ ਦੇ ਉੱਤੇ। ਹੁਣ ਸਭ ਖੋਲੇ ਹੋਏ ਪਏ ਆ। ਜਿਨ੍ਹਾਂ ਦੀਆਂ ਜੈਦਾਤਾਂ ਜ਼ਮੀਨਾਂ ਸੀ, ਉਹ ਵੀ ਇਥੇ ਖਾਲਮਖਾਲੀ ਪਏ ਆ। ਫੇਰ ਵੀ ਜੇ ਅਕਲ ਨਾ ਆਵੇ; ਅੱਗੇ ਤੁਸੀਂ ਸਿਆਣੇ ਆਂ।

* * *

# ਸਰਦ ਰਿਸ਼ਤੇ

ਅਮਨਪਾਲ ਸਾਰਾ

'...ਲਾਂਡਰ...?' ਕਮਜ਼ੋਰ ਜਿਹੀ ਆਵਾਜ ਨਾਲ ਘਸਮੈਲੇ ਜਿਹੇ ਰੰਗ ਦੀ ਉੱਘੜ ਦੁੱਘੜੀ ਬੰਨੀ ਪੱਗ ਵਾਲੇ ਇਸ ਬਜ਼ੁਰਗ ਨੇ ਬੱਸ ਚੜ੍ਹਨ ਤੋਂ ਪਹਿਲਾਂ ਦਰਵਾਜ਼ੇ ਵਿੱਚ ਖੜ੍ਹਕੇ ਪੁੱਛਿਆ। ਮੈਲੇ ਜਿਹੇ ਤੇ ਕੁੱਝ ਮੋਟੇ ਸ਼ੀਸ਼ਿਆਂ ਵਾਲੀ ਕਾਲੇ ਜਿਹੇ ਫ਼ਰੇਮ ਦੀ ਐਨਕ ਵਿੱਚੋਂ ਉਸ ਦੀਆਂ ਅੱਖਾਂ ਸ਼ਾਇਦ ਡਰਾਇਵਰ ਦੀ ਸੀਟ ਤੇ ਬੈਠਾ ਡਰਾਇਵਰ ਲੱਭਣ ਦੀ ਕੋਸ਼ਿਸ਼ ਕਰ ਰਹੀਆਂ ਸਨ।

'ਹਾਂ ਜੀ, ਲੰਘ ਆਉ।' ਮੈਂ ਸੀਟ ਤੋਂ ਜੁਆਬ ਦਿੱਤਾ। ਮੈਂ ਸਮਝ ਗਿਆ ਕਿ ਬਜ਼ੁਰਗ ਇਹ ਪੁੱਛਣਾ ਚਹੁੰਦਾ ਹੈ ਕਿ ਇਹ ਬੱਸ 'ਲੈਡਨਰ' ਜਾਵੇਗੀ ਕਿ ਨਹੀਂ। 'ਲੈਡਨਰ' ਵੈਨਕੂਵਰ ਦੇ ਨਜ਼ਦੀਕ ਹੀ ਇਕ ਛੋਟਾ ਜਿਹਾ ਕਸਬਾ ਹੈ ਤੇ ਵੈਨਕੂਵਰ ਤੋਂ ਇੱਥੇ ਪਹੁੰਚਣ ਲਈ ਪਹਿਲਾਂ ਰਿਚਮੰਡ ਵਿੱਚੋਂ ਲੰਘਣਾ ਪੈਂਦਾ ਹੈ। ਪੰਜਾਬੀ ਲੋਕ ਆਮ ਤੌਰ ਇਸ ਨੂੰ 'ਲਾਂਡਰ' ਹੀ ਕਹਿ ਦਿੰਦੇ ਹਨ।

ਹੌਲੀ ਹੌਲੀ ਬੱਸ ਦੀਆਂ ਪੌੜੀਆਂ ਚੜ੍ਹਕੇ ਹਥਲੀ ਖੂੰਡੀ ਸੰਭਾਲਦਾ ਬਜ਼ੁਰਗ ਮੇਰੇ ਸੱਜੇ ਹੱਥ ਸਾਹਮਣੀ ਸੀਟ ਉਪਰ ਬਹਿ ਗਿਆ। ਚਾਲ ਢਾਲ ਤੋਂ ਉਹ ਕਮਜ਼ੋਰ ਪ੍ਰਤੀਤ ਹੁੰਦਾ ਸੀ। ਸੀਟ ਤੇ ਬੈਠਣ ਤੋਂ ਬਾਦ ਉਸਨੇ ਆਪਣੇ ਨਸਵਾਰੀ ਜਿਹੇ ਕੋਟ ਦੀ ਜੇਬ ਵਿੱਚੋਂ ਟਿਕਟ ਕੱਢ ਕੇ ਦਿਖਾਇਆ ਤੇ ਫਿਰ ਜਿਵੇਂ ਕੁੱਝ ਯਾਦ ਆ ਗਿਆ ਹੋਵੇ, ਅੱਧ ਖੁਲੀ ਚਿੱਟੀ ਦਾੜ੍ਹੀ ਤੇ ਖਾਜ ਜਿਹੀ ਕਰਦਾ ਹਲਕੀ ਜਿਹੀ ਮੁਸਕਾਨ ਨਾਲ ਬੋਲਿਆ,

'ਤੂੰ ਤਾਂ ਆਪਣਾ ਬੰਦਾ ਈ ਨਿਕਲਿਆ ਜਾਰ।'

'ਹਾਂ ਜੀ....ਸੁਣਾਉ ਕਿਧਰੋਂ ਆਏ ਅੱਜ?'

'ਆਹ ਛੋਟੇ ਗੁਰਦੁਆਰਿਉਂ....ਨੌਂ ਨੰਬਰ ਆਲੀ ਬੱਸ ਐਥੇ ਤਾਂਈਂ ਲੈ ਆਈ.....ਐਥੇ ਆ'ਕੇ ਕਈ ਚਿਰ ਲੱਗਾ.....ਕਈਆਂ ਬੱਸਾਂ ਬਾਲਿਆਂ ਨੂੰ ਪੁੱਛਿਆ ਪਈ ਇਹ ਲਾਂਡਰ ਜਾਣੀ ਆਂ....ਕਹਿੰਦੇ ਨੋਅ......ਦੌਂਹ ਨੇ ਤਾਂ ਜੁਆਬ ਨੀ ਦਿੱਤਾ.....' ਬਜ਼ੁਰਗ ਨੇ ਜਿਵੇਂ ਮੇਰੇ ਕੋਲ ਸ਼ਿਕਾਇਤ ਲਾਈ। 'ਭਾਈਆਂ ਜੀ ਐਸ ਵੇਲੇ ਲੈਡਨਰ ਵਾਲੀ ਬੱਸ ਅੱਧੇ ਅੱਧੇ ਘੰਟੇ ਬਾਦ ਆਉਂਦੀ ਹੈ.....।' ਮੈਂ ਵੀ ਜਿਵੇਂ ਸਫ਼ਾਈ ਦਿੱਤੀ।

'ਹਲਾ ਬਈ....ਰਿਚੱਮੋਂਟ ਚੋਂ ਤਾਂ ਛੇਤੀਂ ਮਿਲ ਜਾਂਦੀ ਆ....ਐਧਰ ਆਈਦਾ ਈ ਨੀ ਬਾਹਲਾ......ਓ ਬੜੇ ਗੁਰਦੁਆਰਿਉਂ ਨੈਟ ਬਿਰਜ ਬਾਲੀ ਬੱਸ ਰਿੱਚਮੌਂਟ ਲੈ ਔਂਦੀ ਆ.....ਗਾਹਾਂ ਫ਼ੇ ਲਾਂਡਰ ਬਾਲੀ ਆ ਜਾਂਦੀ ਆ......'

'ਹਾਂ ਜੀ ਬੜੇ ਗੁਰਦੁਆਰਿਉਂ ਮੌਜ ਆ ਬੱਸਾਂ ਦੀ, ਖਾਸ ਕਰ ਆਪਣੇ ਬਜ਼ੁਰਗਾਂ ਲਈ......ਆਹ ਛੋਟਾ ਗੁਰਦੁਆਰਾ ਜਰਾ ਦੂਰ ਪੈਂਦਾ।' ਮੈਂ ਕਿਹਾ। ਸ਼ਾਮ ਦੇ ਤਕਰੀਬਨ ਅੱਠ ਵਜ ਚੁੱਕੇ ਸਨ। ਗਰਮੀਆਂ ਨੂੰ ਵੈਨਕੂਵਰ ਵਿੱਚ ਸ਼ਾਮ ਦੇ ਸਾਢੇ ਨੌ ਵੱਜਣ ਤੱਕ ਵੀ ਸੂਰਜ ਦੀ ਲੋਅ ਰਹਿੰਦੀ ਹੈ ਜੇਕਰ ਦਿਨ ਪੱਧਰਾ ਹੋਵੇ।

ਫਿਰ ਜਿਸ ਸੁਆਲ ਦੀ ਮੈਨੂੰ ਉਡੀਕ ਸੀ ਬਜ਼ੁਰਗ ਨੇ ਜ਼ਰਾ ਗਲਾ ਸਾਫ਼ ਕਰਕੇ ਪੁੱਛਿਆ, 'ਕੇੜ੍ਹਾ ਪਿੰਡ ਬਈ ਆਪਣਾ ਜੁਆਨਾ....?'

'ਹੁਣ ਤਾਂ ਜੀ ਆਹੀ ਸਮਝੋ...ਜਿੱਥੇ ਐਨੀ ਦੇਰ ਹੋ ਗਈ ਰਹਿੰਦਿਆਂ, ਵੈਸੇ ਅਸੀਂ ਹੁਸ਼ਿਆਰਪੁਰ ਜ਼ਿਲੇ ਤੋਂ ਹਾਂ'। ਬਜ਼ੁਰਗ ਨੇ ਮਾੜਾ ਜਿਹਾ ਸਿਰ ਹਿਲਾਇਆ ਤੇ ਜਿਵੇਂ ਉਡੀਕਦਾ ਹੋਵੇ ਕਿ ਮੈਂ ਵੀ ਉਸਤੋਂ ਉਸਦਾ ਪਿੰਡ ਪੁੱਛਾਂ।

'ਆਪਣਾ ਕਿਹੜਾ ਭਾਈਆ ਜੀ?'

'ਆਹ .....(....) ਗੁਰਾਇਆਂ ਲਾਗੇ। ਬਜ਼ੁਰਗ ਨੇ ਜਿਵੇਂ ਕੁੱਝ ਚਾਅ ਨਾਲ ਦੱਸਿਆ।

'ਤੁਹਾਡਾ ਤਾਂ ਸਾਰਾ ਅਲਾਕਾ ਈ ਬਾਹਰ ਆ, ਇੰਗਲੈਂਡ ਜਾਂ ਕਨੇਡਾ।' ਮੈਂ ਜਿਵੇਂ ਉਸਦੇ ਪਿੰਡ ਦੀ ਤਾਰੀਫ਼ ਕੀਤੀ, ਪਰ ਕੈਨੇਡਾ ਦਾ ਨਾਮ ਸੁਣ ਕੇ ਜਿਵੇਂ ਉਸਦਾ ਚਾਅ ਗਾਇਬ ਹੋ ਗਿਆ ਹੋਵੇ। ਕੁੱਝ ਦੇਰ ਚੁੱਪ ਰਹਿਣ ਬਾਦ ਬੋਲਿਆ, 'ਕਾਦ੍ਹਾ ਬਾਹ੍ਰ ਜੀ.....' ਫ਼ਿਰ ਇਕ ਲੰਮਾ ਜਿਹਾ ਸਾਹ ਭਰਕੇ ਬੋਲਿਆ, 'ਪਿੰਡ...ਪਿੰਡ ਈ ਹੁੰਦਾ.....'

'ਕਿੰਨੀ ਕੁ ਦੇਰ ਹੋ ਗਈ ਤੁਹਾਨੂੰ ਇੱਥੇ ਆਇਆਂ ਨੂੰ?' ਮੈਨੂੰ ਲੱਗਦਾ ਸੀ ਕਿ ਉਸਨੂੰ ਕੈਨੇਡਾ ਆਏ ਨੂੰ ਜ਼ਿਆਦਾ ਦੇਰ ਨਹੀਂ ਹੋਈ ਹੈ।

'......ਆ ਹੋ ਗਏ ਜੀ ਛੇ ਸੱਤ ਮ੍ਹੀਨੇ....'। ਜਿਵੇਂ ਕੁੱਝ ਹਿਸਾਬ ਲਾਕੇ ਦੱਸਿਆ ਹੋਵੇ।

'ਕੋਈ ਨਹੀਂ ਭਾਈਆ ਜੀ, ਹੌਲੀ ਹੌਲੀ ਤੁਹਾਡਾ ਦਿਲ ਲੱਗ ਜਾਣਾਂ ਆਪਣੇ ਟੱਬਰ ਨਾਲ। ਮੈਂ ਜ਼ਰਾ ਹੌਂਸਲਾ ਦੇਣ ਦੇ ਲਿਹਾਜ਼ ਨਾਲ ਕਿਹਾ। ਆਮ ਕਰਕੇ ਇੱਥੇ ਖਿਆਲ ਕੀਤਾ ਜਾਂਦਾ ਹੈ ਕਿ ਕੈਨੇਡਾ ਵਿੱਚ ਆਪਣੇ ਬਜ਼ੁਰਗ ਐਸ਼ ਕਰਦੇ ਹਨ। ਖੁਲ੍ਹਾ ਖਾਣ ਪੀਣ ਨੂੰ, ਚੜ੍ਹਨ ਲਈ ਕਾਰਾਂ, ਇਨ੍ਹਾਂ ਨੂੰ ਹੋਰ ਕੀ ਚਾਹੀਦਾ?

ਪਰ ਉਹ ਉਲਟਾ ਹੋਰ ਉਦਾਸੀ ਨਾਲ ਬੋਲਿਆ, 'ਹੁਣ ਦਿਲ ਦੂਲ ਕੀ ਲੱਗਣਾ....ਹੁਣ ਤਾਂ ਗਾਹਾਂ ਈ.....' ਕਹਿਕੇ ਉਸਨੇ ਸਿਰ ਝੁਕਾ ਲਿਆ ਤੇ ਆਪਣੇ ਪੈਰਾਂ ਵਿੱਚ ਪਈ ਘਸੀ ਹੋਈ ਗਰਗਾਬੀ ਵੱਲ ਦੇਖਣ ਲੱਗ ਪਿਆ। ਉਸਦੀ ਉਦਾਸੀ ਮੈਨੂੰ ਕੁੱਝ ਰੜਕ ਰਹੀ ਸੀ। ਕੁੱਝ ਦੇਰ ਬਾਦ ਗੱਲਾਂ ਦਾ ਰੁੱਖ ਮੋੜਨ ਲਈ ਮੈਂ ਉਸਨੂੰ ਪੁਛਿਆ, 'ਅੱਜ ਛੋਟੇ ਗੁਰਦੁਆਰੇ ਕੋਈ ਖਾਸ ਗੱਲ ਸੀ?' ਤੇ ਜਿਵੇਂ ਉਸਦਾ ਧਿਆਨ ਸੋਚਾਂ ਦੀ ਲੜੀ ਵਿੱਚੋਂ ਉਖੜਿਆ ਹੋਵੇ, ਮੂੰਹ ਉਤਾਂਹ ਨੂੰ ਕਰਕੇ ਕੁੱਝ ਯਾਦ ਕਰਕੇ ਬੋਲਿਆ, '...ਆ....ਆ ਜਾਗਰ ਸੂੰ ਬੜੇ ਪਿੰਡੀਏ ਨੇ ਖੰਡ ਪਾਠ ਖੁਲਾਇਆ ਆ.....ਤਿੰਨਾਂ ਪੋਤੀਆਂ ਬਾਦ ਪੋਤਾ ਹੋਇਆ....' ਫ਼ਿਰ ਜਿਵੇਂ ਆਪਣੇ ਆਪ ਨਾਲ ਗੱਲ ਕਰਦਾ ਹੋਵੇ। '....ਐਮੀਂ....ਬਾਧੂ ਈ.....'

ਪੋਤੇ ਪੋਤੀਆਂ ਤੋਂ ਮੈਨੂੰ ਉਸਦੇ ਟੱਬਰ ਬਾਰੇ ਜਾਨਣ ਦਾ ਵਿਚਾਰ ਆਇਆ ਤੇ ਕੁੱਝ ਸਿਆਣਿਆਂ ਵਾਲੇ ਤਰੀਕੇ ਨਾਲ ਮੈਂ ਉਸਨੂੰ ਪੁੱਛਿਆ, 'ਟੱਬਰ ਤਾਂ ਸੁੱਖ ਨਾਲ ਆਪਣਾ ਭੀ ਇੱਥੇ ਹੀ ਹੋਣਾਂ?' ਜਿਵੇਂ ਮੈਂ ਉਸਦੀ ਦੁਖਦੀ ਰਗ ਨੂੰ ਛੇੜ ਦਿੱਤਾ ਹੋਵੇ। ਕੁੱਝ ਦੇਰ ਖਾਮੋਸ਼ ਰਹਿ ਕੇ ਉਦਾਸ ਜਿਹੀ ਆਵਾਜ਼ ਵਿੱਚ ਬੋਲਿਆ '....ਕਾਹਦਾ ਟੱਬਰ ਜੀ....ਪਿਛਲੀ ਉਂਬਰੇ ਆਹ ਇੱਕ ਮੁੰਡਾ ਹੋਇਆ ਸੀ, ਬੱਸ...., ਮੇਰੇ ਘਰੋਂ ਬਚਾਰੀ ਨੇ ਕੋਈ ਗੁਰਦੁਆਰਾ ਨੀ ਛੱਡਿਆ ਜਿੱਥੇ ਪਾਠ ਨਾ ਸੁੱਖਿਆ ਹੋਵੇ.....ਤੇ ਹੋਰ ਕਿੰਨ੍ਹੇ ਈ (ਰੁਪੈ) ਸਾਧਾਂ ਪੀਰਾਂ ਦੇ ਮੂੰਅ ਰੋੜ੍ਹ ਦਿੱਤੇ....'

'ਇਹ ਲੜਕਾ ਤੁਹਾਡਾ ਜਿਹੜਾ ਲਾਂਡਰ ਰਹਿੰਦਾ?' ਮੈਂ ਗੱਲ ਸਮਝਣ ਦੇ ਖਿਆਲ ਨਾਲ ਪੁੱਛਿਆ।

'...ਆਹੋ....ਏਹੀ....ਪੈਂਲ੍ਹਾਂ ਏਹਦੇ ਜੰਮਣ.......ਫੇਅ ਆਹ ਕਨੇਡੇ ਭੇਜਣ ਨੇ.....ਮੇਰਾ ਤਾਂ ਬੱਸ ......ਪਾਠਾਂ ਨੇ ਈ....ਸੱਭ ਕਾਸ। ਛੋਟੀ ਜਿਹੀ ਮੇਰੀ ਜੀਮੀਦਾਰੀ ਸੀ....ਪਰ ਐਥੇ ਨਾਲੋਂ ਤਾਂ ......ਚੰਗੀ ਸੀ ਆਪਣੇ ਘਰ ਜਿੰਦਾਂ ਦੇ ਭੀ......'। ਬੱਸ ਵੈਨਕੂਵਰ ਵਿੱਚੋਂ ਨਿਕਲਣ ਤੋਂ ਪਹਿਲਾਂ ਆਖ਼ਰੀ ਸਟਾਪ ਤੇ ਰੁੱਕੀ। ਇਸ ਤੋਂ ਬਾਦ ਬੱਸ ਨੇ ਲੈਡਨਰ ਵੱਲ ਜਾਣ ਵਾਲੇ ਹਾਈਵੇ ਉਪਰ ਪੈ ਜਾਣਾ ਸੀ। ਇਸ ਸਟਾਪ ਤੋਂ ਕਈ ਸੁਆਰੀਆਂ ਚੜ੍ਹੀਆਂ। ਬੱਸ ਦੀਆਂ ਤਕਰੀਬਨ ਸੱਭ ਸੀਟਾਂ ਭਰ ਚੁੱਕੀਆਂ ਸਨ। ਸਿਰਫ਼ ਬਜ਼ੁਰਗ ਦੇ ਨਾਲ ਵਾਲੀ ਸੀਟ ਖਾਲੀ ਪਈ ਸੀ। ਇੱਕ ਪੱਚੀਆਂ ਕੁ ਵਰ੍ਹਿਆਂ ਦੀ ਅਪਟੂਡੇਟ ਜਿਹੀ ਗੋਰੀ ਨੂੰ ਸੀਟ ਨਾ ਮਿਲੀ। ਉਹ ਬਜ਼ੁਰਗ ਦੇ ਨੇੜੇ ਹੀ ਛੱਤ ਵਾਲਾ ਡੰਡਾ ਫੜ ਕੇ ਖੜ ਗਈ। ਬਜ਼ੁਰਗ ਨੇ ਉਸਨੇ ਪੈਰਾਂ ਤੋਂ ਸਿਰ ਤੱਕ ਦੇਖਿਆ ਅਤੇ ਐਨਕਾਂ ਵਿੱਚੋਂ ਅੱਖਾਂ ਸਿਕੋੜਦੇ ਹੋਏ ਨੇ ਉਹਦੇ ਚੇਹਰੇ ਵੱਲ ਨੀਝ ਲਾਉਣ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਜਗਹ ਤੇ ਹੀ ਥੋੜ੍ਹਾ ਹੋਰ ਸਿਕੁੜ ਕੇ ਬੈਠ ਗਿਆ ਜਿਵੇਂ ਕਿ ਆਪਣੇ ਵੱਲੋਂ ਉਸ ਮੁਟਿਆਰ ਨੂੰ ਸ੍ਰਿਸ਼ਟਾਚਾਰ ਵਜੋਂ ਕਹਿ ਰਿਹਾ ਹੋਵੇ ਕਿ ਬੀਬਾ ਖੜ੍ਹੀ ਕਾਹਤੋਂ ਆਂ ਇਸ ਖਾਲੀ ਸੀਟ ਤੇ ਬੈਠ ਜਾ। ਪਰ ਸ਼ਾਇਦ ਉਸ ਬੀਬਾ ਨੂੰ ਬਜ਼ੁਰਗ ਦਾ ਸ੍ਰਿਸ਼ਟਾਚਾਰ ਚੰਗਾ ਨਹੀਂ ਲੱਗਾ ਜਾਂ ਉਸਨੂੰ ਮੈਲੇ ਜਿਹੇ ਅਤੇ ਪੱਗ ਦਾੜ੍ਹੀ ਵਾਲੇ ਬੁੜ੍ਹੇ ਦੇ ਕੋਲ ਬੈਠਣਾ ਠੀਕ ਨਾ ਲੱਗਾ। ਬੈਠਣ ਦੀ ਬਜਾਏ ਉਹ ਬੱਸ ਦੇ ਪਿੱਛੇ ਵੱਲ ਜਾ ਕੇ ਇੱਕ ਹੋਰ ਡੰਡਾ ਫੜ ਕੇ ਖੜੀ ਹੋ ਗਈ। ਬਜ਼ੁਰਗ ਨੇ ਮੁੜ ਨੀਵੀਂ ਪਾ ਲਈ।

ਮੈਨੂੰ ਉਸ ਨੱਕ ਚੜ੍ਹੀ ਮੁਟਿਆਰ ਦਾ ਵਰਤਾਅ ਅੱਛਾ ਨਾ ਲੱਗਾ ਤੇ ਮੈਨੂੰ ਲੱਗਾ ਕਿ ਸ਼ਾਇਦ ਬਜ਼ੁਰਗ ਦੇ ਮਨ ਨੂੰ ਭੀ ਠੇਸ ਪਹੁੰਚੀ ਹੈ। ਸ਼ਾਇਦ ਇਸੇ ਕਰਕੇ ਉਹ ਚੁੱਪ ਹੋ ਗਿਆ ਸੀ। 'ਤੁਹਾਡੇ ਘਰੋਂ ਭੀ ਇੱਥੇ ਈ ਆ?' ਮੈਂ ਪੁੱਛਿਆ। ਬਜ਼ੁਰਗ ਦੀ ਸੋਚਾਂ ਦੀ ਲੜੀ ਫ਼ਿਰ ਟੁੱਟੀ। 'ਕਾਹਨੂੰ.....' ਲੱਗ ਪੱਗ ਰੋਣ ਹਾਕੀ ਆਵਾਜ਼ ਵਿੱਚ ਬੋਲਿਆ, '.....ਉਹ ਤਾਂ ਬਚਾਰੀ...ਸਾਲ ਕੁ ਹੋਇਆ ਤਾਂ ....ਗੁਜ਼ਰ ਗਈ....।..... ਪੈਲ੍ਹਾਂ ਏਹਦੀਆਂ ਸੁੱਖਾਂ, ਫੇਅ ਏਦ੍ਹੇ ਗਾਹਾਂ ਮੁੰਡਿਆਂ ਦੀਆਂ...ਸਾਰੀ ਉਂਬਰ ਉਨ ਤਾਂ ਬੱਸ ਏਹੀ....ਫ਼ਿਕਰਾਂ ਨੇ ਈ ਬਚਾਰੀ ਖਾ ਲਈ....'

ਕੁੱਝ ਦੇਰ ਚੁੱਪ ਰਹਿਕੇ ਜਿਵੇਂ ਯਾਦ ਕਰਦਾ ਹੋਵੇ, '....ਬੜਾ ਚਾਅ ਸੀ ਉਹਨੂੰ ਪੋਤਿਆਂ ਦਾ...ਕਨੇਡੇ ਦਾ....। ਇਹ ਸੌਰ੍ਹਾ ਐਸਾ ਕਨੇਡੇ ਆਇਆ ਮੁੜਕੇ ਮਿਲਣ ਈ ਨੀ ਗਿਆ....ਚਿੱਠੀ ਚਪੱਠੀ ਭੀ ਲੰਘੇ ਡੰਗ ਪੋਂਦਾ....ਮਾਂ ਏਦ੍ਹੀ ਝੀਕਦੀ ਰੈਂਦੀ ਹਰ ਬਰ੍ਹੇ...ਕਦੇ ਕਹਿਣਾ ਕਿ ਨਿਆਣੇ ਹੱਲੇ ਨਿੱਕੇ ਆ, ਗਾਹਾਂ ਦੇ ਬਰ੍ਹੇ ਆਮਾਂਗੇ...ਕਦੇ ਅਸੀਂ ਨਮੀਂ ਕਾਰ ਲੈ ਲਈ....ਕਦੇ ਅਸੀਂ ਨਮਾਂ ਘਰ ਲੈ ਲਿਆ, ਆ ਨੀ ਹੋਣਾ...। ਓਹ ਜੈਲਦਾਰਨੀ ਦਾ ਬੋਲ ਕਿ ਠੰਡੇ ਮੁਲਖੀਂ ਜਾਕੇ ਲਹੂ ਭੀ ਠੰਡਾ ਹੋ ਰੈਂਦ੍ਹਾ, ਓਦ੍ਹੇ ਪੁੱਤ ਬੀ ਓਦ੍ਹੀ ਬਾਤ ਨੀ ਪੁੱਛਦੇ...'। ਕੁੱਝ ਦੇਰ ਚੁੱਪ ਰਹਿ ਕੇ ਫ਼ਿਰ ਬੋਲਿਆ, 'ਉੱਦਾਂ ਤਾਂ ਖਰਾ ਹੋਇਆ ਕਿਸ਼ਨ ਕੁਰ ਚਲੇ ਗਈ....ਬਚ ਗਈ ਨਈਂ ਤਾਂ ਮੇਰੇ ਬਾਲੀ ਖੇਹ ਉਨ ਭੀ ਰੱਲਣੀ ਸੀ....'

ਮੁਹਰਲੀਆਂ ਸੀਟਾਂ ਦੀਆਂ ਸੁਆਰੀਆਂ ਕਦੇ ਬਜ਼ੁਰਗ ਨੂੰ ਤੇ ਕਦੇ ਮੈਨੂੰ ਕੁੱਝ ਧਿਆਨ ਨਾਲ ਦੇਖ ਰਹੀਆਂ ਸਨ। ਬਜ਼ੁਰਗ ਨੂੰ ਜਿਵੇਂ ਮਸੀਂ ਕੋਈ ਦੁੱਖ ਫਰੋਲਣ ਵਾਲਾ ਮਿਲਿਆ ਹੋਵੇ। ਕੁੱਝ ਚਿਰ ਚੁੱਪ ਰਹਿ ਕੇ ਆਪ ਹੀ ਬੋਲ ਪਿਆ, '..ਲੈ ਆਹ ਕੋਈ ਬਰੇਸ ਆ ਮੇਰੀ....ਐਸੀਆਂ ਨੂੰ ਢੁਕਿਆ ਆਂ.....ਫ਼ਾਰਮਾਂ ਨੂੰ ਭੇਜ ਤਾ ਮੈਨੂੰ...ਅਖੇ ਘਰ ਬੇਹਲਾ ਬੈਠਣ ਨਾਲੋਂ ਖਰਾ...ਨਾਲੇ ਸਾਰਾ ਸਾਲ ਪੈਸੇ ਔਂਦੇ ਰ੍ਹੈਣਗੇ.....। .....ਤੀਏ ਦਿਨ ਮੈ ਤੋਂ ਉੱਠੇ ਈ ਨੀ ਹੋਇਆ....ਗੋਡੇ ਭੀ ਕੀ ਕਰਨ .....ਬਥੇਰਾ ਕੀਤਾ ਸਾਰੀ ਉਂਬਰ....ਰੂਚ ਰੂਚ ਖੇਤ ਭੀ ਕੱਢ ਦੇਈਦਾ ਸੀ ਦਿਆੜੀ ਦਾ....ਪਰ ਫੇਦਾ ਕੀ ਹੋਇਆ ਜਦ ਏਸ ਬਰੇਸੇ ਕੋਈ ਫਿਟੇ ਮੂੰਅ ਨੀ ਕੈਂਦਾ....?' ਬਜ਼ੁਰਗ ਨੇ ਜਿਵੇਂ ਆਪਣੇ ਆਪ ਨੂੰ ਕਿਹਾ।

'ਚਲੋ ਭਾਈਆ ਜੀ ਖਾਣ ਪਹਿਨਣ ਨੂੰ ਮਿਲਦਾ ਰਹੇ, ਏਹੀ ਬੜਾ।' ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਬਜ਼ੁਰਗ ਨੂੰ ਕੀ ਹੌਂਸਲਾ ਦਿਆਂ।

'...ਸਵੇਰ ਨੂੰ ਕੱਪ ਚਾਹ ਦਾ ਪੀਕੇ ਗੁਰਦੁਆਰੇ ਆ ਜਾਈਦਾ...ਸ਼ਾਮ ਦਾ ਲੰਗਰ ਛਕ ਕੇ ਈ ਬੱਸੇ ਬੈਠੀਦਾ....।... ਨੋਂਹ ਮੇਰੀ ਇੱਕ ਦਿਨ ਫੂਨ ਤੇ ਕਿਸੇ ਨਾਲ ਕਰਦੀ ਸੀ....ਅਖੇ ਬੁੜਾ ਕੰਮ ਕਰਨ ਦਾ ਮਾਰਾ ਗੋਡੇ ਫੜ ਕੇ ਬੇਹ ਗਿਆ....ਕੰਮ ਕਰਦਾ ਹੁੰਦਾ ਤਾਂ ਫ਼ਾਰਮਾ 'ਚ ਈ ਛੱਡ ਦੇਣਾ ਸੀ, ਏਹਨੂੰ ਬਾਥਰੂਮ ਬਰਤਣ ਦਾ ਨੀ ਪਤਾ....।'

....ਉਦੱਣ ਦਾ ਆਪਾਂ ਤਾਂ ਸੌਣ ਵੇਲੇ ਈ ਘਰ ਜਾਈਦਾ.....ਬੇਸਮਿੰਟ ਵਿੱਚ ਇੱਕ ਮੰਜਾ ਦਿੱਤਾ ਆ...। ਘਰ ਭੀ ਕੀ ਕਰਾਂ...ਉਪਰ ਨਿਆਣੇ ਉੱਚੀ ਉੱਚੀ ਟੀ ਵੀ ਲਾ ਰੱਖਦੇ ਆ...ਓਦ੍ਹੇ ਵਿੱਚ ਆ ਜਾਂਘੀਏ ਜਿਹੇ ਲਾਈ ਟੱਪਦੀਆਂ ਰੈਂਹਦੀਆਂ। ....ਕਦੇ ਮੈਨੂੰ ਕੈਂਹਦੇ ਆ ਤੇਰੀ ਦਾੜ੍ਹੀ ਚੋਂ ਮੁਸ਼ਕ ਔਂਦਾ...। ਮੁੰਡੇ ਕੋਲ ਟੈਮ ਈ ਨੀ ਹਾਲ ਪੁੱਛਣ ਦਾ....ਜਾਂ ਕੰਮ ਤੇ ਓਵਰ ਟੈਮ....ਜਾਂ ਭਾਈਬੰਦਾ ਨਾਲ ਪੀਈ ਜਾਣੀ....ਘਰਾਂ

ਦੀਆਂ ਈ ਗੱਲਾਂ ਕਰਦੇ ਰੈਂਦੇ ਆ...ਨਮੇਂ ਘਰ....ਬੜੇ ਘਰ.....ਇਨ੍ਹਾਂ ਨੂੰ ਕੌਣੀ ਪੁੱਛੈ....ਬੁੜ੍ਹੇ ਤਾਂ ਤੁਹਾਡੇ ਸੜਕਾਂ ਤੇ ਰੁਲਦੇ ਫ਼ਿਰਦੇ ਆ...ਕੀ ਕਰਨਾ ਬੜੇ ਘਰਾਂ ਨੂੰ....।' ਬਜ਼ੁਰਗ ਦੀ ਗੱਲ ਨੇ ਮੈਨੂੰ ਲਾਜਵਾਬ ਕਰ ਦਿੱਤਾ। ਫ਼ਿਰ ਕੁਝ ਹਿਰਖ ਨਾਲ ਬੋਲਿਆ '.....ਹਰ ਬੀਕ ਐਂਡ ਖੰਡ ਪਾਠ...ਜਾਂ ਪਾਰਟੀ......ਮੇਰੀ ਕੇਹਨੂੰ ਲੋੜ ਆ ਕੋਈ....'

'ਕੋਈ ਨਹੀਂ ਭਾਈਆ ਜੀ, ਇਸ ਤਰ੍ਹਾਂ ਨਾ ਕਹੋ, ਬੰਦੇ ਦੀ ਤਾਂ ਹਰ ਵੇਲੇ ਬੰਦੇ ਨੂੰ ਲੋੜ ਹੁੰਦੀ ਹੈ ਨਾਲੇ ਬਜ਼ੁਰਗਾਂ ਦੀ ਤਾਂ...' ਮੇਰੀ ਗੱਲ ਕੁੱਝ ਵਿੱਚੇ ਹੀ ਕਟਦਾ ਬੋਲਿਆ 'ਹਾਂਅ....। ਜੇ ਓਹ ਜੀਂਦੀ ਹੁੰਦੀ ਤਾਂ ਮੈਂ ਕਦੋ ਦਾ ਪਿੰਡ ਮੁੜ ਜਾਣਾ ਸੀ ਪਰ ਉਹ ਤਾਂ .......।' ਬੱਸ ਜਾਰਜ ਮੈਸੀ ਸੁਰੰਗ ਪਾਰ ਕਰ ਰਹੀ ਸੀ ਤੇ ਖੜਾਕੇ ਵਿੱਚ ਮੈਨੂੰ ਉਸਦੀ ਬਾਕੀ ਗੱਲ ਸਮਝ ਨਾ ਪਈ। ਸੁਰੰਗ ਪਾਰ ਕਰਕੇ ਬੱਸ ਅਗਲੀ ਲਾਈਟ ਤੋਂ ਲੈਡਨਰ ਵੱਲ ਮੁੜ ਗਈ। ਨੌਂ ਕੁ ਵੱਜ ਚੁੱਕੇ ਸਨ ਪਰ ਅਜੇ ਭੀ ਦਿਨ ਛਿਪਿਆ ਨਹੀਂ ਸੀ।

'ਲੈਡਨਰ ਆ ਗਿਆ ਭਾਈਆ ਜੀ, ਕਿੱਥੇ ਕੁ ਉਤਰਨਾ ਤੁਸੀਂ?'

ਬਜ਼ੁਰਗ ਜਿਵੇਂ ਖਿਆਲਾਂ ਵਿੱਚੋਂ ਫ਼ਿਰ ਜਾਗਿਆ ਹੋਵੇ, '...ਹੈਂਅ...ਆ ਗਏ...।' ਫ਼ਿਰ ਐਨਕ ਦੇ ਸ਼ੀਸ਼ਿਆਂ ਵਿੱਚੀਂ ਅੱਖਾਂ ਸਿਕੋੜਦਾ ਬਾਹਰ ਵੱਲ ਦੇਖ ਕੇ ਬੋਲਿਆ, '..ਅਜੇ ਤਾਂ ਕਈ ਦਿਨ ਪਿਆ...ਔਹ ਪਾਰਕ ਕੋਲ ਲਾਹਦੇ ਮੈਨੂੰ....ਗਾਹਾਂ ਮੈਂ ਤੁਰ ਕੇ ਚਲਾ ਜਾਊਂ...ਨੇੜੇ ਈ ਆ....।'

ਮੈਂ ਪਾਰਕ ਦੇ ਕੋਲ ਬੱਸ ਰੋਕੀ, 'ਚੰਗਾ ਬਈ ਜੁਆਨਾ...'ਕਹਿ ਕੇ ਬਜ਼ੁਰਗ ਹੌਲੀ ਹੌਲੀ ਬੱਸ ਵਿੱਚੋਂ ਉੱਤਰ ਗਿਆ। ਬਾਹਰ ਆਕੇ ਉਸਨੇ ਇੱਕ ਵਾਰ ਨੀਝ ਜਿਹੀ ਲਾਕੇ ਸੂਰਜ ਵੱਲ ਦੇਖਿਆ ਜਿਵੇਂ ਅੰਦਾਜ਼ਾ ਲਗਾਉਂਦਾ ਹੋਵੇ ਕਿ ਅਜੇ ਕਦੋਂ ਕੁ ਹਨੇਰਾ ਹੋਵੇਗਾ। ਹੌਲੀ ਹੌਲੀ ਖੂੰਡੀ ਦੇ ਆਸਰੇ ਤੁਰਦਾ ਉਹ ਪਾਰਕ ਵਿੱਚ ਪਏ ਬੈਂਚ ਉਪਰ ਮਲਕ ਦੇਣੀ ਸੂਰਜ ਵੱਲ ਮੂੰਹ ਕਰਕੇ ਬੈਠ ਗਿਆ। ਇੱਕ ਹੱਥ ਨਾਲ ਗੋਡੇ ਦੱਬਦਾ ਅਤੇ ਦੂਸਰਾ ਹੱਥ ਖੂੰਡੀ ਤੇ ਟਿਕਾ ਕੇ ਉਸ ਉਪਰ ਮੂੰਹ ਧਰਕੇ ਫ਼ਿਰ ਜਿਵੇਂ ਡੂੰਘੇ ਖਿਆਲਾਂ ਵਿੱਚ ਗੁਆਚ ਗਿਆ। ਮੈਂ ਬੱਸ ਦੀ ਤਾਕੀ ਰਾਹੀਂ ਅਜੇ ਭੀ ਓਸ ਵੱਲ ਦੇਖ ਰਿਹਾ ਸੀ ਅਤੇ ਮੇਰੇ ਲਈ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਰਿਹਾ ਸੀ ਕਿ ਉਹ ਅੱਜ ਦੇ ਦਿਨ ਦਾ ਸੂਰਜ ਡੁੱਬਣ ਦਾ ਇੰਤਜ਼ਾਰ ਕਰ ਰਿਹਾ ਹੈ ਜਾਂ ਕਿ ਆਪਣੇ......।

* * * * * *

+++++++++++++++++++++++++++++++++++++++++++++++++++++++++++


ਆਪਣੇ ਮਨਪਸੰਦ ਦੀ ਛੋਟੀ ਕਾਰ ਤੋਂ ਲੈ ਕੇ ਵੱਡੀ ਕਾਰ, ਵੈਨ ਜਾਂ ਪਿਕ-ਅੱਪ ਖਰੀਦਣ ਜਾਂ ਟਰੇਡ ਕਰਨ ਲਈ ਜਾਂ ਸਲਾਹ ਮਸ਼ਵਰੇ ਲਈ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਸੇਲਜ਼ਮੈਨ

ਕਮਲਜੀਤ ਜੌਹਲ ਨੂੰ ਮਿਲੋ ਜਾਂ ਫੋਨ ਕਰੋ।

*BUY!... FINANCE!!!... LEASE!!! — IT'S YOUR CHOICE...*

**Kamaljit (Kam) Johal**

**Pager: 735-1035** **Res. 581-0729**


ਕਮਲਜੀਤ ਜੌਹਲ

**ED KLASSEN** GM

Pontiac Buick GMC Ltd.

**6280 SCOTT RD. SURREY, B.C. • *CALL 594-2277***

# FRONTIER CLOTH HOUSE

6695 MAIN ST.VANCOUVER,B.C.V5X 3H3

ਵੈਨਕੂਵਰ ਦੀ ਮੇਨ ਸਟਰੀਟ ਉਤੇ ਸੂਟਾਂ ਸਾੜ੍ਹੀਆਂ ਦਾ ਸੱਭ ਤੋਂ ਵੱਡਾ ਸਟੋਰ

ਦਾਜ ਅਤੇ ਵਰੀ ਵਾਸਤੇ ਵੰਨ ਸੁਵੰਨੇ ਸੂਟ ਤੇ ਸਾੜ੍ਹੀਆਂ ਲੈਣ ਲਈ ਅੱਜ ਹੀ ਮੇਨ ਸਟਰੀਟ ਤੇ ਫਰੰਟੀਅਰ ਕਲਾਥ ਹਾਊਸ ਤੇ ਦਰਸ਼ਨ ਦਿਓ।
ਆਪਣੇ ਘਰ ਨੂੰ ਵਧੀਆ ਤੋਂ ਵਧੀਆ ਪਰਦਿਆਂ ਨਾਲ ਸਜਾਉਣ ਲਈ ਫਰੀ ਐਸਟੀਮੇਟ ਲੈਣ ਲਈ ਫ਼ੂਨ ਕਰੋ

ਕੀ ਤੁਸੀਂ ਅਮਰੀਕਾ ਵਿਚ ਕਪੜੇ ਦਾ ਸਟੋਰ ਖੋਲ੍ਹਣ ਦੀ ਵਿਚਾਰ ਕਰਦੇ ਹੋ ਤਾਂ ਸਾਨੂੰ ਵੈਨਕੂਵਰ ਵਿਚ ਫ਼ੂਨ ਕਰੋ ਜਾਂ ਮਿਲੋ ਕਿਓਂ ਕਿ ਸਾਡਾ ਵੇਅਰ ਹਾਊਸ ਅਮਰੀਕਾ ਵਿਚ ਵੀ ਹੈ।

:SUSHIL BATRA (604)325-4425 or 325-3515

ਫਰੰਟੀਅਰ ਕਲਾਥ ਹਾਊਸ ਲਿਮ:

ਫਰੰਟੀਅਰ ਕਲਾਥ ਹਾਊਸ ਜੋ ਕਿ ਲੇਟੈਸਟ ਡਿਜ਼ਾਇਨ ਦੇ ਕੱਪੜੇ ਲਿਆਉਣ ਵਿੱਚ ਫਰੰਟ ਤੇ ਹੈ।

# ਵੱਖਰੀ ਨਸਲ

## ਹਰੀਸ਼ ਮਲਹੋਤਰਾ

ਮੈਂ ਪਿੱਛੇ ਜਿਹੇ ਇਕ ਦਿਨ ਆਪਣੇ ਦੋਸਤ ਨਾਲ ਗੁਆਂਢੀ ਸ਼ਹਿਰ ਵਿਚ ਮੀਟਿੰਗ ਤੇ ਗਿਆ ਜਿਸ ਵਿਚ ਏਸ਼ੀਅਨਾਂ, ਅਫਰੀਕਣਾਂ, ਕੈਰੇਬੀਅਨਾਂ ਅਤੇ ਦੋ ਵੱਖਰੀ ਨਸਲ ਦੇ ਮਾਪਿਆਂ ਦੇ ਬੱਚਿਆਂ ਦੇ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਹੋਇਆ ਸੀ। ਇਹ ਮਸਲੇ ਨਸਲਵਾਦ ਤੋਂ ਲੈ ਕੇ 'ਸ਼ਨਾਖਤ' ਤਕ ਕਈ ਨੁਕਤਿਆਂ ਵਲ ਉਂਗਲ ਕਰ ਰਹੇ ਸਨ ਅਤੇ ਇਸ ਸੱਦੀ ਹੋਈ ਇਕੱਤ੍ਰਤਾ ਵਿਚ ਵੀ ਹਰ ਤਰ੍ਹਾਂ ਦੇ ਲੋਕ ਸਨ। ਇੱਕ ਘੰਟੇ ਦੀ ਮੀਟਿੰਗ ਬਾਦ 'ਸ਼ਾਨ' ਨਾਂ ਦੀ ਮੁਟਿਆਰ ਫੁੱਟ ਫੁੱਟ ਕੇ ਰੋਣ ਲੱਗ ਪਈ। ਕੁੱਝ ਲੋਕ ਉਹਨੂੰ ਦਿਲਾਸਾ ਦੇਣ ਲੱਗ ਪਏ। 'ਸ਼ਾਨ' ਦੇਖਣ ਨੂੰ ਏਸ਼ੀਅਨ ਕੁੜੀ ਲਗਦੀ ਸੀ ਤੇ ਇਸੇ ਕਰਕੇ ਮੇਰਾ ਮਨ ਹੋਰ ਵੀ ਉਛਲ ਗਿਆ ਕਿ ਇਹਦੇ ਦੁੱਖ ਬਾਰੇ ਇਹਦੇ ਨਾਲ ਜ਼ਰੂਰ ਗੱਲ ਕਰਾਂ। ਮੀਟਿੰਗ ਦੇ ਬਾਕੀ ਲੋਕ ਜਦ ਘਰਾਂ ਨੂੰ ਤੁਰਨ ਲੱਗੇ ਤਾਂ ਮੈਂ 'ਸ਼ਾਨ' ਨੂੰ ਇਕ ਪਾਸੇ ਕਰਕੇ ਉਹਦੇ ਨਾਲ ਥੋੜ੍ਹੀ ਜਹੀ ਗਲ ਕੀਤੀ,। "'ਸ਼ਾਨ' ਕੀ ਮੈਂ ਤੈਨੂੰ ਕਦੇ ਮਿਲ ਸਕਦਾਂ?" 'ਸ਼ਾਨ' ਨੇ 'ਹਾਂ' ਦਾ ਜੁਆਬ ਦੇਣ ਤੋਂ ਪਹਿਲਾਂ ਮੇਰੇ ਵਲ ਬੜੀ ਨੀਝ ਨਾਲ ਦੇਖਿਆ ਕਿ ਇਹ ਬੰਦਾ ਕੀ ਚਾਹੁੰਦਾ ਹੈ? ਮੈਂ 'ਸ਼ਾਨ' ਨੂੰ ਅਪਣਾ ਫੋਨ ਨੰਬਰ ਅਤੇ ਪਤਾ ਲਿਖਾ ਦਿਤਾ ਅਤੇ ਉਹਦਾ ਲਿਖ ਲਿਆ। ਵਾਇਦਾ ਕੀਤਾ ਕਿ ਜਲਦੀ ਹੀ ਉਸਨੂੰ ਮਿਲਾਂਗਾ। ਘਰ ਆ ਕੇ ਮੈਂ ਕਾਫੀ ਦੁਖੀ ਰਿਹਾ ਕਿ ਇਸ ਸੁਹਣੀ ਸੁਨੱਖੀ ਦੇਸੀ ਕੁੜੀ ਨੂੰ ਖੋਰੇ ਕੀ ਕੀ ਦੁੱਖ ਹਨ ਅਤੇ ਕੀ ਮੇਰੀ ਕਾਂਉਸਲਿੰਗ-ਗਲਬਾਤ ਕੁੱਝ ਉਹਦਾ ਸੰਵਾਰੇਗੀ ਵੀ। ਮੈਨੂੰ ਇਸ ਗੱਲ ਦਾ ਪਤਾ ਲੱਗ ਚੁੱਕਾ ਸੀ ਕਿ 'ਸ਼ਾਨ' ਦੇ ਅਸਲੀ ਮਾਪੇ ਦੋ ਵੱਖਰੀ ਨਸਲ ਦੇ ਹਨ ਅਤੇ ਉਹ ਆਪਣੇ ਆਪ ਨੂੰ 'ਗੁਆਚੀ' ਮਹਿਸੂਸ ਕਰਦੀ ਹੈ।

ਹੌਂਸਲਾ ਕਰ ਇਕ ਸ਼ਾਮ ਮੈਂ 'ਸ਼ਾਨ' ਨੂੰ ਫੋਨ ਕੀਤਾ ਕਿ ਉਹ ਕਿਸ ਦਿਨ ਮਿਲਣ ਆ ਸਕਦੀ ਹੈ? ਤਾਰੀਖ਼ ਅਤੇ ਸਮਾਂ ਨਿਸ਼ਚਤ ਕਰਨ ਬਾਦ ਮੈਂ ਉਹਨੂੰ ਮਿਲਣ ਦੀ ਤਾਂਘ ਵਿਚ ਸੋਚਦਾ ਰਿਹਾ ਕਿ 'ਸ਼ਾਨ' ਦੀ ਮੱਦਦ ਕਰਾਂਗਾ ਜ਼ਰੂਰ।

ਜਿਸ ਦਿਨ 'ਸ਼ਾਨ' ਘਰ ਆਈ ਉਸ ਦਿਨ ਮੈਂ ਅਤੇ ਮੇਰੀ ਬੱਚੀ ਵਾਸੁਧਾ ਘਰ ਸਾਂ। ਚਾਹ ਪੀਣ ਤੋਂ ਬਾਦ ਮੈਂ ਵਾਸੁਧਾ ਨੂੰ ਉਪਰ ਕਮਰੇ ਵਿਚ ਭੇਜ ਦਿਤਾ ਅਤੇ 'ਸ਼ਾਨ' ਨਾਲ ਗਲਬਾਤ ਕਰਨ ਲੱਗ ਪਿਆ। 'ਸ਼ਾਨ' ਨੂੰ ਮੈਂ ਦੱਸਿਆ ਕਿ ਉਹ ਨਿਝੱਕ ਮੇਰੇ ਨਾਲ ਸਾਰੀ ਗਲ ਕਰੇ ਤਾਂ ਕਿ ਮੈਂ ਸਾਰੇ ਕੇਸ ਦਾ ਜਾਇਜ਼ਾ ਲੈ ਕੇ ਉਹਦੀ ਵਿਤ ਮੁਤਾਬਕ ਮੱਦਦ ਕਰ ਸਕਾਂ। ਮੈਂ 'ਸ਼ਾਨ' ਨੂੰ ਆਪਣੇ ਬਾਰੇ ਪਹਿਲੀ ਮੁਲਾਕਾਤ ਵਿਚ ਹੀ ਦੱਸ ਚੁੱਕਾ ਸੀ ਅਤੇ ਸ਼ਾਇਦ ਇਹ ਹੀ ਕਾਰਣ ਸੀ ਕਿ ਉਹਨੂੰ ਮੇਰੇ ਤੇ ਯਕੀਨ ਹੋ ਗਿਆ ਸੀ ਤੇ ਉਹ ਹੁਣ ਮੇਰੇ ਕੋਲ ਮੇਰੇ ਘਰ ਬੈਠੀ ਸੀ। ਲੰਬੇ ਪਤਲੇ ਚੇਹਰੇ ਵਾਲੀ ਅਤੇ ਮੋਟੀਆਂ ਅੱਖਾਂ ਨਾਲ ਨਿਹਾਰ ਰਹੀ 'ਸ਼ਾਨ' ਨੇ ਦੱਸਣਾ ਸ਼ੁਰੂ ਕੀਤਾ, "ਮੇਰੀ ਹੁਣ ਉਮਰ 24 ਸਾਲ ਹੈ। ਮੇਰੇ ਦੋ ਹੋਰ ਭਰਾ ਅਤੇ ਦੋ ਭੈਣਾਂ ਵੀ ਹਨ। ਵੱਡਾ ਭਰਾ 30 ਵਰ੍ਹਿਆਂ ਦਾ ਹੈ ਅਤੇ ਛੋਟਾ 24 ਸਾਲ ਦਾ ਹੈ। ਛੋਟੀਆਂ ਭੈਣਾਂ 18 ਸਾਲ ਅਤੇ 9 ਸਾਲ ਦੀਆਂ ਹਨ। ਸਾਰੇ ਭੈਣ ਭਰਾ ਵੱਖਰੇ ਮਾਂ ਪਿਉ ਦੀ ਔਲਾਦ ਹਨ ਅਤੇ ਸਾਨੂੰ ਪਾਲਣ ਪੋਸ਼ਣ ਵਾਲੇ ਗੋਰੇ ਮਾਂ ਪਿਉ ਸਨ ਜਿਹਨਾਂ ਦੇ ਅਪਣੀ ਕੋਈ ਔਲਾਦ ਨਹੀਂ ਸੀ।" ਮੈਂ ਇਹ ਸਭ ਸੁਣ ਕੇ ਚੌਂਕ ਗਿਆ ਅਤੇ ਮੇਰੀ ਅੱਖਾਂ ਦੀ ਚੋੜਾਈ ਹੋਰ ਵੱਧ ਗਈ। ਸ਼ਾਨ ਨੇ ਗੱਲ ਚਾਲੂ ਰੱਖਦਿਆਂ ਦੱਸਿਆ, "ਮੇਰੀ ਗੋਰੀ ਮਾਂ ਦੀ ਉਮਰ 56 ਸਾਲ ਹੈ ਅਤੇ ਮੇਰਾ ਗੋਰਾ ਪਿਉ ਚਾਰ ਸਾਲ ਪਹਿਲਾਂ ਇਸ ਦੁਨੀਆਂ ਤੋਂ ਚਲਾ ਗਿਆ ਹੈ। ਡੈਡੀ ਦੀ ਉਸ ਵੇਲੇ ਉਮਰ 58 ਸਾਲ ਸੀ।

"ਮੈਨੂੰ ਮੇਰੇ ਅਸਲੀ ਮਾਂ ਬਾਪ ਬਾਰੇ ਮੇਰੇ ਗੋਰੇ ਮਾਂ ਬਾਪ ਨੇ ਕਦੇ ਨਹੀਂ ਸੀ ਦੱਸਿਆ ਪਰ ਮੈਂ ਪਤਾ ਕਰ ਲਿਆ ਹੈ ਕਿ ਮੈਂ ਅਜੇ 6 ਹਫਤਿਆਂ ਦੀ ਸੀ ਜਦੋਂ ਮੈਨੂੰ ਮਾਨਚੈਸਟਰ ਤੋਂ ਗੋਦ ਲੈ ਲਿਆ ਗਿਆ ਸੀ। ਮੇਰਾ 'ਜਨਮ-ਬਾਪ' ਇਕ ਇੰਡੀਅਨ ਡਾਕਟਰ ਸੀ ਅਤੇ 'ਜਨਮ-ਮਾਂ' ਇਕ ਗੋਰੀ ਨਰਸ ਸੀ। ਉਹਨਾਂ ਦੋਹਾਂ ਵਿਆਹ ਨਾਂ ਕਰਾਇਆ ਅਤੇ ਮੈਨੂੰ ਸਰਕਾਰੀ ਹਿਫ਼ਾਜ਼ਤ ਵਿਚ ਇਕ ਯਤੀਮ ਬੱਚੇ ਦੇ ਤੌਰ ਤੇ ਭੇਜ ਦਿਤਾ। ਮੈਂ ਉਹਨਾਂ ਬਾਰੇ ਕਦੇ ਹੋਰ ਖੋਜ ਕਰਨ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਮੈਨੂੰ ਉਹਨਾਂ ਤੇ ਬੜਾ ਗੁੱਸਾ ਹੈ ਕਿ ਅਪਣੀ ਖੁਸ਼ੀ ਬਦਲੇ ਮੈਨੂੰ ਬਲੀ ਦਾ ਬਕਰਾ ਕਿਉਂ ਬਣਾਇਆ ਗਿਆ? ਮੈਂ ਕੀ ਕਸੂਰ ਕੀਤਾ ਸੀ ਕਿ ਮੈਨੂੰ ਸਿੱਟ ਕੇ ਉਹ ਆਪ ਦੜਾ ਹੋ ਗਏ। ਇਹ ਸਭ ਸੋਚ ਕੇ ਮੇਰਾ ਖ਼ੂਨ ਉਬਾਲੇ ਖਾਣ ਲੱਗਦਾ ਹੈ ਕਿ ਮੈਂ ਕਦੇ ਵੀ ਅਪਣੀ ਜ਼ਿੰਦਗੀ ਵਿਚ ਇਸ ਤਰ੍ਹਾਂ ਨਹੀਂ ਕਰਾਂਗੀ।"

ਗੱਲ ਨੂੰ ਥੋੜ੍ਹਾ ਜਿਹਾ ਇਸ ਵਿਸ਼ੇ ਤੋਂ ਖਿਸਕਾਉਣ ਲਈ ਮੈਂ 'ਸ਼ਾਨ' ਨੂੰ ਉਹਦੇ ਭੈਣ ਭਰਾਵਾਂ ਬਾਰੇ ਪੁੱਛਿਆ ਕਿ ਕੀ ਉਹ ਸਭ ਵੀ ਵੱਖਰੇ ਵੱਖਰੇ ਮਾਂ ਬਾਪ ਦੀ ਔਲਾਦ ਹਨ? 'ਸ਼ਾਨ' ਨੇ ਸੰਭਲਦਿਆਂ ਕਿਹਾ,"ਮੇਰਾ ਵੱਡਾ ਭਰਾ ਅਫਰੀਕਣ ਹੈ ਅਤੇ ਵਿਆਹਿਆ ਨਹੀਂ ਹੈ। 18 ਸਾਲਾਂ ਭੈਣ ਵੀ ਅਫਰੀਕਣ ਹੈ ਅਤੇ ਉਹ ਵੀ ਅਜੇ ਕੁਆਰੀ ਹੈ। ਛੋਟੀ 9 ਸਾਲਾਂ ਦੀ ਭੈਣ ਦੀ ਮਾਂ ਅੰਗਰੇਜ਼ ਗੋਰੀ ਸੀ ਅਤੇ ਬਾਪ ਕੈਰੇਬੀਅਨ ਸੀ। ਅਸੀਂ ਸਾਰੇ ਭੈਣ ਭਰਾ ਇਕ ਦੂਜੇ ਨੂੰ ਭੈਣ ਭਰਾਵਾਂ ਵਾਂਗ ਹੀ ਮਿਲਦੇ ਹਾਂ ਅਤੇ ਇਕ ਪ੍ਰੀਵਾਰ ਦੇ ਆਪਣੇ ਆਪ ਨੂੰ ਮੈਂਬਰ ਸਮਝਦੇ ਹਾਂ। ਮੇਰੀ ਛੋਟੀ ਭੈਣ ਗੋਰੇ 'ਬੁਆਏਫਰੈਂਡ' ਨਾਲ ਤੁਰੀ ਫਿਰਦੀ ਹੈ ਅਤੇ ਮੇਰੀ ਘੱਟ ਹੀ ਉਹਦੇ ਨਾਲ ਬਣਦੀ ਹੈ। ਹਾਂ, ਕਦੇ ਕਦੇ ਨਸਲਵਾਦ ਬਾਰੇ ਗੱਲਾਂ

ਸਾਂਝੀਆਂ ਜ਼ਰੂਰ ਕਰਦੇ ਹਾਂ। ਮੇਰੀ ਜ਼ਿਆਦਾ ਆਪਣੀ ਮਾਂ ਨਾਲ ਹੀ ਬਣਦੀ ਹੈ। ਕਦੇ ਕੋਈ ਦੁੱਖ ਤਕਲੀਫ਼ ਹੋਵੇ ਤਾਂ ਮੈਂ ਉਹਦੇ ਕੋਲ ਚਲੀ ਜਾਂਦੀ ਹਾਂ। ਵੈਸੇ ਵੀ ਮੈਂ ਉਹਨੂੰ ਲਗਾਤਾਰ ਬਿਨਾ ਨਾਗਾ ਘੱਟੋ ਘੱਟ ਹਫਤੇ 'ਚ ਇਕ ਵਾਰ ਜ਼ਰੂਰ ਮਿਲਣ ਜਾਂਦੀ ਹਾਂ। ਮੈਂ ਆਪਣੇ ਭੈਣ ਭਰਾਵਾਂ ਨਾਲ ਗੋਦ ਲਏ ਬੱਚਿਆਂ ਅਤੇ ਕੁੱਝ ਦੇਰ ਲਈ ਕਿਸੇ ਕੋਲ ਠਹਿਰੇ ਬੱਚਿਆਂ ਬਾਰੇ ਅਕਸਰ ਗੱਲਾਂ ਕਰਦੀ ਹਾਂ। ਮੇਰੇ ਮਾਂ ਬਾਪ ਨੇ ਮੈਨੂੰ ਕਦੇ ਮੇਰੇ ਇੰਡੀਅਨ ਹੋਣ ਬਾਰੇ ਨਹੀਂ ਦੱਸਿਆ ਅਤੇ ਨਾਂ ਹੀ ਬਾਕੀ ਭੈਣ ਭਰਾਵਾਂ ਕੋਲ ਉਹਨਾਂ ਦੇ ਅਫਰੀਕਣ ਹੋਣ ਬਾਰੇ ਗਲ ਕੀਤੀ ਹੈ। ਮੇਰੇ ਮਾਂ ਬਾਪ ਰਹਿੰਦੇ ਵੀ ਉਸ ਇਲਾਕੇ ਵਿਚ ਸਨ ਜਿਥੇ ਜ਼ਿਆਦਾ ਗੋਰਿਆਂ ਦੀ ਵਸੋਂ ਸੀ ਅਤੇ ਸਿਰਫ ਦੋ ਕਾਲੇ ਪ੍ਰੀਵਾਰ ਹੀ ਉਥੇ ਮੈਂ ਦੇਖੇ ਸਨ। ਜਿਸ ਸਕੂਲ ਵਿਚ ਮੈਂ ਪੜ੍ਹਦੀ ਰਹੀ ਹਾਂ ਉਥੇ 6 ਜਾਂ 7 ਬੱਚੇ ਕਾਲੇ ਸਨ। ਮੈਂ ਅਜੇ ਛੇ ਕੁ ਵਰ੍ਹਿਆਂ ਦੀ ਹੋਵਾਂਗੀ ਜਦ ਗੋਰੇ ਬੱਚਿਆਂ ਨੇ ਮੈਨੂੰ ਨਸਲਵਾਦੀ ਗਾਲਾਂ ਬਕਣੀਆਂ ਸ਼ੁਰੂ ਕਰ ਦਿਤੀਆਂ ਸਨ। ਮੈਂ ਇਨ੍ਹਾਂ ਡਰ ਗਈ ਕਿ ਮੈਂ ਘਰ ਦੌੜ ਆਈ ਅਤੇ ਆਪਣੇ ਮਾਂ ਬਾਪ ਨੂੰ ਦੱਸਿਆ। ਮੇਰੇ ਮਾਂ ਬਾਪ ਮੈਨੂੰ ਦਿਲਾਸਾ ਦਿਤਾ ਅਤੇ ਸਕੂਲ ਜਾ ਕੇ ਮੁੱਖ-ਅਧਿਆਪਕ ਨੂੰ ਇਸ ਬਾਰੇ ਸ਼ਕਾਇਤ ਕੀਤੀ। ਪਰ ਗੋਰੇ ਬੱਚਿਆਂ ਤੇ ਕੋਈ ਅਸਰ ਨਹੀਂ ਸੀ। ਉਹ ਭਾਵੇ ਆਪਣੇ ਆਪ ਨੂੰ ਮੇਰੇ ਦੋਸਤ ਕਹਿੰਦੇ ਸਨ ਪਰ ਨਸਲੀ ਗਾਲਾਂ ਬਕ ਕੇ ਮੇਰੇ ਮਨ ਨੂੰ ਵਲੂੰਧਰਦੇ ਅਤੇ ਮੈਂ ਤੜਫਦੀ ਰਹਿ ਜਾਂਦੀ। ਮੈਂ ਸ਼ਾਇਦ ਉਸ ਵੇਲੇ 13 ਸਾਲ ਦੀ ਸੀ ਜਦ ਕੰਪਰੀਹੈਂਸਵ ਸਕੂਲ ਗਈ ਸੀ। ਕ੍ਰਿਸਮਸ ਵੇਲੇ ਜਦ ਮੈਂ ਆਪਣੀਆਂ ਸਹੇਲੀਆਂ ਨੂੰ ਦੱਸਿਆ ਕਿ ਮੇਰੀ ਮਾਂ ਨੇ ਮੈਨੂੰ ਕ੍ਰਿਸਮਸ ਕਾਰਡ ਦਿਤਾ ਹੈ ਤਾਂ ਉਹਨਾਂ ਪਟੱਕ ਦੇਣੀਂ ਕਿਹਾ, "ਕੋਈ ਹੈਰਾਨੀ ਵਾਲੀ ਗਲ ਨਹੀਂ ਹੈ ਕਿ ਤੇਰੀ ਮਾਂ ਨੇ ਤੈਨੂੰ ਸਿਰਫ ਕਾਰਡ ਹੀ ਦਿਤਾ ਹੈ। ਕਿਉਂਕਿ ਤੂੰ ਕਾਲੀ ਹਰਾਮਣ ਏਂ ਅਤੇ ਉਹ ਤੈਨੂੰ ਬਿਲਕੁਲ ਨਹੀਂ ਪਿਆਰ ਕਰਦੀ ਸਗੋਂ ਗਲ ਪਿਆ ਢੋਲ ਵਜਾ ਰਹੀ ਏ।" ਇਹ ਗਲ ਛੁਰੇ ਵਾਂਗ ਮੇਰੇ ਸੀਨੇ ਵਿਚ ਖੁੱਭ ਗਈ ਅਤੇ ਮੈਂ ਕਈ ਵਰ੍ਹੇ ਇਸ ਗਲ ਨੂੰ ਚੇਤੇ ਕਰਕੇ ਕੁੜ੍ਹਦੀ ਰਹੀ। ਘਰ ਜਾ ਕੇ ਜਦ ਮੈਂ ਆਪਣੀ ਮਾਂ ਨੂੰ ਇਸ ਬਾਰੇ ਦੱਸਿਆ ਤਾਂ ਉਹਨੇ ਪੁਲੀਸ ਕੋਲ ਸ਼ਕਾਇਤ ਕਰ ਦਿੱਤੀ। ਪੁਲੀਸ ਨੇ ਮੇਰੀਆਂ ਸਹੇਲੀਆਂ ਨੂੰ ਚੇਤਾਵਨੀ ਦਿੱਤੀ ਕਿ ਅੱਗੇ ਤੋਂ ਅਗਰ ਉਹਨਾਂ ਕੋਈ ਬਕੜਵਾਹ ਕੀਤਾ ਤਾਂ ਸਖ਼ਤ ਨੋਟਿਸ ਲਿਆ ਜਾਵੇਗਾ। ਪੁਲੀਸ ਉਹਨਾਂ ਦੇ ਮਾਪਿਆਂ ਨੂੰ ਜਾ ਕੇ ਵੀ ਮਿਲੀ। ਇਸ ਸਾਰੇ ਦਾ ਨਤੀਜਾ ਇਹ ਨਿਕਲਿਆ ਕਿ ਕੁੜੀਆਂ ਨੇ ਮੈਨੂੰ ਬੁਲਾਉਣਾ ਬੰਦ ਕਰ ਦਿਤਾ ਅਤੇ ਦੂਰੋਂ ਇਸ਼ਾਰਿਆਂ ਨਾਲ 'ਟੌਂਟ' ਕਰਦੀਆਂ। ਮੈਂ ਹੁਣ ਬਿਲਕੁਲ ਇਕੱਲੀ ਹੋ ਗਈ। ਮੈਂ ਘਰੋਂ ਬਾਹਰ ਜਾਣਾਂ ਬੰਦ ਕਰ ਦਿਤਾ ਅਤੇ ਆਪਣੇ ਆਪ ਨੂੰ ਘਰ 'ਚ ਸੁਰੱਖਿਅਤ ਮਹਿਸੂਸ ਕਰਦੀ। ਮੇਰੀਆਂ ਬਹੁਤੀਆਂ ਸਹੇਲੀਆਂ ਮੂੰਹ ਤੇ ਕੁੱਝ ਕਹਿੰਦੀਆਂ ਅਤੇ ਬਾਦ 'ਚ ਕੁੱਝ ਹੋਰ ਕਰਦੀਆਂ ਅਤੇ ਸ਼ਾਇਦ ਇਹ ਹੀ ਕਾਰਣ ਸੀ ਕਿ ਮੈਂ ਕੋਈ ਗੂੜ੍ਹੀ ਸਹੇਲੀ ਨਾਂ ਬਣਾ ਸਕੀ।

ਜਦ ਮੈਂ ਕਾਲਿਜ ਗਈ ਤਾਂ ਮੈਂ ਆਪਣੇ ਮਨ 'ਚ ਪੱਕਾ ਫੈਸਲਾ ਕਰ ਲਿਆ ਕਿ ਮੈਂ ਨਸਲਵਾਦ ਦਾ ਡੱਟ ਕੇ ਮੁਕਾਬਲਾ ਕਰਾਂਗੀ। ਮੇਰੇ 'ਚ ਸਵੈ-ਮਾਣ ਘਟਿਆ ਹੋਣ ਕਰਕੇ ਮੈਂ ਕਲਾਸ 'ਚ ਸਭ ਤੋਂ ਅਖੀਰਲੇ ਬੈਂਚ ਉਪਰ ਬੈਠਦੀ ਅਤੇ ਦੋ ਸਾਲ ਮੈਂ ਕਿਸੇ ਨਾਲ ਕੋਈ ਦੋਸਤੀ ਨਾਂ ਕੀਤੀ।

ਜਦ ਮੈਂ ਅਜੇ 16 ਵਰ੍ਹਿਆਂ ਦੀ ਸੀ ਮੈਂ ਇਕ ਵੈਸਟ ਇੰਡੀਅਨ ਲੜਕੇ ਨਾਲ ਦੋਸਤੀ ਪਾ.ਲਈ। ਉਹ ਮੇਰੇ ਤੋਂ ਸੱਤ ਮਹੀਨੇ ਛੋਟਾ ਸੀ ਅਤੇ ਮੈਂ ਅਕਸਰ ਉਹਦੇ ਨਾਲ ਅਪਣੇ ਮਨ ਦੀਆਂ ਤੈਹਾਂ ਖੋਹਲਦੀ। ਉਹਦੇ ਕੋਲੋਂ ਮੈਨੂੰ ਥੋੜੀ ਬਹੁਤ ਮੱਦਦ ਤਾਂ ਮਿਲਦੀ ਪਰ ਉਹ ਅਕਸਰ ਮੈਨੂੰ ਬੁਰਾ ਭਲਾ ਕਹਿੰਦਾ। ਮੈਂ ਉਹਦੇ ਨਾਲ ਤਕਰੀਬਨ ਸਾਢੇ ਛੇ ਸਾਲ ਮਿੱਤ੍ਰਤਾ ਰੱਖੀ ਅਤੇ ਜਦ ਮੈਨੂੰ ਇਹ ਪਤਾ ਲੱਗਾ ਕਿ ਉਹ ਗੋਰੀਆਂ ਨਾਲ ਵੀ ਐਸ਼ ਲੈ ਰਿਹਾ ਹੈ ਤਾਂ ਮੇਰਾ ਮਨ ਟੁੱਟ ਗਿਆ। ਨਸਲਵਾਦੀ ਤਜ਼ਰੁਬੇ ਤੋਂ ਡਰੀ ਹੋਣ ਕਰਕੇ ਮੈਂ ਉਹਦੇ ਨਾਲ ਇੰਨ੍ਹੀ ਦੇਰ ਬੱਝੀ ਰਹੀ ਸਾਂ ਅਤੇ ਇਸੇ ਕਰਕੇ ਉਹਦੀਆਂ ਆਪਹੁਦਰੀਆਂ ਸਹਾਰਦੀ ਰਹੀ ਸਾਂ ਪਰ ਜਦ ਉਹਦਾ ਗੋਰੀਆਂ ਕੁੜੀਆਂ ਵਾਲਾ ਪਾਖੰਡ ਸਾਹਮਣੇ ਆਇਆ ਤਾਂ ਮੈਂ ਸਹਾਰ ਨਾਂ ਸਕੀ। ਉਹਨੂੰ ਛੱਡਣ ਬਾਦ ਸਾਲ ਭਰ ਉਹ ਮੈਨੂੰ ਤੰਗ ਕਰਦਾ ਰਿਹਾ। ਇਕ ਵਾਰ ਜ਼ਬਰਦਸਤੀ ਪਕੜ ਕੇ ਕੈਦ ਕਰ ਲਿਆ ਅਤੇ ਮੈਨੂੰ ਮਾਰ ਦੇਣ ਦੀ ਧਮਕੀ ਵੀ ਦਿਤੀ। ਇਕ ਵਾਰ ਆਪਣੇ ਆਪ ਨੂੰ ਮਾਰ ਲੈਣ ਦਾ ਵੀ ਚਲਿੱਤਰ ਉਹਨੇ ਰਚਿਆ ਪਰ ਮੇਰਾ ਮਨ ਉਹਦੇ ਤੋਂ ਬੁਰੀ ਤਰ੍ਹਾਂ ਉਚਾਟ ਹੋ ਚੁੱਕਾ ਸੀ। ਮੈਂ ਉਹਦੇ ਨਾਲ ਜਦ ਬਹੁਤ ਹੀ ਭੈੜਾ ਵਰਤਾਵ ਕਰਨਾ ਸ਼ੁਰੂ ਕਰ ਦਿਤਾ ਤਾਂ ਜਾ ਕੇ ਉਹਦੇ ਤੋਂ ਛੁਟਕਾਰਾ ਹੋਇਆ। ਹੁਣ ਅਗਰ ਕਦੇ ਉਹ ਮੈਨੂੰ ਮਿਲੇ ਤਾਂ ਮੈਂ ਉਹਦੇ ਵਲ ਅੱਖ ਪੱਟ ਕੇ ਵੀ ਨਹੀਂ ਦੇਖਦੀ।

ਮੇਰੀ ਛੋਟੀ ਭੈਣ 'ਹੇਅਰ ਡਰੇਸਰ' ਹੈ ਅਤੇ ਇਕ ਕਾਲੇ ਅਫਰੀਕਣ ਦੀ 'ਗਰਲਫਰੈਂਡ' ਹੈ। ਕਾਲਾ ਅਫਰੀਕਣ ਮੁੰਡਾ ਵੀ ਇਕ ਗੋਰੇ ਮਾਂ ਬਾਪ ਨਾਲ ਰਹਿੰਦਾ ਹੈ ਅਤੇ ਉਹਨੂੰ ਵੀ ਮੇਰੇ ਵਾਂਗ ਉਹਦੇ ਅਸਲੀ ਮਾਂ ਬਾਪ ਨੇ ਛੋਟੇ ਹੁੰਦਿਆਂ ਹੀ ਛੱਡ ਦਿਤਾ ਸੀ। ਮੇਰੀਆਂ ਬਹੁਤੀਆਂ ਉਹ ਕੁੜੀਆਂ ਹੀ ਸਹੇਲੀਆਂ ਹਨ ਜਿਹਨਾਂ ਦੇ ਮਾਪੇ ਦੋ ਵੱਖਰੀ ਨਸਲ ਦੇ ਹਨ ਜਿਵੇਂ ਚੀਨੀ ਮਾਂ ਅਤੇ ਅੰਗਰੇਜ਼ ਬਾਪ ਜਾਂ ਅੰਗਰੇਜ਼ ਮਾਂ ਅਤੇ ਅਫਰੀਕਣ ਬਾਪ ਆਦਿ।

ਮੇਰਾ ਸੱਭ ਤੋਂ ਵੱਡਾ ਸੰਤਾਪ ਇਹ ਹੈ ਕਿ ਨਾਂ ਤਾਂ ਮੈਨੂੰ ਗੋਰੇ ਲੋਕ ਅਤੇ ਨਾਂ ਹੀ ਏਸ਼ੀਅਨ ਲੋਕ ਕਬੂਲਦੇ ਹਨ ਅਤੇ ਮੈਂ ਵਿਚ ਵਿਚਾਲੇ ਡੱਕੇ ਡੋਲੇ ਖਾਂਦੀ ਫਿਰਦੀ ਹਾਂ। ਮੈਂ ਇਕ ਆਪਣੀ ਕਾਲੀ ਸਹੇਲੀ ਰਾਹੀਂ ਇਕ ਏਸ਼ੀਅਨ ਪ੍ਰੀਵਾਰ ਨੂੰ ਮਿਲੀ ਸਾਂ। ਉਸ ਪ੍ਰੀਵਾਰ ਦਾ ਆਦਮੀ ਅਕਸਰ ਕਲੱਬ ਜਾਂਦਾ ਸੀ। ਇਕ ਵਾਰ ਇਕ "ਨਾਈਟ ਕਲੱਬ" 'ਚ ਉਹ ਮੈਨੂੰ ਮਿਲ ਪਿਆ ਅਤੇ ਇਸ ਬਾਰੇ ਜਾਕੇ ਆਪਣੀ ਪਤਨੀ ਨੂੰ ਦੱਸ ਦਿਤਾ। ਇਸੇ ਗੱਲ ਤੇ ਉਹਨਾਂ ਮੇਰੇ ਨਾਲ ਦੋਸਤੀ ਤੋੜ ਲਈ। ਇਕ ਵਾਰ ਮੈਂ ਆਪਣੇ ਕਾਲੇ ਭਰਾ ਨਾਲ ਡਿਸਕੋ ਗਈ ਅਤੇ 18-19 ਪਾਕਿਸਤਾਨੀਆਂ ਮੇਰੇ ਭਰਾ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ ਕਿ ਉਹ ਏਸ਼ੀਅਨ ਕੁੜੀ

ਲਈ ਫਿਰਦਾ ਹੈ। ਕੁੱਝ ਹਫਤਿਆਂ ਬਾਦ ਉਹਨਾਂ ਮੇਰੇ ਭਰਾ ਦੇ ਭੂਰਾ ਕੱਢ ਮਾਰਿਆ। ਸ਼ਾਨ ਨੇ ਦੱਸਿਆ, "ਮੈਂ ਅਕਸਰ ਆਪਣੀ ਚੀਨੀ ਸਹੇਲੀ ਨਾਲ ਵੀਕਐਂਡ ਤੇ ਡਿਸਕੋ ਜਾਇਆ ਕਰਦੀ ਸੀ ਅਤੇ ਉਥੇ ਇਕ ਗੋਰੇ ਮੁੰਡੇ ਨਾਲ ਦੋਸਤੀ ਹੋ ਗਈ ਜੋ ਮਸੀਂ ਛੇ ਕੁ ਮਹੀਨੇ ਰਹੀ। ਇਸ ਤੋਂ ਬਾਦ ਵੀ ਮੈਂ ਇਕ ਹੋਰ ਮੋਰੇ ਮੁੰਡੇ ਨਾਲ ਸੰਬੰਧ ਬਣਾਏ ਪਰ ਉਹ ਵੀ ਜ਼ਿਆਦਾ ਦੇਰ ਨਾਂ ਚਲ ਸਕੇ। ਗੋਰਾ ਮੁੰਡਾ ਅਕਸਰ ਮੈਨੂੰ ਦੱਸਦਾ ਕਿ ਉਹਦੇ ਗੋਰੇ ਦੋਸਤ ਉਹਨੂੰ ਕਈ ਤਰ੍ਹਾਂ ਦੀਆਂ ਗੱਲਾਂ ਕਹਿੰਦੇ ਹਨ ਅਤੇ ਤੰਗ ਕਰਦੇ ਹਨ ਕਿਉਂਕਿ ਉਹਦੀ ਇਕ ਏਸ਼ੀਅਨ ਕੁੜੀ ਨਾਲ ਯਾਰੀ ਸੀ। ਮੇਰੀ ਚੀਨੀ ਸਹੇਲੀ ਦੇ ਬੁਆਏਫਰੈਂਡ ਗੋਰੇ ਅੰਗਰੇਜ਼ ਨੇ ਵੀ ਉਹਦੇ ਨਾਲ ਇਸ ਕਰਕੇ ਸਬੰਧ ਬਣਾਏ ਸਨ ਕਿ ਉਹ ਚੀਨੀ ਕੁੜੀ ਨੂੰ ਸਪੇਨਿਸ਼ ਸਮਝਦਾ ਸੀ।"

"ਸ਼ਾਨ ਤੂੰ ਫਿਰ ਆਪਣੇ ਆਪ ਨੂੰ ਏਸ਼ੀਅਨਾਂ, ਗੋਰਿਆਂ ਜਾਂ ਕਿਹਨਾਂ ਨਾਲ ਦੀ ਸਮਝਦੀ ਹੈਂ?" ਮੈਂ ਸੁਆਲ ਕੀਤਾ। ਸ਼ਾਨ ਨੇ ਕਿਹਾ, "ਸੱਚ ਪੁੱਛੋਂ ਤਾਂ ਮੈਂ ਆਪਣੇ ਆਪ ਨੂੰ ਕਿਸੇ ਨਸਲ ਦੇ ਨੇੜੇ ਵੀ ਨਹੀਂ ਸਮਝਦੀ ਕਿਉਂਕਿ ਮੇਰਾ ਸਭਿਆਚਾਰਕ ਪਾਲਣ ਪੋਸ਼ਣ ਗੋਰਿਆਂ ਵਾਂਗ ਹੋਇਆ ਹੈ ਅਤੇ ਚਮੜੀ ਦਾ ਰੰਗ ਇੰਡੀਅਨਾਂ ਵਰਗਾ ਹੈ। ਗੋਰੀ ਮੈਂ ਬਣਨਾ ਨਹੀਂ ਚਾਹੁੰਦੀ ਕਿਉਂਕਿ ਉਹ ਮੈਨੂੰ ਨਫ਼ਰਤ ਕਰਦੇ ਹਨ ਅਤੇ ਇਹ ਹੀ ਕਾਰਣ ਹੈ ਕਿ ਗੋਰੇ ਮੁੰਡੇ ਮੇਰੇ ਵਲ ਨਹੀਂ ਖਿੱਚੇ ਜਾਂਦੇ। ਵੈਸੇ ਨਾਂ ਤਾਂ ਗੋਰੇ ਅਤੇ ਨਾਂ ਹੀ ਏਸ਼ੀਅਨ ਲੋਕ ਮੇਰੀ ਹੋਣੀ ਅਤੇ ਹਾਲਾਤ ਨੂੰ ਸਮਝਦੇ ਹਨ। ਮੈਂ ਏਸ਼ੀਅਨ ਬਣਨਾ ਚਾਹੁੰਦੀ ਹਾਂ ਪਰ ਮੈਨੂੰ ਨਾਂ ਤਾਂ ਕੋਈ ਏਸ਼ੀਅਨ ਬੋਲੀ ਆਉਂਦੀ ਹੈ ਅਤੇ ਨਾਂ ਹੀ ਏਸ਼ੀਅਨ ਸਭਿਆਚਾਰ ਬਾਰੇ ਕੋਈ ਸਮਝ ਹੈ। ਮੇਰਾ ਹਾਲ ਸਹੀ ਮਹਿਨਿਆਂ ਵਿਚ ਧੋਬੀ ਦੇ ਕੁੱਤੇ ਵਾਲਾ ਹੈ ਜੋ ਨਾਂ ਤਾਂ ਘਰ ਦੀ ਰਾਖੀ ਕਰ ਸਕਦਾ ਹੈ ਅਤੇ ਨਾਂ ਹੀ ਘਾਟ ਦੀ।

"ਮੈਨੂੰ ਏਸ਼ੀਅਨ ਸਭਿਆਚਾਰ ਦੀਆਂ ਮਾੜੀਆਂ ਗੱਲਾਂ ਤੋਂ ਵੀ ਡਰ ਲਗਦਾ ਹੈ ਕਿ ਉਹ ਔਰਤਾਂ ਨੂੰ ਦਬਾ ਕੇ ਰੱਖਦੇ ਹਨ ਅਤੇ ਉਹਨਾਂ ਨੂੰ ਘਟੀਆ ਸਮਝਦੇ ਹਨ। ਮੇਰੀਆਂ ਭਾਵਨਾਵਾਂ ਇਕ ਪਾਸੜ ਨਹੀਂ ਹਨ ਅਤੇ ਮੈਂ ਇਹ ਗਲ ਕਦੇ ਨਹੀਂ ਭੁੱਲਦੀ ਕਿ ਮੇਰੇ ਪਾਲਣ ਪੋਸਣ ਵਾਲੇ ਮਾਪੇ ਮੇਰੇ ਅਸਲੀ ਮਾਂ ਬਾਪ ਨਹੀਂ ਸਨ। ਮੈਂ ਵਿਆਹ ਕਰਾਉਣਾਂ ਤਾਂ ਚਾਹੁੰਦੀ ਹਾਂ ਪਰ ਸਮਝ ਨਹੀਂ ਲਗ ਰਹੀ ਕਿ ਉਹ ਏਸ਼ੀਅਨ ਬੰਦਾ ਕਿਥੇ ਬੈਠਾ ਹੈ ਜੋ ਮੈਨੂੰ ਚੰਗੀ ਤਰ੍ਹਾਂ ਸਮਝ ਸਕੇ। ਮੈਂ ਕਿਸੇ ਗੋਰੇ ਨਾਲ ਵਿਆਹ ਬਿਲਕੁਲ ਨਹੀਂ ਕਰਾਉਣਾਂ ਚਾਹੁੰਦੀ।" "ਕਿਉਂ?" ਮੈਂ ਪੁਛਿਆ। "ਇਸ ਲਈ ਕਿ ਮੈਂ ਨਹੀਂ ਚਾਹੁੰਦੀ ਕਿ ਮੇਰੇ ਬੱਚੇ ਵੀ ਮੇਰੇ ਵਾਂਗ ਦੁੱਖ ਤਕਲੀਫਾਂ ਸਹਾਰਨ। ਅਜੇ ਤਾਂ ਸਾਡਾ ਅਖੋਤੀ ਵਧੀਆਂ ਸਮਾਜ ਉਹਨਾਂ ਬੱਚਿਆਂ ਨੂੰ ਵੀ ਕਬੂਲਣਾਂ ਨਹੀਂ ਸਿੱਖਿਆ ਜਿਹਨਾਂ ਦੇ ਮਾਂ ਬਾਪ ਭਾਂਵੇ ਇੱਕੋ ਨਸਲ ਦੇ ਹੋਣ ਪਰ ਉਹ ਹੋਣ ਵੱਖਰੇ ਧਰਮਾਂ ਅਤੇ ਵੱਖਰੀਆਂ ਬੋਲੀਆਂ ਬੋਲਣ ਵਾਲੇ ਤੇ ਫਿਰ ਮੇਰੇ ਵਰਗੇ ਬੱਚਿਆਂ ਦਾ ਜੋ ਹਾਲ ਹੁੰਦਾ ਹੈ ਉਹ ਤਾਂ ਮੈਨੂੰ ਹੀ ਪਤਾ।" ਮੈਂ ਕਿਹਾ, "ਸ਼ਾਨ, ਮੇਰੇ ਕੋਲ ਏਸ਼ੀਅਨ ਸਭਿਆਚਾਰ ਬਾਰੇ ਕਈ ਵੀਡੀਉ ਫਿਲਮਾਂ ਹਨ। ਅਗਰ ਤੂੰ ਦੇਖਣਾਂ ਚਾਹੇਂ ਤਾਂ ਦੇਖ ਸਕਦੀਂ ਹੈਂ। ਦੂਜੀ ਗੱਲ ਪੰਜਾਬੀ ਸਿੱਖਣ ਦੀ ਹੈ। ਉਹ ਵੀ ਅਗਰ ਤੂੰ ਸਿੱਖਣੀ ਚਾਹੇਂ ਤਾਂ ਹਰ ਸ਼ਨਿਚਰਵਾਰ ਮੇਰੇ ਸਕੂਲ ਆ ਜਾਇਆ ਕਰ।" ਮੇਰੀ ਇਸ ਸਲਾਹ ਤੇ ਸ਼ਾਨ ਉੱਛਲ ਪਈ। ਬਾਦ 'ਚ ਉਹਨੂੰ ਮੈਂ ਕਈ ਵੀਡੀਉ ਫਿਲਮਾਂ ਦੇਖਣ ਨੂੰ ਦਿੱਤੀਆਂ ਅਤੇ ਉਹਨਾਂ ਬਾਰੇ ਵਿਚਾਰ ਵਿਟਾਂਦਰਾ ਕੀਤਾ। ਪੰਜਾਬੀ ਸਕੂਲ ਵੀ ਸ਼ਾਨ ਨੇ ਆਉਣਾਂ ਸ਼ੁਰੂ ਕਰ ਦਿਤਾ। ਇਹਨਾਂ ਗੱਲਾਂ ਨੇ ਉਹਦਾ ਸਵੈਮਾਣ ਵਧਾ ਦਿਤਾ।

* * * * * *

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ।

***New *Usaed * Trad-Ins Lowest Prices Guaranteed in B.C.**

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA **Royal Furniture Ltd.** MasterCard

**2607 Main St. (at 10 th. ave.), Vancouver, B.C. Tel. 874-9525**

**visa and master card accepted**

**LOWEST PRICES GURANTEED IN B.C.**

# ‘ਤਫਤੀਸ਼’:

## ਇਕ ਅਸਾਧਾਰਨ ਨਾਵਲ ਰਚਨਾ

ਰਘਬੀਰ ਸਿੰਘ

---

‘ਤਫਤੀਸ਼’ ਮਿੱਤਰ ਸੈਨ ਮੀਤ ਦੀ ਇਕ ਮੁੱਲਵਾਨ ਗਲਪ-ਰਚਨਾ ਹੈ ਜਿਸ ਉੁਪਰ ਉਹ ਵਾਜਬ ਤੌਰ ’ਤੇ ਮਾਣ ਕਰ ਸਕਦਾ ਹੈ। ਇਸ ਨਾਵਲ ਰਾਹੀਂ ਉਹ ਪ੍ਰਮਾਣਿਕ ਅਨੁਭਵ ਦੀ ਕਲਾਤਮਕ ਪੇਸ਼ਕਾਰੀ ਦਾ ਜਿਹੋ ਜਿਹਾ ਸਬੂਤ ਦਿੰਦਾ ਹੈ, ਉਸ ਸਦਕਾ ਉਹ ਪੰਜਾਬੀ ਦੇ ਪਹਿਲੀ ਸਫ ਦੇ ਨਾਵਲਕਾਰਾਂ ਵਿਚ ਸ਼ਾਮਲ ਹੋਣ ਦਾ ਅਧਿਕਾਰੀ ਬਣ ਜਾਂਦਾ ਹੈ। ਸੋਹਣ ਸਿੰਘ ਸੀਤਲ ਵਾਂਗ ਇਕ ਗਲਪਕਾਰ ਵਜੋਂ ਮਿੱਤਰ ਸੈਨ ਮੀਤ ਨੇ ਅਚੰਭਾਦਾਇਕ ਛੜੱਪੇ ਨਾਲ ਵਿਕਾਸ ਕੀਤਾ ਹੈ। ਜਿਵੇਂ ਸੀਤਲ ਦੀਆਂ ਪਹਿਲੀਆਂ ਗਲਪ-ਰਚਨਾਵਾਂ ਅਤੇ ‘ਜੰਗ ਜਾਂ ਅਮਨ’, ‘ਤੂਤਾਂ ਵਾਲਾ ਖੂਹ’ ਤੇ ‘ਜੁੱਗ ਬਦਲ ਗਿਆ’ ਆਦਿ ਮਗਰਲੀਆਂ ਨਾਵਲ-ਲਿਖਤਾਂ ਵਿਚ ਕਲਾ-ਪੱਧਰ ਦਾ ਇਕ ਵੱਡਾ ਅੰਤਰ ਵੇਖਿਆ ਜਾ ਸਕਦਾ ਹੈ, ਉਵੇਂ ਹੀ ‘ਤਫਤੀਸ਼’ ਨੂੰ ਮੀਤ ਵੱਲੋਂ ਰਚੇ ਗਏ ਪਹਿਲੇ ਦੋ ਨਾਵਲਾਂ ‘ਅੱਗ ਦੇ ਬੀਜ’ ਤੇ ‘ਕਾਫਲਾ’ ਦੇ ਟਾਕਰੇ ਰੱਖ ਕੇ ਵਾਚਿਆਂ ਬਹੁਤ ਹੈਰਾਨੀ ਭਰੀ ਖੁਸ਼ੀ ਹੁੰਦੀ ਹੈ।

ਮੀਤ ਦਾ ਇਹ ਨਾਵਲ ਉਸਦੀ ਆਪਣੀ ਇਕ ਗੌਰਵਸ਼ਾਲੀ ਸਾਹਿਤਕ ਪ੍ਰਾਪਤੀ ਤਾਂ ਹੈ ਹੀ, ਪੰਜਾਬੀ ਨਾਵਲ-ਸਾਹਿਤ ਦੀ ਵੀ ਇਕ ਨਿਵੇਕਲੀ ਪ੍ਰਾਪਤੀ ਹੈ। ‘ਤਫਤੀਸ਼’ ਜਿਥੇ ਕੁਝ ਜਾਣੀਆਂ-ਪਛਾਣੀਆਂ ਰੂੜ੍ਹੀਆਂ ਦੇ ਤਿਆਗ ਦੁਆਰਾ ਪੰਜਾਬੀ ਨਾਵਲ-ਰਚਨਾ ਦੇ ਨਵੇਂ ਦਿਸਹੱਦੇ ਉਜਾਗਰ ਕਰਦਾ ਹੈ, ਉਥੇ ਕੁਝ ਹੋਰਨਾਂ ਪੱਖਾਂ ਵਿਚ ਇਹ ਪੰਜਾਬੀ ਨਾਵਲ-ਸਾਹਿਤ ਵਿਚ ਉਤਰੀਆਂ ਨਵੀਆਂ ਪ੍ਰਵਿਰਤੀਆਂ ਨੂੰ ਹੋਰ ਵਿਸਤਾਰਦਾ ਤੇ ਵਿਕਸਿਤ ਕਰਦਾ ਹੈ। ਉਦਾਹਰਣ ਵਜੋਂ ਕਿਸੇ ਭਾਂਤ ਦੀ ਪ੍ਰੀਤ-ਕਥਾ ਨੂੰ ਨਾਵਲ-ਰਚਨਾ ਦੀ ਮੂਲ ਟੇਕ ਬਣਾਉਣ ਜਾਂ ਘੱਟੋ ਘੱਟ ਇਕ ਅਹਿਮ ਤੰਦ ਬਣਾਉਣ ਅਤੇ ਫਿਰ ਪਾਤਰਾਂ ਨੂੰ ਦੋ ਵਿਰੋਧੀ ਧਿਰਾਂ ਵਿਚ ਰੱਖ ਕੇ ਨਾਇਕ ਦੀ ਧਿਰ ਉਤੇ ਬਹੁਤਾ ਧਿਆਨ ਕੇਂਦ੍ਰਿਤ ਕਰਨ ਦੀ ਰੂੜ੍ਹੀ ਭਾਈ ਵੀਰ ਸਿੰਘ ਤੋਂ ਆਰੰਭ ਹੋ ਕੇ ਜਸਵੰਤ ਸਿੰਘ ਕੰਵਲ ਤੱਕ ਪੰਜਾਬੀ ਨਾਵਲ ਜਗਤ ਵਿਚ ਪ੍ਰਵਾਨ ਚੜ੍ਹਦੀ ਰਹੀ ਹੈ। ਇਸ ਰੂੜ੍ਹੀ ਨੂੰ ਸੋਹਣ ਸਿੰਘ ਸੀਤਲ ਤੇ ਗੁਰਦਿਆਲ ਸਿੰਘ ਨੇ ਤੋੜਿਆ ਸੀ, ਅਤੇ ਇੰਝ ਨਾਵਲ ਉਤੋਂ ਆਦਰਸ਼ਵਾਦ ਤੇ ਰੁਮਾਂਸਵਾਦ ਦੀ ਪੁੱਠ ਨੂੰ ਉਤਾਰਨ ਦਾ ਯਤਨ ਕੀਤਾ ਸੀ। ਐਪਰ ਔਰਤ ਮਰਦ ਦੇ ਸੰਬੰਧਾਂ ਨੂੰ ਨਾਵਲ ਦੀ ਕਥਾ ਵਿਚ ਮਹੱਤਵਪੂਰਨ ਸਥਾਨ ਦੇਣ ਦੀ ਪਿਰਤ ਕਿਸੇ ਨਾ ਕਿਸੇ ਰੂਪ ਵਿਚ ਫੇਰ ਵੀ ਕਾਇਮ ਰਹੀ। ਏਥੋਂ ਤਕ ਕਿ ਅਸਲੋਂ ਨਵੀਂ ਪੀੜ੍ਹੀ ਦਾ ਇਕ ਹੋਰ ਸਮਰੱਥ ਗਲਪਕਾਰ ਕਰਮਜੀਤ ਸਿੰਘ ਕੁੱਸਾ ਵੀ ਰੁਮਾਂਸ ਤੇ ਆਦਰਸ਼ ਤੋਂ ਮੁਕਤ ਹੋ ਕੇ ਪੇਂਡੂ ਕਿਰਸਾਨੀ ਸਮਾਜ ਦੀ ਆਰਥਿਕ ਤੇ ਸਮਾਜਕ ਦਸ਼ਾ ਦੀ ਕਲਾਤਮਕ ਪੇਸ਼ਕਾਰੀ ਰਾਹੀਂ ਆਪਣੇ ਯਥਾਰਥਮੁਖ ਹੋਣ ਦੀ ਗਵਾਹੀ ਤਾਂ ਦਿੰਦਾ ਹੈ, ਪਰ ਉਹ ਵੀ ਔਰਤ ਤੇ ਮਰਦ ਦੇ ਸੰਬੰਧਾਂ ਨੂੰ ਕਹਾਣੀ ਦੀ ਮੂਲ ਚੂਲ ਬਣਾਉਣ ਦੀ ਰੂੜ੍ਹੀ ਤੋਂ ਪੱਲਾ ਨਹੀਂ ਛੁਡਾ ਸਕਿਆ। ਤਦ ਵੀ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਾਣੇ-ਪਛਾਣੇ ਤੇ ਚਰਚਿਤ ਨਾਵਲਕਾਰਾਂ ਤੋਂ ਬਿਨਾ ਇੱਕਾ-ਦੁੱਕਾ ਨਾਵਲ-ਰਚਨਾ ਕਰਨ ਵਾਲੇ ਕਈ ਹੋਰ ਲੇਖਕਾਂ ਨੇ ਪਰੰਪਰਕ ਵਿਸ਼ਿਆਂ ਤੋਂ ਹਟ ਕੇ ਪੰਜਾਬੀ ਨਾਵਲ ਨੂੰ ਕੁਝ ਵਿਸ਼ੇਗਤ ਪਾਸਾਰ ਅਵੱਸ਼ ਦਿੱਤਾ ਹੈ। ਮਿੱਤਰ ਸੈਨ ਮੀਤ ਦੇ ਨਾਵਲ ‘ਤਫਤੀਸ਼’ ਨੂੰ ਪੰਜਾਬੀ ਨਾਵਲ ਦੇ ਵਿਸ਼ੇਗਤ ਪਾਸਾਰ ਦੀ ਇਸ ਨਵੀਂ ਪ੍ਰਵਿਰਤੀ ਦੀ ਇਕ ਅਗਲੀ ਕੜੀ ਵੀ ਆਖਿਆ ਜਾ ਸਕਦਾ ਹੈ। ਐਪਰ ਇਸ ਨਾਵਲ ਦੇ ਵਿਸ਼ੇ-ਵਸਤ ਦੀ ਚੋਣ ਤੇ ਇਸ ਦੀ ਸਮੁੱਚੀ ਪੇਸ਼ਕਾਰੀ ਅਥਵਾ ਇਸ ਦੀ ਨਾਵਲੀ ਜੁਗਤ ਅਜਿਹੀ ਹੈ ਕਿ ਮੈਂ ਇਸ ਨੂੰ ਇਕ ਅਸਲੋਂ ਨਵੀਂ ਪ੍ਰਵਿਰਤੀ ਕਹਿਣਾ ਵਧੇਰੇ ਉਚਿਤ ਸਮਝਦਾ ਹਾਂ।

ਪ੍ਰੀਤ-ਕਥਾ ਬਿਆਨ ਕਰਨ ਜਾਂ ਨਾਇਕ-ਸਿਰਜਣ ਦੀ ਰੂੜ੍ਹੀ ਦਾ ਤਿਆਗ ਤਾਂ ਸਾਡੇ ਹੋਰਨਾਂ ਨਾਵਲਕਾਰਾਂ ਨੇ ਵੀ ਕੀਤਾ ਹੈ, ਪਰ ‘ਤਫਤੀਸ਼’ ਇਕ ਅਜਿਹਾ ਨਾਵਲ ਹੈ ਜਿਸ ਵਿਚ ਸ਼ਬਦ ਦੇ ਪ੍ਰਵਾਣਿਤ ਅਰਥਾਂ ਵਿਚ ਨਾਇਕ ਤਾਂ ਕੀ ਮੁੱਖ ਪਾਤਰ ਵੀ ਮੌਜੂਦ ਨਹੀਂ। ਵੈਸੇ ਨਾਵਲ ‘ਤਫਤੀਸ਼’ ਵਿਚ ਪਾਤਰਾਂ ਦੀ ਭਰਮਾਰ ਹੈ। ਏਨੇ ਜ਼ਿਆਦਾ ਗਿਣਤੀ ਵਿਚ ਪਾਤਰ ਇਸ ਨਾਵਲ ਵਿਚ ਮੌਜੂਦ ਹਨ ਕਿ ਉਹਨਾਂ ਸਭਨਾਂ ਨੂੰ ਕੁਸ਼ਲਤਾ ਸਹਿਤ ਪੇਸ਼ ਕਰ ਸਕਣ ਵਿਚ ਲੇਖਕ ਦੀ ਕਾਮਯਾਬੀ ਉਤੇ ਰਸ਼ਕ ਕਰਨਾ ਬਣਦਾ ਹੈ। ਐਪਰ ਇਸ ਵਿਚ ਕੋਈ ਅਜਿਹਾ ਵਿਅਕਤੀ ਮੌਜੂਦ ਨਹੀਂ ਜਿਸ ਦੁਆਲੇ, ਆਮ ਰੂਪ ਵਿਚ, ਨਾਵਲ ਦੀ ਕਹਾਣੀ ਉਸਾਰੀ ਗਈ ਹੁੰਦੀ ਹੈ। ਸ਼ਬਦ ਦੇ ਰਵਾਇਤੀ ਅਰਥਾਂ ਵਿਚ ਨਾਵਲ ਦਾ ਮੁਖ ਪਾਤਰ ਬੰਟੀ ਹੋਣਾ ਚਾਹੀਦਾ ਸੀ, ਉਹ ਬਾਲਕ ਜਿਸਨੂੰ ਅਗਵਾ ਕੀਤਾ ਗਿਆ ਹੈ ਅਤੇ ਜਿਸ ਦਾ ਕਤਲ ਹੋਇਆ ਹੈ। ਪਰ ਉਹ ਤਾਂ ਨਾਵਲ ਵਿਚ ਕਿਤੇ ਵੀ ਸਾਹਵੇਂ ਨਹੀਂ ਆਉਂਦਾ। ਵਾਸਤਵ ਵਿਚ ਨਾਵਲ ਦਾ ਮੁਖ ਪਾਤਰ ਕੋਈ ਇਕ ਵਿਅਕਤੀ ਨਹੀਂ, ਸਮੁੱਚੀ ਵਿਵਸਥਾ ਹੈ - ਸਮਾਜ-ਵਿਵਸਥਾ ਤੇ ਰਾਜ-ਵਿਵਸਥਾ-ਪੁਲੀਸ ਜਿਸ ਦਾ ਇਕ ਅੰਗ

ਹੈ। ਅਤੇ ਵਿਵਸਥਾ ਦੇ ਰੂਪ ਵਿਚ ਉਭਰਿਆ ਇਹ ਪਾਤਰ ਰਵਾਇਤੀ ਅਰਥਾਂ ਵਿਚ ਨਾਇਕ ਨਹੀਂ ਸਗੋਂ ਖਲਨਾਇਕ ਹੈ। ਵਿਵਸਥਾ ਦੇ ਇਸ ਖਲਨਾਇਕ ਵਾਲੇ ਚਰਿੱਤਰ ਨੂੰ ਪੇਸ਼ ਕਰਨਾ ਹੀ ਇਸ ਨਾਵਲ ਦਾ ਮਨੋਰਥ ਹੈ। ਇੰਝ ਵਿਅਕਤੀ ਦੀ ਥਾਂ ਵਿਵਸਥਾ ਨੂੰ ਪਾਤਰ ਦਾ ਰੋਲ ਦੇਣ ਅਤੇ ਨਾਇਕ ਧਿਰ ਦੀ ਥਾਂ ਖਲਨਾਇਕ ਧਿਰ ਉਤੇ ਹੀ ਸਮੁੱਚੇ ਨਾਵਲ ਦੀ ਰਚਨਾ ਕਰਨ ਰਾਹੀਂ ਮਿੱਤਰ ਸੈਨ ਮੀਤ ਨੇ, ਅਚੇਤ ਜਾਂ ਸੁਚੇਤ, ਪੰਜਾਬੀ ਨਾਵਲ-ਸਾਹਿਤ ਦੀ ਬਣਤ ਤੇ ਬੁਣਤ ਵਿਚ ਕਾਫੀ ਕੁਝ ਨਵਾਂ ਲੈ ਆਂਦਾ ਹੈ, ਜਿਸ ਦੇ ਅਗਾਂਹ ਹੋਰ ਵਿਕਸਤ ਹੋਣ ਦੀ ਸੰਭਾਵਨਾ ਹੈ।

ਨਾਵਲ ਦੀ ਕਥਾ ਅਨੁਸਾਰ ਇਕ ਛੋਟੇ ਜਿਹੇ ਬਾਲਕ ਬੰਟੀ ਨੂੰ ਕੁਝ ਅਣਪਛਾਤੀਆਂ ਸ਼ਕਤੀਆਂ ਵੱਲੋਂ ਅਗਵਾ ਕਰਕੇ ਉਸਦਾ ਕਤਲ ਕਰ ਦਿੱਤਾ ਜਾਂਦਾ ਹੈ। ਪਹਿਲਾਂ ਬੰਟੀ ਦੀ ਤਲਾਸ਼ ਵਿਚ ਤੇ ਫੇਰ ਉਸਦੀ ਲਾਸ਼ ਮਿਲਣ ਪਿਛੋਂ ਉਸਦੇ ਕਾਤਲਾਂ ਦੀ ਭਾਲ ਵਿਚ ਵਿਵਸਥਾ ਦਾ ਜੋ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਦੰਭ, ਕਪਟ ਤੇ ਭਰਿਸ਼ਟਾਚਾਰ ਨਾਲ ਏਨਾ ਗਲਿਆ-ਸੜਿਆ ਹੋਇਆ ਹੈ ਕਿ ਓਸ ਤੋਂ ਘ੍ਰਿਣਾ ਆਉਂਦੀ ਹੈ। ਬੰਟੀ ਦੇ ਕਾਤਲ ਤਾਂ ਪਕੜੇ ਨਹੀਂ ਜਾ ਸਕਦੇ। ਹਾਂ, ਦੋ ਨਿਰਦੋਸ਼ ਵਿਅਕਤੀ ਬਹੁਤ ਨਾਟਕੀ ਜਿਹੇ ਢੰਗ ਨਾਲ ਕਾਤਲਾਂ ਵਜੋਂ ਪੇਸ਼ ਅਵੱਸ਼ ਕੀਤੇ ਜਾਂਦੇ ਹਨ। ਪ੍ਰਾਚੀਨ ਕਥਾਵਾਂ ਵਿਚ ਵਹਿਸ਼ੀ ਕਿਸਮ ਦੀ ਰਾਜ-ਵਿਵਸਥਾ ਵੱਲੋਂ ਕਿਸੇ ਮੁਜ਼ਰਮ ਨੂੰ ਫਾਂਸੀ ਚੜ੍ਹਾਉਣ ਲਈ ਰਾਜੇ ਦੇ ਹੁਕਮਾਂ ਦੀ ਪਾਲਣਾ ਕਰਨ ਹਿਤ 'ਜਿਸ ਵੀ ਵਿਅਕਤੀ ਦੇ ਗਲ ਰੱਸਾ ਮੇਚ ਆ ਜਾਵੇ, ਉਸ ਨੂੰ ਹੀ ਫਾਹੇ ਲਾ ਦੇਣ' ਵਾਂਗ ਪ੍ਰਾਪਤ-ਵਿਵਸਥਾ ਜਾਂਗਲੀ ਚਰਿੱਤਰ ਦਾ ਪਰਿਚਯ ਦਿੰਦੀ ਹੈ।

ਬੰਟੀ ਦੇ ਕਤਲ ਤੇ ਉਸਦੇ ਕਾਤਲਾਂ ਨੂੰ ਫੜਨ ਦੀ ਨਾਵਲ ਦੀ ਇਹ ਕਹਾਣੀ ਕੇਵਲ ਦੋ ਹਫਤਿਆਂ ਦੇ ਸਮੇਂ ਅੰਦਰ ਨੇਪਰੇ ਚੜ੍ਹ ਜਾਂਦੀ ਹੈ। ਇਸ ਤਰ੍ਹਾਂ ਕਾਲਗਤ ਰੂਪ ਵਿਚ ਭਾਵੇਂ ਇਸ ਕਹਾਣੀ ਦਾ ਵਿਸਤਾਰ ਹੋਇਆ ਨਹੀਂ ਦਿਸਦਾ ਪਰ ਪ੍ਰੋਖ ਵਿਚ ਇਹ ਕਹਾਣੀ ਇਹਨਾਂ ਪੰਦਰਾਂ ਦਿਨਾਂ ਦੇ ਆਰ-ਪਾਰ ਦੂਰ ਤਕ ਵਰ੍ਹਿਆਂ ਵਿਚ ਫੈਲੇ, ਤਥਾ-ਕਥਿਤ ਲੋਕ-ਤੰਤਰੀ ਪ੍ਰਣਾਲੀ ਵਾਲੇ, ਇਕ ਸਮੁੱਚੇ ਕਾਲ-ਖੰਡ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਕਤਲ ਦੀ ਇਕ ਘਟਨਾ ਤੇ ਪੰਦਰਾਂ ਦਿਨਾਂ ਵਿਚ ਇਸਦੇ ਖਿਲਾਰ ਦੀ ਸੀਮਾ ਦੇ ਅੰਦਰ ਅੰਦਰ ਮਿੱਤਰ ਸੈਨ ਮੀਤ ਨੇ ਜੋ ਕੁਝ ਨਾਵਲ ਦੀ ਕਥਾ-ਵਸਤ ਵਿਚ ਸਮੋਇਆ ਹੈ, ਉਹ ਉਸਦੀ ਕਹਾਣੀ ਗੁੰਦਣ ਦੀ ਸਮਰੱਥਾ ਦੀ ਭਰਪੂਰ ਗਵਾਹੀ ਦਿੰਦਾ ਹੈ। ਤੇ ਨਾਲ ਦੀ ਨਾਲ ਹੀ ਪ੍ਰਾਪਤ ਸਮਾਜ ਤੇ ਰਾਜ-ਵਿਵਸਥਾ ਦਾ ਜਿੰਨਾ ਕਰੂਰ ਯਥਾਰਥਮਈ ਚਿਤਰ ਇਸ ਕਥਾ ਵਿਚੋਂ ਉਭਰਦਾ ਹੈ ਉਸ ਤੋਂ ਲੇਖਕ ਦੀ ਨੀਝ, ਉਸਦੇ ਅਨੁਭਵ ਤੇ ਉਸਦੀ ਦ੍ਰਿਸ਼ਟੀਗਤ ਪ੍ਰੋੜ੍ਹਤਾ ਦਾ ਵੀ ਪਰਿਚਯ ਮਿਲਦਾ ਹੈ।

ਜੇ ਵਿਵਸਥਾ ਏਨੀ ਗਲ-ਸੜ ਚੁੱਕੀ ਹੋਵੇ ਕਿ ਉਸ 'ਚੋਂ ਭਾਲਿਆਂ ਵੀ ਕੁਝ ਵੀ ਅਜਿਹਾ ਨਾ ਲੱਭੇ ਜਿਸਨੂੰ ਸਾਰਥਕ ਜਾਂ ਸਲਾਹੁਣਯੋਗ ਮਿਥਿਆ ਜਾ ਸਕੇ ਤਾਂ ਅਜਿਹੀ ਵਿਵਸਥਾ ਦੇ ਯਥਾਰਥ ਨੂੰ ਉਭਾਰਨ ਲਈ ਲੇਖਕ ਕਿਹੋ ਜਿਹੀ ਸ਼ੈਲੀ ਦਾ ਪ੍ਰਯੋਗ ਕਰੇ ,ਇਹ ਇਕ ਬੜਾ ਹੀ ਅਹਿਮ ਸਵਾਲ ਹੈ ਜਿਸਦਾ ਦਰੁਸਤ ਉੱਤਰ ਲੇਖਕ ਦੀ ਆਪਣੀ ਬੌਧਿਕ ਤੇ ਕਲਾਤਮਕ ਸਮਰੱਥਾ ਉਤੇ ਨਿਰਭਰ ਕਰਦਾ ਹੈ। ਕੀ ਉਹ ਇਸ ਵਰਤਾਰੇ ਨੂੰ ਗਹਿਰ-ਗੰਭੀਰ ਪੰਡਤਊ ਮੁਦਰਾ ਵਿਚ ਪੇਸ਼ ਕਰੇ, ਕੀ ਸੜੀ-ਗਲੀ ਵਿਵਸਥਾ ਦੇ ਸਮਾਨਾਂਤਰ ਆਦਰਸ਼-ਵਿਵਸਥਾ ਦਾ ਮਾਡਲ ਸਿਰਜੇ ਜਾਂ ਉਸਦੇ ਸੁਧਾਰ ਲਈ ਸੁਝਾਅ ਭਰੀਆਂ ਕੁਝ ਆਲੋਚਨਾਤਮਕ ਟਿੱਪਣੀਆਂ ਦੇਵੇ ਅਥਵਾ ਲੇਖਕ ਇਕ ਗੁਣਵਾਨ ਤੇ ਆਦਰਸ਼ਪਾਤਰ ਦਾ ਰੋਲ ਨਿਭਾਵੇ? ਮਿੱਤਰ ਸੈਨ ਮੀਤ ਨੇ ਅਵੱਸ਼ ਇਹਨਾਂ ਸਾਰੀਆਂ ਹੀ ਵਿਧੀਆਂ ਬਾਰੇ ਸੋਚਿਆ ਹੋਵੇਗਾ ਪਰ ਅੰਤਿਮ ਰੂਪ ਵਿਚ ਜੋ ਵਿਧੀ ਜਾਂ ਸ਼ੈਲੀ ਉਸਨੇ ਚੁਣੀ ਹੈ, ਕਟਾਖਸ਼ ਤੇ ਵਿਅੰਗ ਵਾਲੀ ਕਠੋਰ ਯਥਾਰਥਵਾਦ ਦੀ ਸ਼ੈਲੀ, ਹੀ, ਵਾਸਤਵ ਵਿਚ, ਇਸ ਤਰ੍ਹਾਂ ਦੇ ਵਿਸ਼ੇ ਦੇ ਨਿਭਾਅ ਲਈ ਉਪਯੁਕਤ ਸ਼ੈਲੀ ਹੈ। ਜਦੋਂ ਰੋਗ ਬਹੁਤ ਦੀਰਘ ਹੋਵੇ, ਤਾਂ ਆਦਰਸ਼ਵਾਦੀ ਬਿਰਤੀ ਕੁਝ ਨਹੀਂ ਸੰਵਾਰ ਸਕਦੀ, ਉਸ ਲਈ ਕਠੋਰ ਜਰਾਹੀ ਦਰਕਾਰ ਹੈ ਜਿਸ ਨਾਲ ਰੋਗ ਦੇ ਜੜ੍ਹੋਂ ਪੁੱਟੇ ਜਾਣ ਦੀ ਸੰਭਾਵਨਾ ਬਣੇ।

ਪ੍ਰਗਟ ਤੌਰ 'ਤੇ ਪੁਲਸ, ਇਸ ਨਾਵਲ ਵਿਚ ਪ੍ਰਾਪਤ ਵਿਵਸਥਾ ਦੇ ਮੁਖੀ ਅੰਗ ਵਜੋਂ ਉਭਰ ਕੇ ਸਾਹਵੇਂ ਆਉਂਦੀ ਹੈ ਤੇ ਉਚਿਤ ਰੂਪ ਵਿਚ ਪੁਲਸ ਦੇ ਵਿਹਾਰ ਉਤੇ ਨਾਵਲਕਾਰ ਨੇ ਸਰਚਲਾਈਟ ਸੁੱਟੀ ਹੈ ਜਿਸ ਵਿਚ ਡੀ ਆਈ ਜੀ, ਐਸ ਐਸ ਪੀ, ਡਿਪਟੀ ਸੁਪਰਡੰਟ ਪੁਲਸ, ਐਸ ਐਚ ਓ, ਇੰਸਪੈਕਟਰ, ਸਬ ਇੰਸਪੈਕਟਰ, ਹਵਾਲਦਾਰ, ਮੁਨਸ਼ੀ, ਸੰਤਰੀ ਤੇ ਸਾਧਾਰਨ ਸਿਪਾਹੀਆਂ ਤਕ ਉਪਰ ਤੋਂ ਹੇਠਾਂ ਤਕ ਸਭ ਅਧਿਕਾਰੀ ਤੇ ਕਰਮਚਾਰੀ ਸਾਹਵੇਂ ਆਉਂਦੇ ਹਨ, ਜੋ ਵਿਅਕਤੀ ਹੋਣ ਨਾਲੋਂ ਵੱਧ ਪੁਲਸ ਦੇ ਸਮੁੱਚੇ ਚਰਿੱਤਰ ਨੂੰ ਉਘਾੜਨ ਦਾ ਕੰਮ ਕਰਦੇ ਹਨ।

ਸਮਾਜ ਤੇ ਰਾਜ-ਵਿਵਸਥਾ ਦੇ ਚਿਤਰ ਦੇ ਅੰਤਰਗਤ ਪੁਲਸ ਦੇ ਚਰਿੱਤਰ ਦੀ ਚੀਰ-ਫਾੜ ਕਰਨ ਦੇ ਕੁਝ ਵੇਰਵੇ ਸਾਨੂੰ ਪੰਜਾਬੀ ਨਾਵਲ-ਸਾਹਿਤ ਵਿਚ ਹੋਰ ਥਾਈਂ ਵੀ ਪ੍ਰਾਪਤ ਹਨ ਪਰ ਜਿਸ ਤਰ੍ਹਾਂ ਦਾ ਪਰਿਪੂਰਨ ਚਿਤਰ ਨਾਵਲ 'ਤਫਤੀਸ਼' 'ਚੋਂ ਉਭਰਦਾ ਹੈ ਉਹ ਹੋਰ ਕਿਧਰੇ ਪ੍ਰਾਪਤ ਨਹੀਂ। ਵਿਆਪਕ ਲੁੱਟ ਦੇ ਇਸ ਵਾਤਾਵਰਨ ਵਿਚ ਵਿਵਸਥਾ ਦਾ ਹਰ ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ ਕਲ-ਪੁਰਜ਼ਾ, ਇਕ ਦੋ ਅਪਵਾਦਾਂ ਤੋਂ ਬਿਨਾਂ, ਇਕ ਦੌੜ ਵਿਚ ਲੱਗਾ ਹੋਇਆ ਹੈ ਕਿ ਉਹ ਲੁੱਟ ਵਿਚ ਆਪਣੇ ਸਾਥੀਆਂ ਤੋਂ ਪਿੱਛੇ ਨਾ ਰਹਿ ਜਾਵੇ।

ਵੈਸੇ ਤਾਂ ਲੋਕ ਦੁਆ ਕਰਦੇ ਹਨ ਕਿ ਉਹਨਾਂ ਨੂੰ ਕਦੇ ਥਾਣੇ ਦਾ ਮੂੰਹ ਨਾ ਵੇਖਣਾ ਪਏ - ਪਰ ਬੱਚਾ ਗੁੰਮ ਜਾਣ' ਤੇ ਰਪਟ ਤਾਂ ਲਿਖਾਉਣੀ ਹੀ ਪੈਂਦੀ ਹੈ। ਬੰਟੀ ਦੇ ਗੁੰਮ ਹੋਣ 'ਤੇ ਰਪਟ ਲਿਖਾਉਣ ਲਈ ਪੁੱਜੇ ਵਿਅਕਤੀਆਂ ਨੂੰ ਸੰਤਰੀ ਗੇਟ ਤੋਂ ਅਗਾਂਹ ਨਹੀਂ ਲੰਘਣ ਦਿੰਦਾ, ਅਖੇ ਉਹ ਕਿਸੇ 'ਮੋਹਤਬਰ' ਨੂੰ ਨਾਲ ਲੈ ਕੇ ਆਉਣ - 'ਮੋਹਤਬਰ' ਯਾਨੀ ਉਹ ਵਿਅਕਤੀ ਜੋ ਮੁਸੀਬਤ ਵਿਚ ਫਸੇ ਲੋਕਾਂ ਨਾਲ ਹਮਦਰਦੀ ਦਾ ਵਿਖਾਵਾ ਕਰਦਾ ਹੋਇਆ

ਉਹਨਾਂ ਕੋਲੋਂ ਕੁਝ ਆਪ ਛਕੇ ਤੇ ਕੁਝ ਪੁਲਸ ਨੂੰ ਛਕਾਵੇ। ਜੇ ਥਾਣੇ ਦੇ ਅੰਦਰ ਜਾਣਾ ਹੈ ਤਾਂ ਸੰਤਰੀ ਦੇ ਹੱਥ ਕੁਝ ਧਰਨਾ ਹੀ ਪਏਗਾ। ਹਾਈਕੋਰਟ ਤੋਂ ਆਇਆ ਵਾਰੰਟ ਅਫ਼ਸਰ ਇਕ ਫਰਿਆਦੀ ਦੇ ਵੇਸ ਵਿਚ ਏਸੇ ਤਰ੍ਹਾਂ ਹੀ ਥਾਣੇ ਵਿਚ ਪ੍ਰਵੇਸ਼ ਕਰਨ ਵਿਚ ਸਫਲ ਰਹਿੰਦਾ ਹੈ। ਥਾਣੇ ਅੰਦਰ ਰਪਟ ਮੁਣਸ਼ੀ ਨੇ ਲਿਖਣੀ ਹੈ ਪਰ ਉਸ ਉਤੇ ਅਨੇਕਾਂ ਵੱਡੀਆਂ ਜ਼ਿੰਮੇਵਾਰੀਆਂ ਹਨ - ਅਫਸਰਾਂ ਦੀਆਂ ਵਗਾਰਾਂ ਪੂਰਨ ਦੀਆਂ। ਕਿਸੇ ਜੱਜ ਨੂੰ ਪਰਿਵਾਰਕ ਕੰਮਾਂ ਲਈ ਜੇ ਕਾਰ ਉਸਨੇ ਪੁਚਾਉਣੀ ਹੈ ਤਾਂ ਕਿਸੇ ਸਰਦਾਰ ਨੂੰ ਵਧੀਆ ਕਿਸਮ ਦੀ ਅਫੀਮ ਪੁਚਾਉਣ ਦੀ ਜ਼ਿੰਮੇਵਾਰੀ ਉਸੇ ਦੀ ਹੈ ਅਤੇ ਇਸ ਤਰ੍ਹਾਂ ਹੋਰ ਕਈ ਕੁਝ। ਇਸ ਹਾਲਤ ਵਿਚ ਉਹ ਮਾਲ ਮੁਕੱਦਮਾ ਯਾਨੀ ਮੁਜਰਮਾਂ ਤੋਂ ਬਰਾਮਦ ਹੋਈ ਫੀਮ, ਸ਼ਰਾਬ, ਭੁੱਕੀ ਆਦਿ ਦਾ ਰੀਕਾਰਡ ਠੀਕ ਕਿਵੇਂ ਰੱਖੇ? ਅਤੇ ਫਿਰ ਉਹ ਵੀ ਕਬੀਲਦਾਰ ਹੈ। ਉਹ ਬਿਨਾਂ ਕੁਝ ਹਾਸਲ ਕੀਤਿਆਂ ਰਪਟ ਕਿਵੇਂ ਲਿਖੇ? ਉਸ ਨੂੰ ਹਿਰਖ ਹੈ ਕਿ ਉਸਦੇ ਨਾਲ ਦੇ ਕਈ ਹੋਰ ਪੁਲਸੀਏ ਤਾਂ ਪੈਸੇ ਦੇ ਜ਼ੋਰ ਨਾਲ ਜਾਂ ਰੀਜ਼ਰਵੇਸ਼ਨ ਕਾਰਨ ਉਚੀਆਂ ਤਰੱਕੀਆਂ ਪਾ ਕੇ ਥਾਣੇਦਾਰ ਬਣ ਗਏ ਹਨ ਜਦਕਿ ਉਹ ਹਾਲੇ ਮੁਣਸ਼ੀ ਹੀ ਹੈ।

ਸ਼ਿਵ ਦਿਆਲ ਬਾਣੀਆ ਹੋ ਕੇ ਕੀ ਥਾਣੇਦਾਰੀ ਕਰੇਗਾ? ਦਾਰੂ ਮੁਰਗੇ ਛਕਾ ਕੇ ਉਸਨੇ ਆਪਣਾ ਸਰੀਰ ਤਾਂ ਭਾਵੇਂ ਬੇਢਬਾ ਬਣਾ ਲਿਆ ਹੋਇਆ ਹੈ ਪਰ ਥਾਣੇਦਾਰੀ ਉਸਨੂੰ ਚੰਗੀ ਤਰ੍ਹਾਂ ਕਰਨੀ ਨਹੀਂ ਆਉਂਦੀ। ਲੱਖ ਚਾਹੁੰਦਾ ਹੋਇਆ ਵੀ ਉਹ ਕਦੇ ਚੰਗੀ ਮਾਰ ਨਹੀਂ ਮਾਰ ਸਕਿਆ। ਅਠਾਈ ਸਾਲਾਂ ਦੀ ਨੌਕਰੀ ਵਿਚ ਜੇ ਇਕ ਅੱਧ ਵਾਰ ਦਲੇਰੀ ਵਿਖਾਈ ਵੀ ਤਾਂ ਉਹੀ ਉਲਟੀ ਪੈ ਗਈ ਤੇ ਉਹ ਮੁਅਤਲ ਹੋ ਗਿਆ। ਹੁਣ ਸੰਭਲ ਕੇ ਚੱਲਣ ਵਾਲਾ ਇਹ ਥਾਣੇਦਾਰ ਮਹੀਨੇ ਦਾ ਮਸਾਂ ਦੋ ਢਾਈ ਹਜ਼ਾਰ ਰੁਪਈਆ ਹੀ ਉਪਰੋਂ ਬਣਾ ਸਕਦਾ ਹੈ ਜਦਕਿ ਵਗਾਰ ਦੀ ਤਫਤੀਸ਼ ਵਾਲੇ ਸਾਰੇ ਕੰਮ ਹਮੇਸ਼ਾਂ ਉਸਦੇ ਜ਼ਿੰਮੇ ਪੈ ਜਾਂਦੇ ਹਨ। ਇਸ ਹਾਲਤ ਵਿਚ ਉਹ ਰਿਕਸ਼ਾ ਵਾਲਿਆਂ ਜਾਂ ਪਾਨ-ਬੀੜੀ ਵਾਲਿਆਂ ਉਤੇ ਰੋਅਬ ਨਾ ਪਾਏ ਤਾਂ ਹੋਰ ਕੀ ਕਰੇ। ਸਿਟੀ ਇਨਚਾਰਜ ਸਬ ਇੰਸਪੈਕਟਰ ਮਨਬੀਰ ਸਿੰਘ ਭੁੱਲਰ ਸ਼ਿਵ ਦਿਆਲ ਵਾਂਗ ਟੁੱਟਿਆ ਜਿਹਾ ਪੁਲਸੀਆ ਨਹੀਂ। ਉਹ ਖਾਂਦਾ-ਪੀਂਦਾ ਜੱਟ ਹੈ। ਪੰਜਾਹ ਹਜ਼ਾਰ ਰੁਪਈਆ ਕਿਸੇ ਦੇ ਮੱਥੇ ਮਾਰ ਕੇ ਉਹ ਭਰਤੀ ਹੋਇਆ ਸੀ। ਮਲੰਗਾਂ ਦਾ ਮੁੰਡਾ ਤਾਂ ਉਹ ਹੈ ਨਹੀਂ, ਪੰਜਾਹ ਏਕੜ ਜ਼ਮੀਨ ਉਹਦੀ ਭਰਤੀ ਹੋਣ ਤੋਂ ਪਹਿਲਾਂ ਸੀ। ਇੰਨੀ ਕੁ ਨੌਕਰੀ ਦੌਰਾਨ ਉਸਨੇ ਹੋਰ ਬਣਾ ਲਈ ਹੈ। ਬਹੁਤਾ ਲਾਲਚ ਕਰਕੇ ਉਹ ਹੁਣ ਤਰੱਕੀ ਦਾ ਮੌਕਾ ਨਹੀਂ ਗੁਆਏਗਾ ਤੇ ਉਹ ਬੰਟੀ ਦੇ ਕੇਸ ਦੀ ਪੂਰੀ ਤਫਤੀਸ਼ ਕਰੇਗਾ, ਜਿਸ ਕੇਸ ਬਾਰੇ ਸਾਰਾ ਸ਼ਹਿਰ ਚਿੰਤਾਗ੍ਰਸਤ ਹੈ ਤੇ ਰਾਜ ਦਾ ਮੁਖ ਮੰਤਰੀ ਵੀ, ਜੋ ਏਸੇ ਸ਼ਹਿਰ 'ਚੋਂ ਵਿਧਾਨ ਸਭਾ ਦੀ ਚੋਣ ਜਿੱਤ ਕੇ ਗਿਆ ਹੈ।

ਬੰਟੀ ਦੇ ਅਗਵਾ ਦੀ ਬਾਤ ਦੀ ਬਤੰਗੜ ਬਣ ਜਾਣ ਨਾਲ ਸਭ ਤੋਂ ਜ਼ਿਆਦਾ ਤਕਲੀਫ਼ ਐਸ. ਐਚ. ਓ. ਪ੍ਰੀਤਮ ਸਿੰਘ ਨੂੰ ਹੋਈ ਹੈ। ਬਾਹਰੋਂ ਫੋਰਸ ਆਉਣ ਨਾਲ ਤੇ ਸ਼ਹਿਰ ਦੇ ਵੱਖ ਵੱਖ ਖੇਤਰਾਂ ਦੀ ਤਲਾਸ਼ੀ ਨਾਲ ਉਹਨਾਂ ਸ਼ਰੀਫ ਆਦਮੀਆਂ ਦੇ ਫਸ ਜਾਣ ਦਾ ਡਰ ਹੈ ਜੋ ਬਾਕਾਇਦਗੀ ਨਾਲ ਮਹੀਨਾ ਤਾਰਦੇ ਰਹੇ ਹਨ। ਅਤੇ ਫੇਰ ਜੇ ਤਫਤੀਸ਼ ਦਾ ਰੁੱਖ ਦਹਿਸ਼ਤਗਰਦਾਂ ਵੱਲ ਹੋ ਜਾਵੇ ਯਾਨੀ ਜੇ ਇਹ ਸ਼ੱਕ ਹੋਵੇ ਕਿ ਯੁਵਾ ਸੰਮਤੀ ਦੇ ਸੰਸਥਾਪਕ, ਰਾਮ ਲੀਲਾ ਤੇ ਸੇਵਾ ਸੰਮਤੀ ਦੇ ਕਰਤਾ-ਧਰਤਾ ਬਜ਼ੁਰਗ ਲਾਲਾ ਹਰਦਿਆਲ ਦੇ ਪੋਤਰੇ ਬੰਟੀ ਦੇ ਕਤਲ ਪਿੱਛੇ ਦਹਿਸ਼ਤਗਰਦ ਹੋ ਸਕਦੇ ਹਨ ਤਾਂ ਉਹ ਕਿਉਂ ਇਸ ਪਾਸੇ ਤੁਰੇ? ਯੁਵਾ ਸੰਮਤੀ ਦੀ ਨਜ਼ਰ ਵਿਚ ਉਹ ਕੱਟੜ ਸਿੱਖ ਹੈ ਤੇ ਇਸ ਲਈ ਉਹਨਾਂ ਅਨੁਸਾਰ ਉਹ ਕਾਤਲਾਂ ਨੂੰ ਲੱਭਣ ਵਿਚ ਭਲਾ ਦਿਲਚਸਪੀ ਕਿਉਂ ਲਵੇਗਾ? ਤੇ ਫਿਰ ਬਦਬਖਤੀ ਇਹ ਕਿ ਉਸਦੇ ਉਤੇ ਡੀ ਐਸ ਪੀ ਨੌਨਿਹਾਲ ਸਿੰਘ ਬੈਠਾ ਹੈ ਜੋ ਸੌਦੇ ਖੁਦ ਤੈਅ ਕਰਕੇ ਥਾਣੇ ਦੇ ਅਧਿਕਾਰੀਆਂ ਨੂੰ ਵੱਡੇ ਆਦਮੀਆਂ ਨਾਲ ਸੰਬੰਧਿਤ ਮਾਮਲਿਆਂ ਵਿਚ ਕੁਝ ਕਰਨ ਜਾਂ ਨਾ ਕਰਨ ਦੇ ਆਦੇਸ਼ ਦੇ ਛੱਡਦਾ ਹੈ। ਡਿਪਟੀ ਸੁਪਰਡੈਂਟ ਮਿਲਣਸਾਰ ਹੈ ਤੇ ਦਾਨੀ ਵੀ। ਜਦੋਂ ਵੀ ਉਹ ਜ਼ਮੀਨ ਦਾ ਕੋਈ ਨਵਾਂ ਸੌਦਾ ਕਰਦਾ ਹੈ ਤਾਂ ਅਖੰਡ ਪਾਠ ਜ਼ਰੂਰ ਕਰਾਉਂਦਾ ਹੈ। ਹੁਣ ਪੈਸਿਆਂ ਦੀ ਕਮੀ ਕਰਕੇ ਪਿੰਡ ਦੀ ਨਿਆਈਂ ਵਾਲੀ ਜ਼ਮੀਨ ਦੇ ਨਾਲ ਲਗਦੀ ਝੋਟੇ ਦੇ ਸਿਰ ਵਰਗੀ ਪੰਝੀ ਕਿੱਲੇ ਜ਼ਮੀਨ ਦਾ ਉਸਦਾ ਸੌਦਾ ਵਿਚੇ ਪਿਆ ਹੈ। ਉਹ ਬੰਟੀ ਦੇ ਕਤਲ ਦੀ ਤਫਤੀਸ਼ ਦੇ ਅਜਿਹੇ ਮੌਕੇ ਨੂੰ ਹੱਥੋਂ ਨਹੀਂ ਜਾਣ ਦੇਵੇਗਾ ਅਤੇ ਪੂਰਾ ਤਾਣ ਲਾਵੇਗਾ ਕਿ ਸਾਰੇ ਕੰਮ ਇਸ ਤਫਤੀਸ਼ ਦੌਰਾਨ ਰਾਸ ਹੋ ਜਾਣ।

ਐਸ ਐਸ ਪੀ ਖਾਨ ਦੂਰ ਸ਼ਹਿਰ ਦਾ ਜੰਮਪਲ ਹੈ ਤੇ ਖਾਨਦਾਨੀ ਰਈਸ। ਉਹ ਵੀ ਈਮਾਨਦਾਰੀ ਨਾਲ ਤਫਤੀਸ਼ ਕਰਨ ਤੇ ਛੇਤੀ ਹੀ ਕੁਝ ਸਾਰਥਕ ਪ੍ਰਾਪਤੀ ਕਰਨ ਲਈ ਪੂਰੀ ਵਾਹ ਲਾਵੇਗਾ। ਐਪਰ ਡੀ ਆਈ ਜੀ ਨਿਰਭੈ ਸਿੰਘ ਲਈ ਬੰਟੀ ਦੇ ਕਾਤਲ ਲੱਭਣਾ ਸ਼ਾਇਦ ਏਨਾ ਮਹੱਤਵਪੂਰਨ ਨਹੀਂ ਜਿੰਨਾ ਡੀ ਐਸ ਪੀ ਨੌਨਿਹਾਲ ਸਿੰਘ ਨੂੰ ਸਿੱਧਾ ਕਰਨਾ। ਕਿਸੇ ਸਮੇਂ ਡੀ ਐਸ ਪੀ ਹੁੰਦਿਆਂ ਹੋਇਆਂ ਨਕਸਲੀ ਨੌਜਵਾਨਾਂ ਨੂੰ ਮੁਕਾਬਲਿਆਂ ਵਿਚ ਮਾਰ ਕੇ ਹੁਣ ਡੀ ਆਈ ਜੀ ਦੇ ਪਦ ਤੱਕ ਪਹੁੰਚਿਆ ਨਿਰਭੈ ਸਿੰਘ ਕਈ ਕਾਰਨਾਂ ਕਰਕੇ ਨੌਨਿਹਾਲ ਨਾਲ ਦੁਖੀ ਹੈ। ਬੰਟੀ ਦੇ ਕਤਲ ਦਾ ਮੌਕੇ 'ਤੇ ਮੁਆਇਨਾ ਕਰਨ ਲਈ ਉਹ ਜਾਵੇਗਾ ਹੀ ਪਰ ਨਾਲ ਦੀ ਨਾਲ ਉਹ ਰਾਏਸਰ ਵਿਚ ਝਗੜੇ ਵਾਲੀ ਪੰਜਾਹ ਕਿੱਲੇ ਜ਼ਮੀਨ ਉਤੇ ਗਰੇਵਾਲਾਂ ਦਾ ਕਬਜ਼ਾ ਕਰਾਉਣ ਅਤੇ ਖੁੱਡੀ ਵਾਲੇ ਨੰਬਰਦਾਰ ਨੂੰ ਤੰਗ ਕਰਨ ਬਦਲੇ ਡਿਪਟੀ ਨੌਨਿਹਾਲ ਸਿੰਘ ਨੂੰ ਸਬਕ ਸਿਖਾਉਣ ਦਾ ਕੰਮ ਵੀ ਕਰੇਗਾ।

ਬੰਟੀ ਦੇ ਕਤਲ ਦੀ ਤਫਤੀਸ਼ ਲਈ ਥਾਣੇ ਦੇ ਅਮਲੇ ਤੋਂ ਬਿਨਾ ਹੋਰ ਵੀ ਬਹੁਤ ਸਾਰੀ ਫੋਰਸ ਲਾਈ ਗਈ ਹੈ ਜਿਸ ਵਿਚ ਸਬ ਇੰਸਪੈਕਟਰ ਅਮੀ ਚੰਦ ਸ਼ਰਮਾ, ਏ ਐਸ ਆਈ ਗੱਜਣ ਸਿੰਘ ਅਤੇ ਹੌਲਦਾਰ ਦੇਸ ਰਾਜ ਤੋਂ ਬਿਨਾ ਸਬ ਇੰਸਪੈਕਟਰ ਬੂਝਾ ਸਿੰਘ ਵੀ ਸ਼ਾਮਲ ਹਨ। ਬੂਝਾ ਸਿੰਘ ਲੰਮੇ ਸਮੇਂ ਤੋਂ ਸੀ ਆਈ ਡੀ ਵਿਚ ਹੈ, ਜਿਥੇ ਖਾਣ ਪੀਣ ਲਈ ਕੀ ਹੈ - ਖੇਹ ਤੇ ਸੁਆਹ? ਕਿਸੇ ਇਕ ਬਦਮਾਸ਼ ਨੂੰ ਤਸੀਹੇ ਦੇ ਕੇ ਮਾਰ ਦੇਣ ਕਰਕੇ ਉਹ ਕਿੰਨਾ

ਚਿਰ ਮੁਅਤਲ ਰਿਹਾ ਹੈ। ਤੇ ਹੁਣ ਉਹ ਪੂਰੇ ਜ਼ੋਰ ਸ਼ੋਰ ਨਾਲ ਬੰਟੀ ਦੇ ਕਾਤਲਾਂ ਨੂੰ ਲੱਭਣ ਦਾ ਯਤਨ ਤਾਂ ਕਰ ਹੀ ਰਿਹਾ ਹੈ ਪਰ ਨਾਲ ਹੀ ਐਸ ਐਚ ਓ ਪ੍ਰੀਤਮ ਸਿੰਘ ਨਾਲ ਦੁਸ਼ਮਣੀ ਵੀ ਪੁਗਾ ਰਿਹਾ ਹੈ। ਪ੍ਰੀਤਮ ਸਿੰਘ ਨੂੰ ਜੇ ਉਹ ਨਾ ਅਹਿਲ ਸਿੱਧ ਕਰ ਸਕੇ ਤਾਂ ਉਸਦੇ ਐਸ ਐਚ ਓ ਬਣ ਜਾਣ ਦੀ ਸੰਭਾਵਨਾ ਵਧ ਜਾਂਦੀ ਹੈ। ਛੋਟੇ ਵੱਡੇ ਪੁਲਸ ਅਫਸਰਾਂ ਦੇ ਟਾਕਰੇ ਵਿਚ ਬਲਵੰਤ ਸਿੰਘ ਵਰਗੇ ਸਿਪਾਹੀ ਹਨ ਜਿੰਨ੍ਹਾਂ ਨੇ ਆਪਣੀ ਸਾਰੀ ਉਮਰ ਪੁਲਸ ਦੀ ਨੌਕਰੀ ਵਿਚ ਲਾਈ ਹੈ ਤੇ ਜੋ ਪੁਲਸ ਦੀ ਕਾਰਵਾਈ ਦੀਆਂ ਅਗਾਊਂ ਖਬਰਾਂ ਮੁਜਰਮਾਂ ਜਾਂ ਹੋਰ ਸ਼ੱਕੀਆਂ ਨੂੰ ਦੇ ਕੇ ਥੋੜਾ ਬਹੁਤ ਪੈਸੇ ਕਮਾਉਣ ਲਈ ਮਜਬੂਰ ਹਨ। - ਅਜਿਹਾ ਹੈ ਹੇਠਾਂ ਤੋਂ ਲੈ ਕੇ ਉਪਰ ਤਕ ਪੁਲਸ ਦਾ ਢਾਂਚਾ ਜੋ ਮਾਸੂਮ ਬੰਟੀ ਦੇ ਕਾਤਲ ਲੱਭਣ ਲਈ ਯਤਨਸ਼ੀਲ ਹੈ। ਬੱਚੇ ਦੇ ਅਗਵਾ ਤੇ ਕਤਲ ਦਾ ਇਹ ਮਾਮਲਾ ਕੋਈ ਸਾਧਾਰਨ ਮਾਮਲਾ ਤਾਂ ਹੈ ਨਹੀਂ। ਆਖਰ ਮੁੱਖ ਮੰਤਰੀ ਦੇ ਆਪਣੇ ਸ਼ਹਿਰ ਵਿਚ ਇਹ ਅਨਰਥ ਹੋਇਆ ਹੈ ਤੇ ਮੁੱਖ ਮੰਤਰੀ ਦਾ ਆਦੇਸ਼ ਹੈ ਕਿ ਭੋਗ ਪੈਣ ਤੋਂ ਪਹਿਲਾਂ ਪਹਿਲਾਂ ਕਾਤਲ ਲੱਭਣੇ ਜ਼ਰੂਰੀ ਹਨ। ਮੁਖ ਮੰਤਰੀ ਦੇ ਅਜਿਹੇ ਸਖਤ ਆਦੇਸ਼ਾਂ ਨਾਲ ਜ਼ਿਲੇ ਦੇ ਡਿਪਟੀ ਕਮਿਸ਼ਨਰ ਗੁਪਤਾ ਦੀ ਜਾਨ ਵੀ ਜਿਵੇਂ ਕੁੜਿਕੀ ਵਿਚ ਫਸੀ ਹੋਈ ਹੈ। ਸਾਰੀ ਰਾਜਕੀ ਮਸ਼ੀਨਰੀ ਨੂੰ ਤੇਜ਼ ਕਰਨ ਲਈ ਆਦੇਸ਼ ਦੇਣਾ ਤਾਂ ਉਸਦਾ ਫਰਜ਼ ਹੀ ਹੈ, ਪਰ ਉਹ ਬਹੁਤੀ ਔਖਿਆਈ ਵਿਚ ਨਹੀਂ ਪਏਗਾ ਅਤੇ ਸਰਕਾਰ ਵੱਲੋਂ ਬੰਟੀ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੋਣ ਤੇ ਸਰਕਾਰ ਵੱਲੋਂ ਕੁਝ ਵਿਤੀ ਮਦਦ ਕਰਨ ਦੀ ਆਪਣੀ ਜਿੰਮੇਵਾਰੀ ਨਿਭਾਉਣ ਤਕ ਸੀਮਤ ਰਹੇਗਾ।

ਮਾਮਲਾ ਰਾਜਸੀ ਰੰਗਣ ਧਾਰਨ ਕਰਦਾ ਜਾ ਰਿਹਾ ਹੈ। ਯੁਵਾ ਸੰਮਤੀ ਵਾਲੇ ਤੇ ਹੋਰ ਸੰਸਥਾਵਾਂ ਵਾਲੇ ਕਾਤਲ ਲੱਭਣ ਵਿਚ ਦੇਰੀ ਲਈ ਸਰਕਾਰੀ ਮਸ਼ੀਨਰੀ ਦੀ ਢਿੱਲ-ਮੱਠ ਦੀ ਆਲੋਚਨਾ ਕਰ ਰਹੇ ਹਨ। ਪੱਤਰ ਪ੍ਰੇਰਕ, ਸੋਸ਼ਲ ਵਰਕਰਾਂ ਤੇ ਰਾਜਸੀ ਨੇਤਾਵਾਂ ਦੇ ਸਬਰ ਦੀ ਸੀਮਾ ਵੀ ਹੱਦਾਂ ਛੋਹ ਰਹੀ ਹੈ। ਪਰ ਸਭ ਕੁਝ ਦੇ ਬਾਵਜੂਦ ਕਾਤਲ ਲੱਭੇ ਨਹੀਂ ਜਾ ਸਕੇ। ਪੁਲਸ ਨੇ ਨਾਕਾਬੰਦੀ ਕੀਤੀ ਹੈ, ਮਾਡਲ ਟਾਊਨ ਵਿਚਲੀਆਂ ਅਮੀਰਾਂ ਦੀਆਂ ਰਿਹਾਇਸ਼ਗਾਹਾਂ ਤੋਂ ਲੈ ਕੇ ਸਾਂਸੀਆਂ ਦੇ ਮੁਹੱਲੇ ਤੇ ਕੁਸ਼ਟ ਆਸ਼ਰਮ ਤਕ ਸ਼ਹਿਰ ਦੇ ਕੋਣੇ ਕੋਣੇ ਤਕ ਦੀ ਤਲਾਸ਼ੀ ਲਈ ਹੈ, ਪਰ ਕਾਤਲਾਂ ਦੀ ਕਿਤੋਂ ਵੀ ਸੂਹ ਨਹੀਂ ਮਿਲਦੀ। ਅਤੇ ਮੁਖ ਮੰਤਰੀ ਨੂੰ ਮਜਬੂਰਨ ਜ਼ਿਲਾ ਕਪਤਾਨ ਤਕ ਸਾਰੇ ਹੀ ਪੁਲਸ ਅਧਿਕਾਰੀਆਂ ਦੇ ਤਬਾਦਲੇ ਦਾ ਹੁਕਮ ਜਾਰੀ ਕਰਨਾ ਪਿਆ ਹੈ।

ਤਫਤੀਸ਼ ਦੇ ਸੰਬੰਧ ਵਿਚ ਭੱਦੀ ਤਰ੍ਹਾਂ ਦਾ ਨਾਟਕ ਤਾਂ ਪਹਿਲਾਂ ਹੀ ਹੁੰਦਾ ਰਿਹਾ ਹੈ, ਪਰ ਨਵਾਂ ਐਸ ਐਚ ਓ ਲਾਲ ਸਿੰਘ ਜਿਵੇਂ ਦੋ ਸਾਬਕਾ ਮੁਜਰਮਾਂ ਨੂੰ ਐਵੇਂ ਹੀ ਫਸਾ ਕੇ ਤੇ ਉਹਨਾਂ ਦੇ ਫੜਨ ਦੇ ਸੰਬੰਧ ਵਿਚ ਮੁਕਾਬਲੇ ਦਾ ਪੂਰਾ ਨਾਟਕ ਰਚ ਕੇ ਜਿਵੇਂ ਰਾਜ ਦੇ ਮੁੱਖ ਮੰਤਰੀ ਤੇ ਹੋਰ ਸਤਾ ਸੰਸਥਾਵਾਂ ਦੀ ਮੰਗ ਦੀ ਪੂਰਤੀ ਕਰਦਾ ਹੈ, ਉਹ ਨਿਸਚੇ ਹੀ ਇਕ ਅਜਿਹੀ 'ਸਿਖਰ' ਹੈ ਜੋ ਸਾਡੀ ਪੁਲਸ ਦੇ ਨਿਘਾਰ' ਨੂੰ ਇਸਦੀ ਕਰਤੂਤਾਂ ਸਹਿਤ ਪੇਸ਼ ਕਰਦੀ ਹੈ।

ਨਾਵਲ ਵਿਚੋਂ ਪੁਲਸ ਵੱਲੋਂ ਕੀਤੇ ਜਾਂਦੇ ਤਸ਼ੱਦਦ ਸਮੇਤ ਪੁਲਸ ਦੀ ਕਾਰਗੁਜ਼ਾਰੀ ਦੇ ਢੰਗ-ਤਰੀਕਿਆਂ-ਸਮਗਲਰਾਂ ਤੋਂ ਮਹੀਨਾ ਲੈਣ, ਮੁਜਰਮਾਂ ਨੂੰ ਅਪਰਾਧ ਜਾਰੀ ਰੱਖਣ ਲਈ ਮਜਬੂਰ ਕਰਨ, ਖੁਦਕੁਸ਼ੀ ਦੇ ਮਾਮਲੇ ਨੂੰ ਕਤਲ ਤੇ ਕਤਲ ਨੂੰ ਖੁਦਕੁਸ਼ੀ ਬਣਾਉਣ, ਸਰਕਾਰੀ ਵਕੀਲਾਂ, ਡਾਕਟਰਾਂ, ਤੇ ਜੱਜਾਂ ਨਾਲ ਗੰਢ-ਤਰੁਪ ਕਰਨ, ਲੋੜ ਅਨੁਸਾਰ ਕਿਸੇ ਕੇਸ ਦਾ ਸਾਰਾ ਰੀਕਾਰਡ ਬਦਲ ਦੇਣ ਆਦਿ ਦੇ ਕਿੰਨੀ ਹੀ ਤਰ੍ਹਾਂ ਦੇ ਵੇਰਵੇ ਜੋ ਤਫਤੀਸ਼ ਨਾਵਲ ਵਿਚ ਪ੍ਰਾਪਤ ਹੁੰਦੇ ਹਨ, ਉਹ ਪ੍ਰਮਾਣਿਕ ਤੇ ਮੰਨਣਯੋਗ ਤਾਂ ਹਨ ਹੀ, ਨਾਵਲ ਦੀ ਸਮੁੱਚੀ ਕਹਾਣੀ ਵਿਚ ਗੁੰਦੇ ਵੀ ਏਨੀ ਖੂਬਸੂਰਤੀ ਨਾਲ ਗਏ ਹਨ ਕਿ ਕੁਝ ਵੀ ਅਢੁਕਵਾਂ ਜਾਂ ਗਲਤ ਪ੍ਰਤੀਤ ਨਹੀਂ ਹੁੰਦਾ।

ਪੁਲਸ ਤੋਂ ਬਿਨਾਂ ਦੂਸਰੇ ਸਰਕਾਰੀ ਅਧਿਕਾਰੀ, ਜਿਨ੍ਹਾਂ ਵਿਚ ਸਰਕਾਰੀ ਹਸਪਤਾਲ ਦਾ ਡਾਕਟਰ, ਸਥਾਨਕ ਜੱਜ, ਤਸੀਲਦਾਰ ਤੇ ਹੋਰ ਮੁਅਤਬਰ ਸ਼ਾਮਲ ਹਨ, ਸਭ ਆਪਣੇ ਅਸਲੀ ਰੰਗ ਵਿਚ ਨਾਵਲ ਵਿਚੋਂ ਝਾਤੀ ਮਾਰਦੇ ਹਨ। ਪਾਠਕ ਜਦੋਂ ਇਹਨਾਂ ਦੇ ਸਮੁੱਚੇ ਵਿਵਿਹਾਰ ਨੂੰ ਵੇਖਦਾ ਹੈ ਤਾਂ ਸਾਡੀ ਪ੍ਰਬੰਧਕੀ ਤੇ ਨਿਆਂ-ਵਿਵਸਥਾ ਦੀ ਘਿਣਾਉਣੀ ਹਕੀਕਤ ਸਪੱਸ਼ਟ ਰੂਪ ਵਿਚ ਨੰਗੀ ਹੋ ਜਾਂਦੀ ਹੈ। ਕਿਸੇ ਵਿਅਕਤੀ ਨੂੰ ਝੂਠੇ ਤੌਰ 'ਤੇ ਕਿਸੇ ਸੰਗੀਨ ਜੁਰਮ ਵਿਚ ਫਸਾ ਕੇ ਪੁਲਸ ਜੇ ਉਸਦਾ ਮੱਕੂ ਠੱਪ ਸਕਦੀ ਹੈ ਤਾਂ ਏਸ ਲਈ ਕਿ ਡਾਕਟਰਾਂ, ਸਰਕਾਰੀ ਵਕੀਲਾਂ ਤੇ ਜੱਜਾਂ ਨੂੰ ਵੀ ਪੁਲਸ ਦੀ ਉਨੀ ਹੀ ਲੋੜ ਹੈ ਜਿੰਨੀ ਪੁਲਸ ਨੂੰ ਉਹਨਾਂ ਦੀ।

ਜਿਥੋਂ ਤਕ ਰਾਜਨੀਤੀਵਾਨਾਂ ਤੇ ਹੋਰ ਸਤਾ ਸੰਸਥਾਵਾਂ ਦੇ ਚੋਧਰੀਆਂ ਦਾ ਸਵਾਲ ਹੈ, ਉਹ ਆਪਣੀ ਭੱਲ ਬਣਾਉਣ ਲਈ ਵਿਵਸਥਾ ਦੇ ਵਿਰੁੱਧ ਰੌਲਾ-ਰੱਪਾ ਤਾਂ ਜ਼ਰੂਰ ਪਾਉਣਗੇ ਪਰ ਮੁੱਖ ਉਦੇਸ਼ ਉਹਨਾਂ ਦਾ ਵੀ ਆਪਣੇ ਲਈ ਜਾਂ ਆਪਣੇ ਪਰਿਵਾਰ ਲਈ ਵੱਡੀ ਪੱਧਰ 'ਤੇ ਵਿਤੀ ਸਹੂਲਤਾਂ ਹਾਸਲ ਕਰਨਾ ਹੁੰਦਾ ਹੈ ਜੋ ਵਿਵਸਥਾ ਨਾਲ ਹਕੀਕੀ ਵਿਰੋਧ ਦੀ ਸੂਰਤ ਵਿਚ ਹਾਸਲ ਕਰਨੀਆਂ ਸੰਭਵ ਨਹੀਂ। ਯੁਵਾ ਸੰਘ ਦਾ ਸ਼੍ਰੇਣਿਕ ਚਰਿੱਤਰ ਅਜਿਹਾ ਹੈ ਕਿ ਉਹ ਸ਼ਹਿਰ ਦੇ ਗਰੀਬ-ਗੁਰਬਿਆਂ ਦੀ ਪੁਲਸ ਵੱਲੋਂ ਮਾਰ ਕੁਟਾਈ ਉਤੇ ਤਾਂ ਕੋਈ ਉਜਰ ਨਹੀਂ ਕਰਦਾ, ਪਰ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਪੁਲਸ ਸੰਪੰਨ ਵਰਗਾਂ ਦੇ ਲੋਕਾਂ ਨੂੰ ਖਾਹਮਖਾਹ ਤੰਗ ਕਰੇ ਜੋ ਆਪਣੀਆਂ ਆਰਾਮਦੇਹ ਕੋਠੀਆਂ ਵਿਚ ਪੱਛਮੀ ਢੰਗ ਨਾਲ ਰਹਿੰਦੇ, ਦਾਰੂ ਦੇ ਜਸ਼ਨ ਮਨਾਉਂਦੇ, ਸਮੇਂ ਸਮੇਂ ਪਰਾਈਆਂ ਤੀਵੀਆਂ ਦਾ ਸੰਗ ਮਾਣਦੇ ਹਰ ਜਾਇਜ਼ ਨਾਜਾਇਜ਼ ਧੰਦਾ ਕਰਦੇ ਹਨ।

ਤਥਾ-ਕਥਿਤ ਪਤਵੰਤੇ, ਸਤਾ ਸੰਸਥਾਵਾਂ ਦੇ ਮੁਖੀ ਤੇ ਰਾਜਸੀ ਨੇਤਾ ਸਭ ਕਿਸੇ ਨਾ ਕਿਸੇ ਰੂਪ ਵਿਚ ਵਿਵਸਥਾ ਦਾ ਹੀ ਅੰਗ ਹਨ। ਲੇਖਕ ਇਹਨਾਂ ਦੇ ਅੰਦਰੂਨੀ ਤੇ ਬਾਹਰੀ ਚਰਿੱਤਰ ਨੂੰ ਪੇਸ਼ ਕਰਨ ਸਮੇਂ ਜੋ ਕੁਝ ਸਨਕੀ ਵਤੀਰਾ ਅਪਣਾਉਂਦਾ ਜਾਪਦਾ ਹੈ ਤਾਂ ਇਸ

ਵਿਚ ਕਸੂਰ ਬਹੁਤਾ ਲੇਖਕ ਦਾ ਨਹੀਂ, ਉਸ ਵਿਵਸਥਾ ਦਾ ਹੀ ਹੈ ਜਿਸਨੇ ਸਭ ਮਾਨਵੀ ਤੇ ਸਮਾਜੀ ਕਦਰਾਂ-ਕੀਮਤਾਂ ਨੂੰ ਉਲਟ-ਪੁਲਟ ਕਰ ਰੱਖਿਆ ਹੈ। ਇਹ ਸਾਰੇ ਲੋਕ ਵੀ ਪੁਲਸ ਦੇ ਅਧਿਕਾਰੀਆਂ ਵਾਂਗ ਵਿਅਕਤੀ ਪਾਤਰ ਦੀ ਬਜਾਏ ਵਿਵਸਥਾ ਦੇ ਪ੍ਰਤੀਕ ਵਜੋਂ ਹੀ ਸਾਹਵੇਂ ਆਉਂਦੇ ਹਨ। ਸਿਆਸਤਦਾਨ, ਵਪਾਰੀ, ਡਾਕਟਰ, ਵਕੀਲ, ਕਾਰਖਾਨੇਦਾਰ ਤੇ ਵੱਡੇ ਜ਼ਿਮੀਂਦਾਰਾਂ ਦੇ ਇਸ ਵਰਗ ਨੇ ਆਪਣੇ ਅੱਗੇ ਇਕ ਚਿੱਟੀ ਚਾਦਰ ਤਾਣ ਰੱਖੀ ਹੈ ਜਿਸ 'ਚ ਜੇ ਕੋਈ ਮਘੋਰਾ ਹੋਵੇ ਤਾਂ ਪਤਾ ਲਗੇਗਾ ਕਿ ਹਰਿਕ ਨੇ ਆਪਣੀ ਜਾਇਦਾਦ ਵਧਾਉਣ ਲਈ ਕੀ ਕੀ ਹੱਥ-ਕੰਡੇ ਵਰਤੇ ਹਨ ਤੇ ਅਯਾਸ਼ੀ ਨੂੰ ਕਿਸ ਪੱਧਰ ਤਕ ਪੁਚਾਇਆ ਹੈ। ਕਿਸੇ ਨੇ ਪਤਨੀ ਦਾ ਕਤਲ ਕੀਤਾ ਹੈ, ਕੋਈ ਕਾਲ ਗਰਲਜ਼ ਦੇ ਚੱਕਰਾਂ ਵਿਚ ਹੈ, ਕਿਸੇ ਨੇ ਆਪਣੇ ਕਾਰਖਾਨੇ ਨੂੰ ਆਪ ਹੀ ਅੱਗ ਲਾ ਕੇ ਲੱਖਾਂ ਦੇ ਕਲੇਮ ਵਸੂਲ ਕੀਤੇ ਹਨ, ਕਿਸੇ ਨੇ ਸੱਤਾ ਦੇ ਕੇਂਦਰ ਦੇ ਨੇੜੇ ਰਹਿੰਦਿਆਂ ਭਾਂਤ ਭਾਂਤ ਦੀਆਂ ਏਜੰਸੀਆਂ ਵਿਚ ਹਿੱਸਾ-ਪੱਤੀ ਰਾਹੀਂ ਬੇਸ਼ੁਮਾਰ ਧਨ ਜਮ੍ਹਾਂ ਕੀਤਾ ਹੈ। ਇਹਨਾਂ ਲੋਕਾਂ ਲਈ ਬੰਟੀ ਦੇ ਕਤਲ ਕਾਰਨ ਸ਼ਹਿਰ ਵਿਚ ਲੱਗੇ ਕਰਫਿਊ ਦਾ ਮਤਲਬ ਹੈ ਘਰਾਂ ਅੰਦਰ ਹੀ ਬਣਾਈ ਬਾਰ ਵਿਚ ਬੈਠ ਕੇ ਦਾਰੂ ਡਕਣਾ, ਜੂਆ ਖੇਡਣਾ, ਵੀ. ਡੀ. ਓ. ਫਿਲਮਾਂ ਵੇਖਣਾ ਤੇ ਪੱਛਮੀ ਸੰਗੀਤ ਦਾ ਆਨੰਦ ਮਾਨਣਾ। ਜਿੰਨ੍ਹਾਂ ਨੂੰ ਜਨਤਕ ਕੰਮਾਂ ਵਿਚ ਹਿੱਸਾ ਲੈਣ ਦੀ ਮਜਬੂਰੀ ਹੈ, ਉਹ ਇਸ ਘਟਨਾ ਨੂੰ ਆਪਣੇ ਨਿਜੀ ਹਿਤਾਂ ਅਨੁਸਾਰ ਲੋੜੀਂਦੀ ਮਰੋੜੀ ਦੇਣਗੀ, ਮੁਖ ਮੰਤਰੀ ਤੇ ਪ੍ਰਬੰਧਕੀ ਮਸ਼ੀਨਰੀ ਵਿਰੁੱਧ ਆਵਾਜ਼ ਬੁਲੰਦ ਕਰਕੇ ਆਪਣਾ ਨਾਉਂ ਚਮਕਾਉਣਗੀ ਤੇ ਜਾਂ ਚਾਹ ਪਾਰਟੀ ਸਮੇਂ ਉਸ ਦੇ ਨੇੜੇ ਹੋ ਕੇ ਫੋਟੋਆਂ ਖਿਚਵਾਉਣ ਲਈ ਦੂਜਿਆਂ ਨੂੰ ਪਿੱਛੇ ਧੱਕ ਕੇ ਅੱਗੇ ਆਉਣ ਦਾ ਯਤਨ ਕਰਨਗੀ। ਵਿਵਸਥਾ ਦਾ ਸਾਰਾ ਸਰੋਕਾਰ ਇਸੇ ਵਰਗ ਲਈ ਹੈ, ਨਾ ਕਿ ਉਹਨਾਂ ਲੋਕਾਂ ਲਈ ਜੋ ਸ਼ਹਿਰ ਤੋਂ ਬਾਹਰਲੀਆਂ ਬਸਤੀਆਂ ਵਿਚ ਅਣਹੋਇਆਂ ਵਰਗੀ ਜ਼ਿੰਦਗੀ ਜੀ ਰਹੇ ਹਨ। ਇਨ੍ਹਾਂ ਗਰੀਬ ਲੋਕਾਂ ਵਿਚ ਕਿਰਤ ਕਰਕੇ ਦਿਨ-ਕਟੀ ਕਰਨ ਵਾਲਿਆਂ ਦੇ ਨਾਲ ਨਾਲ ਨਿੱਕਾ-ਮੋਟਾ ਅਪਰਾਧ ਕਰਨ ਵਾਲੇ ਕੁਝ ਲੋਕ ਵੀ ਹਨ, ਸਮੇਂ ਸਮੇਂ ਪੁਲਸ ਦੇ ਦਮਨ ਦਾ ਸ਼ਿਕਾਰ ਹੋਣਾ ਤੇ ਮਾਵਾਂ ਭੈਣਾਂ ਦੀ ਪੁਲਸ ਹੱਥੋਂ ਬੇਪਤੀ ਹੋਣਾ ਜਿਨ੍ਹਾਂ ਲਈ ਕੋਈ ਅਸਾਧਾਰਨ ਵਰਤਾਰਾ ਨਹੀਂ। ਤਫਤੀਸ਼ ਦੌਰਾਨ ਪੁਲਸ ਨੇ ਵਧੇਰੇ ਕਰਕੇ ਇਹਨਾਂ ਲੋਕਾਂ ਨੂੰ ਹੀ ਫੜ ਕੇ ਥਾਣੇ ਵਿਚ ਲਿਆਂਦਾ ਸੀ ਤੇ ਭੁਰਲੂ, ਰੱਸਾ, ਘੋਟਣਾ, ਕੁਰਸੀ, ਮੰਜਾ, ਪਿੰਜਰਾ ਆਦਿ ਤਸ਼ੱਦਦ ਦੀਆਂ ਵੱਖ ਵੱਖ ਵਿਧੀਆਂ ਦੀ ਇਹਨਾਂ ਉਤੇ ਵਰਤੋਂ ਕੀਤੀ ਸੀ। ਇਹ ਸਾਰੇ ਹੀ ਖੈਰ ਕਿਵੇਂ ਨਾ ਕਿਵੇਂ ਛੱਡ ਦਿੱਤੇ ਗਏ ਤੇ ਪਿੱਛੇ ਰਹਿ ਗਏ ਇਹਨਾਂ ਦੇ ਹੀ ਭਰਾ ਭਾਈ ਸਿਰਫ ਮੀਤਾ ਤੇ ਪਾਲਾ, ਜਿਨ੍ਹਾਂ ਨੇ ਜੇਬ ਕੱਟਣ ਜਾਂ ਚੋਰੀ ਦਾ ਧੰਦਾ ਚਿਰੋਕਣਾ ਛੱਡ ਦਿੱਤਾ ਸੀ। ਥਾਣੇ ਵਿਚ ਕਿੰਨੇ ਹੀ ਦਿਨਾਂ ਤਕ ਬੈਠ ਰਹੇ ਇਨਾਂ ਦੋਨਾਂ ਵਿਅਕਤੀਆਂ ਨੂੰ ਕੋਈ ਹੋਰ ਕਾਤਲ ਨਾ ਜੁੜਨ 'ਤੇ ਪੁਲਸ ਕਾਤਲ ਘੋਸ਼ਿਤ ਕਰਦੀ ਹੈ ਤੇ ਇਸ ਮੰਤਵ ਲਈ ਸਾਰਾ ਰੀਕਾਰਡ ਨਵੇਂ ਸਿਰਿਉਂ ਤਿਆਰ ਕਰਕੇ ਜੱਜ ਨਾਲ ਅਗਾਊਂ ਸਲਾਹ ਕਰਕੇ ਹੋਰ ਵਧੇਰੇ ਪੁੱਛ ਗਿੱਛ ਲਈ ਰੀਮਾਂਡ ਲੈਣ ਦਾ ਵੱਡਾ ਕਾਰਨਾਮਾ ਸਰ-ਅੰਜ਼ਾਮ ਕਰਨ ਵੱਲ ਤੁਰਦੀ ਹੈ।

ਬੰਟੀ ਦੇ ਕਤਲ ਦੀ ਇਸ ਕਹਾਣੀ ਦੇ ਬਿਆਨ ਦੇ ਅੰਤਰਗਤ ਅਨੇਕਾਂ ਹੀ ਪ੍ਰਸੰਗਕ ਵੇਰਵੇ ਨਾਵਲ ਵਿਚ ਮਿਲਦੇ ਹਨ ਜੋ ਸਮਕਾਲੀ ਸਮਾਜਕ, ਆਰਥਿਕ ਤੇ ਰਾਜਨੀਤਿਕ ਜੀਵਨ ਦੀਆਂ ਪਰਤਾਂ ਨੂੰ ਸੰਕੇਤ ਮਾਤਰ ਛੋਂਹਦੇ ਹਨ। ਇਹਨਾਂ ਸਭਨਾਂ ਪਰਤਾਂ ਦਾ ਉਲੇਖ ਇਸ ਨਿਬੰਧ ਵਿਚ ਕਰ ਸਕਣਾ ਸੰਭਵ ਨਹੀਂ। ਏਨਾ ਹੀ ਕਿਹਾ ਜਾ ਸਕਦਾ ਹੈ ਕਿ ਮਿੱਤਰ ਸੈਨ ਮੀਤ ਨੇ ਨਾਵਲ ਦੀ ਵਿਧੀ ਦੀ ਸਮਰੱਥਾ ਦੀ ਪੂਰਨ ਵਰਤੋਂ ਕਰਦਿਆਂ ਹੋਇਆਂ ਇਹਨਾਂ ਨੂੰ ਉਪਯੁਕਤ ਰੂਪ ਵਿਚ ਨਾਵਲ ਵਿਚ ਗੁੰਦਿਆ ਹੈ ਤੇ ਇੰਞ ਇਕ ਨਿਸ਼ਚਿਤ ਵਿਸ਼ੇ ਉੱਤੇ ਨਾਵਲ ਦੀ ਰਚਨਾ ਕਰਨ ਦੇ ਆਪਣੇ ਮੂਲ ਮੁੱਦੇ ਤੋਂ ਪਾਸੇ ਨਾ ਜਾਂਦਿਆਂ ਹੋਇਆਂ 'ਪੂੰਜੀਵਾਦੀ ਯੁਗ ਦੇ ਮਹਾਂਕਾਵਿ' ਦੇ ਨਾਵਲ ਦੇ ਮਾਪਦੰਡ ਨੂੰ ਛੋਹਣ ਦਾ ਉਪਰਾਲਾ ਕੀਤਾ ਹੈ।

ਸਾਡੇ ਬਹੁਤ ਸਾਰੇ ਸਮਰੱਥ ਨਾਵਲਕਾਰ ਵੀ ਨਾਵਲ ਦੇ ਸਰੂਪ ਦੇ ਕੁਝ ਖੁਲ੍ਹ ਵਾਲੇ ਚਰਿੱਤਰ ਦੀ ਭੁਲਾਂਦਰੇਮਈ ਸਮਝ ਕਰਕੇ ਵਿਸ਼ੇ-ਵਸਤ, ਪਾਤਰਾਂ ਤੇ ਘਟਨਾਵਾਂ ਦਾ ਇਸ ਤਰ੍ਹਾਂ ਦਾ ਖਿਲਾਰਾ ਨਾਵਲ ਵਿਚ ਪਾ ਲੈਂਦੇ ਹਨ ਕਿ ਉਹਨਾਂ ਲਈ ਸਭ ਕੁਝ ਨੂੰ ਢੁਕਵੀਂ ਜੁਗਤ ਰਾਹੀਂ ਸਮੇਟਣਾ ਤੇ ਇਕ ਚੰਗੀ ਨਾਵਲੀ ਕਲਾ-ਕਿਰਤ ਵਿਚ ਢਾਲਣਾ ਮੁਸ਼ਕਲ ਹੋ ਜਾਂਦਾ ਹੈ। ਮਿੱਤਰ ਸੈਨ ਮੀਤ ਦਾ ਇਹ ਨਾਵਲ ਇਸ ਦੋਸ਼ ਤੋਂ ਮੁਕਤ ਹੈ। ਇਸ ਵਿਚ ਵਿਸ਼ੇ-ਵਸਤ ਦਾ ਨਿਭਾਅ ਏਨਾ ਸੰਜਮੀ ਤੇ ਜੁਗਤ-ਭਰਪੂਰ ਹੈ ਕਿ ਉਸ 'ਚੋ ਕੋਈ ਛਿਦਰ ਲੱਭਣਾ ਕਾਫੀ ਕਠਿਨ ਕੰਮ ਜਾਪਦਾ ਹੈ। ਨਾਵਲ ਦੇ ਹਰ ਕਾਂਡ ਵਿਚ ਭਾਵੇਂ ਫੋਕਸ ਵੱਖਰੇ ਵੱਖਰੇ ਪਾਤਰ ਉੱਤੇ ਅਤੇ ਕਿਸੇ ਨਿਵੇਕਲੀ ਘਟਨਾ ਉੱਤੇ ਹੈ, ਪਰ ਹਰ ਕਾਂਡ ਅਗਲੇ ਪਿਛਲੇ ਕਾਂਡ ਨਾਲ ਤੇ ਹਰ ਪਾਤਰ ਦੂਸਰੇ ਪਾਤਰਾਂ ਨਾਲ ਅਜਿਹੇ ਕੁਸ਼ਲ ਢੰਗ ਨਾਲ ਇਕ ਸੰਬੰਧ ਵਿਚ ਬੰਨ੍ਹਿਆ ਗਿਆ ਹੈ ਕਿ ਪ੍ਰਤੀਤ ਹੀ ਨਹੀਂ ਹੁੰਦਾ ਕਿ ਲੇਖਕ ਨੇ ਕਹਾਣੀ ਦੀ ਅਡੋਪਲੇ ਹੀ ਇਕ ਵੱਖਰੀ ਤੰਦ ਛੋਹ ਲਈ ਹੈ ਜੋ ਵੱਖਰੀ ਹੋਂਦ ਰਖਦੀ ਹੋਈ ਨਾਵਲ ਦੀ ਸਮੁੱਚੀ ਵਿਉਂਤ ਵਿਚ ਚੰਗੀ ਤਰ੍ਹਾਂ ਸੰਜੁਗਤ ਹੈ। ਇਹਨਾਂ ਸਾਰੀਆਂ ਤੰਦਾਂ ਨੂੰ ਸੰਜੁਗਤ ਕਰਨ ਦਾ ਕਾਰਜ ਕਟਾਖਸ਼ ਤੇ ਵਿਅੰਗ ਵਾਲੀ ਉਸ ਸ਼ੈਲੀ ਨੇ ਨਿਭਾਇਆ ਹੈ ਜੋ ਨਾਵਲ ਦੀ ਸਮੁੱਚੀ ਆਤਮਾ ਵਿਚ ਰਮੀ ਹੋਈ ਹੈ। ਇਸ ਸਮੇਂ ਕੁਝ ਸੰਸਾਰ ਪ੍ਰਸਿੱਧ ਗਲਪ-ਰਚਨਾਵਾਂ ਦਾ ਪ੍ਰਸੰਗਕ ਹਵਾਲਾ ਦੇਣ ਦਾ ਲਾਲਚ ਮੇਰੇ ਮਨ ਵਿਚ ਹੈ, ਪਰ ਆਪਣੇ ਨਿਬੰਧ ਨੂੰ ਅਤਿਕਥਨੀ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਤਰ੍ਹਾਂ ਦੇ ਹਵਾਲੇ ਦੇਣ ਤੋਂ ਸੰਕੋਚ ਹੀ ਕਰਾਂਗਾ। ਫੇਰ ਵੀ ਏਨਾ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਅਨਿਆਈਂ ਸਮਾਜ-ਵਿਵਸਥਾ ਨੂੰ ਚਿਤਰਨ ਲਈ ਕਟਾਖਸ਼ ਤੇ ਵਿਅੰਗ ਦੀ ਸ਼ੈਲੀ ਇਸ ਨਾਵਲ ਨੂੰ ਬਹੁਤ ਰਾਸ ਆਈ ਹੈ।

ਨਾਵਲ ਦੇ ਅੰਤ ਵਿਚ ਬਾਬਾ ਗੁਰਦਿਤ ਸਿੰਘ ਤੇ ਉਸਦੇ ਸੰਗੀਆਂ ਦੇ ਰੂਪ ਵਿਚ ਮੀਤ ਨੇ ਕੁਝ ਸਾਰਥਿਕ ਪਾਤਰਾਂ ਦੀ ਰਚਨਾ

ਬਾਕੀ ਸਫਾ 30 ਉੱਤੇ

# ਲਿੰਗ ਵਿਤਕਰਾ ਤੇ ਨਵੀਂਆਂ ਤਕਨੀਕਾਂ

## ਬਲਇੰਦ੍ਰ ਜੌਹਲ

---

ਸਾਡੇ ਭਾਰਤੀ ਸਮਾਜ ਵਿਚ ਜੁਗਾਂ ਜੁਗਾਂਤਰਾਂ ਤੋਂ ਮੁੰਡਿਆਂ ਦੇ ਪੈਦਾ ਹੋਣ 'ਤੇ ਖੁਸ਼ੀ ਅਤੇ ਕੁੜੀਆਂ ਦੇ ਪੈਦਾ ਹੋਣ 'ਤੇ ਸੋਗ ਪਰਗਟ ਕੀਤਾ ਜਾਂਦਾ ਹੈ। ਲੜਕੀ ਦੇ ਜਨਮ 'ਤੇ ਆਮ ਤੌਰ ਤੇ ਇਹੀ ਕਿਹਾ ਜਾਂਦਾ ਹੈ - ਚਲੋ ਹਊ ਕੰਨਿਆ ਦੇਵੀ ਆ, ਘਰ ਦੀ ਲੱਛਮੀ ਆ, ਆਪ ਦੇ ਭਾਗ ਆਪ ਲੈ ਕੇ ਆਈ ਆ। ਜੇ ਪਹਿਲੋਂ ਮੁੰਡਾ ਹੋਇਆ ਹੋਵੇ ਤਾਂ - ਚਲੋ ਵੀਰ ਦੀ ਭੈਣ ਆ ਗਈ, ਨਹੀਂ ਤਾਂ - ਚਲੋ ਅੱਜ ਇਹ ਆਈ ਆ ਕੱਲ੍ਹ ਨੂੰ ਕੋਈ ਹੋਰ ਚੰਗੀ ਚੀਜ਼ ਆਊ। ਭਾਵ ਮੁੰਡਾ ਆਓ। ਇਸ ਸੱਭ ਪਿਛੋਂ ਮੰਤਵ੍ਹ [illegible] ਦਬਵੀ ਆਵਾਜ਼ ਵਿਚ ਦਿਲਾਸਾ ਦੇਣਾ ਹੀ ਹੁੰਦਾ ਹੈ।

ਇਹ ਸੰਸਕਾਰ ਸਾਨੂੰ ਸਾਡੇ ਵਿਰਸੇ ਵਿਚ ਮਿਲੇ ਹਨ। ਰਿਗ ਵੇਦ 10.85 ਵਿਚ ਵਿਆਹ ਸੰਬੰਧੀ ਮੰਤ੍ਰਾਂ ਵਿਚ ਨਵੀਂ ਵਿਆਹੁਤਾ ਲਈ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਸਪੁਤ੍ਰਾਂ ਦੀ ਭਾਗੀ ਬਣੇ। ਸਲੋਕ ਨੰ: 45 ਵਿਚ ਇੰਦਰ ਦੇਵਤਾ ਅੱਗੇ ਅਰਦਾਸ ਹੈ ਕਿ ਹੇ ਦੇਵਤਾ ਇਸਨੂੰ ਦਸ ਸਪੁਤ੍ਰਾਂ ਨਾਲ ਗਰਭਵਤੀ ਕਰਨਾ, ਤਾਂ ਜੋ ਇਸਦਾ ਪਤੀ ਘਰ ਦਾ ਗਿਆਰਵਾਂ ਮਨੁੱਖ ਹੋਵੇ। ਇਵੇਂ ਹੀ, 'ਏਤਾਰਿਆ ਬਰਾਹਮਣ' (800 ਬੀ ਸੀ ਤੋਂ 500 ਬੀ ਸੀ) ਵਿਚ ਨਾਰਦਮੁਨੀ ਮਾਹਾਰਾਜ ਹਰੀਸ਼ ਚੰਦ ਨੂੰ ਸਪੁਤ੍ਰ ਪੈਦਾ ਹੋਣ ਦੀ ਮਹਾਨਤਾ ਬਾਰੇ ਦੱਸਦੇ ਹਨ: "... ਪਤਨੀ ਆਦਮੀ ਦੀ ਸਖੀ ਹੈ ... ਪੁਤ੍ਰੀ ਆਦਮੀ ਨੂੰ ਤਰਸ ਦਾ ਪਾਤ੍ਰ ਬਣਾਉਂਦੀ ਹੈ ... ਪੁੱਤਰ ਇਕ ਸਰਬੋਤਮ ਸਵਰਗ ਵਿਚਲੇ ਚਰਾਗ ਸਮਾਨ ਹੈ।"

ਅੱਜ ਵੀ ਜਦੋਂ ਇਕ ਇਸਤ੍ਰੀ ਕਿਸੇ ਦੂਜੇ ਪੁਰਸ਼ ਜਾਂ ਇਸਤ੍ਰੀ ਦੇ ਚਰਨ ਛੂਹ ਕੇ ਉਸ ਨੂੰ ਪ੍ਰਣਾਮ ਕਰਦੀ ਹੈ ਤਾਂ ਉਸਨੂੰ ਅਸੀਸ ਮਿਲਦੀ ਹੈ: ਸਾਈਂ ਜੀਵੇ, ਦੁੱਧੀ ਨ੍ਹਾਵੇਂ, ਪੁੱਤੀ ਫਲੇ, ਸਤਪੁਤੀ ਹੋਵੇਂ, ਬੁੱਢ ਸੁਹਾਗਣ ਹੋਵੇਂ। ਸਾਫ ਜ਼ਾਹਰ ਹੈ ਕਿ ਮਨੁੱਖ ਪ੍ਰਧਾਨ ਸਮਾਜ ਵਿਚ ਇਹ ਅਸੀਸਾਂ ਮਨੁੱਖਾਂ ਨੂੰ ਹੀ ਦਿੱਤੀਆਂ ਜਾਂਦੀਆਂ ਹਨ।

ਆਰਥਿਕ ਪੱਖੋਂ ਵੀ ਮੁੰਡੇ ਦੇ ਵਿਆਹ [illegible]ਜ ਮਿਲਦੇ ਹਨ, ਪਰ ਕੁੜੀ ਦੇ ਵਿਆਹ 'ਤੇ ਦੇਣਾ ਪੈਂਦਾ ਹੈ। ਖੇਤੀ ਪ੍ਰਧਾਨ ਸਮਾਜ ਵਿਚ ਮੁੰਡਾ ਕੰਮ ਕਾਜ ਵਿਚ ਹੱਥ ਵਟਾਉਂਦਾ ਹੈ ਅਤੇ ਬੁਢਾਪੇ ਦੀ ਡੰਗੋਰੀ ਤੇ ਪੈਨਸ਼ਨ ਬਣਦਾ ਹੈ। ਕੁੜੀ ਨੂੰ ਬਿਗਾਨਾ ਧੰਨ ਸਮਝ ਕੇ ਪਾਲਿਆ ਜਾਂਦਾ ਹੈ ਅਤੇ ਉਸਨੂੰ ਘਰੋਂ ਕਿੰਨਾ ਹੀ ਧਨ ਮਾਲ ਦੇ ਕੇ ਵਿਦਾ ਕਰਨਾ ਪੈਂਦਾ ਹੈ। ਇਸ ਕਾਰਨ ਇਸਤਰੀ ਜਾਤੀ ਦਾ ਦਰਜਾ ਮਰਦ ਤੋਂ ਦੂਜੇ ਦਰਜੇ ਤੇ ਹੀ ਨਹੀਂ ਸਗੋਂ ਬਹੁਤ ਹੀ ਨੀਵਾਂ ਸਮਝਿਆ ਜਾਂਦਾ ਹੈ।

ਸਾਡੇ ਸਿੱਖ ਧਰਮ ਦੇ ਗੁਰੂਆਂ ਨੇ ਵੀ 'ਸੋ ਕਿਉਂ ਮੰਦਾ ਆਖੀਐ ਜਿੱਤ ਜੰਮੇ ਰਾਜਾਨ' ਕਹਿ ਕੇ ਇਸਤ੍ਰੀ ਜਾਤੀ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ। ਪਰ ਆਰਥਿਕ ਤੇ ਸਮਾਜਿਕ ਤਾਕਤਾਂ ਅੱਗੇ ਇਹ ਉਪਦੇਸ਼ ਸਦਾ ਸਿਰਫ ਉਪਦੇਸ਼ ਹੀ ਰਹੇ ਅਤੇ ਹਨ। ਅੱਜ ਵੀ ਹਰ ਵਿਆਹ ਦੀ ਰਸਮ ਸਮੇਂ ਇਹ ਗੱਲਾਂ ਦੁਹਰਾਈਆਂ ਜਾਂਦੀਆਂ ਹਨ ਕਿ ਸਾਡੇ ਗੁਰੂ ਇਸਤ੍ਰੀ ਪੁਰਸ਼ ਨੂੰ ਬਰਾਬਰ ਸਮਝਦੇ ਹਨ। (ਇਹ ਇਸਤ੍ਰੀ ਪੁਰਸ਼ ਦੀ ਸਮਾਨਤਾ ਹੋਰ ਵੀ ਵਧੇਰੇ ਮਾਣ ਨਾਲ ਵਿਖਾਈ ਜਾਂਦੀ ਹੈ ਜਦੋਂ ਵਿਆਹ ਵਿਚ ਗੋਰੇ ਵੀ ਸ਼ਾਮਲ ਹੋਣ) ਪਰ ਇਸ ਤੋਂ ਕੁਝ ਕੁ ਚਿਰ ਪਿਛੋਂ ਲੜਕੀ ਦੇ ਪਿਤਾ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਲੜਕੀ ਦਾ ਪੱਲਾ ਲੜਕੇ ਦੇ ਹੱਥ ਫੜਾ ਦੇਣ। ਤੇ ਇਸ ਤੋਂ ਪਿਛੋਂ ਪੱਲੇ ਮੈਂ ਤੈਂਡੇ ਲਾਗੀ ਦਾ ਸ਼ਬਦ ਪੜ੍ਹਿਆ ਜਾਂਦਾ ਹੈ। ਅਜਿਹੇ ਮੌਕੇ ਮਹਿਸੂਸ ਹੁੰਦਾ ਹੈ ਕਿ ਇਹ ਉਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਅਸੀਂ ਭਾਰਤ ਵਿਚ ਗਾਂ ਮੱਝ ਵੇਚਣ ਵੇਲੇ ਉਸਦਾ ਰੱਸਾ ਨਵੇਂ ਮਾਲਕ ਨੂੰ ਫੜਾ ਦਿੱਤਾ ਜਾਂਦਾ ਹੈ। ਫੇਰ ਲੜਕੀ ਨੂੰ ਲਾਵਾਂ ਲੈਣ ਲਈ ਲੜਕੇ ਦੇ ਪਿੱਛੇ ਪਿੱਛੇ ਜਾਣ ਲਈ ਆਖ ਦਿੱਤਾ ਜਾਂਦਾ ਹੈ। ਤੇ ਸਿੱਖਿਆ ਵਿਚ ਕਿਹਾ ਜਾਂਦਾ ਹੈ ਕਿ ਪਤੀ ਤੇ ਪਤਨੀ ਦੋਵੇਂ ਇਕ ਗੱਡੀ ਦੇ ਪਹੀਏ ਹਨ ਪਰ ਮੈਨੂੰ ਤਾਂ ਲਾਵਾਂ ਲੈਂਦੇ ਪਤੀ ਪਤਨੀ ਕਦੇ ਗੱਡੀ ਦੇ ਪਹੀਏ ਨਹੀਂ ਲੱਗੇ ਸਗੋਂ ਬਾਈਸਾਈਕਲ ਦੇ ਪਹੀਏ ਹੀ ਲੱਗਦੇ ਹਨ, ਜਿਧਰ ਨੂੰ ਅਗਲਾ ਪਹੀਆ ਮੁੜਿਆ ਉਧਰ ਨੂੰ ਹੀ ਪਿਛਲਾ ਘੁੰਮਦੇ ਪਿਛੇ ਪਿਛੇ। ਸੋ ਗੁਰੂਆਂ ਵੱਲ ਦਸੀ [illegible] ਬਰਾਬਰਤਾ ਦਾ ਦਰਜਾ ਦੇਣ ਦਾ ਪ੍ਰਤੱਖ ਪ੍ਰਮਾਣ ਸਾਡੇ ਸਾਹਮਣੇ ਹੈ।

ਸਾਡੇ ਭਾਰਤ ਵਿਚ ਵੀਹਵੀਂ ਸਦੀ ਦੇ ਆਰੰਭ ਤੀਕ ਕੁੜੀਆਂ ਨੂੰ ਮਾਰਨ ਦੀ ਤੇ ਸਤੀ ਦੀ ਰਸਮ ਪ੍ਰਚਲਤ ਸੀ। ਨਵਜੰਮੀ ਕੁੜੀ ਨੂੰ ਮਾਰਨ ਦਾ 'ਨੇਕ' ਕੰਮ ਉਸ ਦੀ ਭੂਆ ਜਾਂ ਦਾਦੀ ਨੂੰ ਦਿੱਤਾ ਜਾਂਦਾ ਸੀ ਕਿਉਂ ਜੋ ਮਾਂ ਲਈ ਆਪਣਾ ਬੱਚਾ ਮਾਰਨਾ ਬਹੁਤ ਔਖਾ ਹੈ। ਜੇ ਕਿਸੇ ਕਮਜ਼ੋਰ ਦਿਲ ਔਰਤ ਦਾ ਬੱਚੀ ਦਾ ਗਲ ਘੁੱਟਣ ਦਾ ਹੌਂਸਲਾ ਨਾ ਪੈਂਦਾ ਤਾਂ ਉਹ ਉਸਨੂੰ ਅੱਕ ਦੀ ਗੁੜ੍ਹਤੀ ਦੇ ਕੇ ਮਾਰ ਦਿੰਦੀ। ਜਾਂ ਫਿਰ ਉਸ ਬੱਚੀ ਨੂੰ ਖੁਲੇ ਮੂੰਹ ਵਾਲੀ ਚਾਟੀ 'ਚ ਪਾ ਕੇ ਉਸ ਦੇ ਮੂੰਹ ਵਿਚ ਗੁੜ ਪਾ ਤੇ ਹੱਥ ਵਿਚ ਪੂਣੀ ਫੜਾ, ਉਸਨੂੰ ਇਹ ਕਹਿੰਦੇ ਹੋਇ, "ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਆਈਂ ਵੀਰਾਂ ਘੱਤੀਂ" ਘਰ ਦੀ ਦੇੜੀ ਕੱਚੀ ਕੰਧ ਪੁੱਟ ਕੇ

ਚਾਟੀ ਨੂੰ ਉਸ ਵਿਚ ਰੱਖ ਦਿੱਤਾ ਜਾਂਦਾ ਸੀ। ਤੇ ਕੰਧ ਨੂੰ ਬੰਦ ਕਰਕੇ ਲਿੱਪ ਪੋਚ ਦਿੱਤਾ ਜਾਂਦਾ। ਇਸੇ ਤਰ੍ਹਾਂ ਪਤੀ ਦੀ ਮੌਤ ਪਿਛੋਂ ਇਸਤ੍ਰੀ ਉਸਦੇ ਨਾਲ ਹੀ ਸਤੀ ਹੋ ਜਾਂਦੀ ਸੀ ਕਿਉਂਕਿ ਉਸ ਨੂੰ ਸਿਖਾਇਆ ਹੀ ਇਹ ਜਾਂਦਾ ਸੀ। ਜੇ ਇਸਤ੍ਰੀ ਨਾ ਵੀ ਮਰਨਾ ਚਾਹੇ ਤਾਂ ਉਸਨੂੰ ਮਜ਼ਬੂਰ ਕੀਤਾ ਜਾਂਦਾ ਸੀ ਤਾਂ ਜੋ ਉਸਦੇ ਪਤੀ ਦੀ ਜ਼ਮੀਨ ਦੀ ਢੇਰੀ ਉਸਨੂੰ ਨਾ ਚਲੀ ਜਾਵੇ।

ਇਹਨਾਂ ਕੁਰੀਤੀਆਂ ਦੇ ਕਾਨੂੰਨਨ ਵਰਜਤ ਹੋ ਜਾਣ ਪਿਛੋਂ ਵੀ ਕੁੜੀਆਂ ਦੇ ਖਾਣ ਪਹਿਨਣ, ਉਨਾਂ ਦੇ ਦਵਾ ਦਾਰੂ ਕਰਨ ਅਤੇ ਉਨਾਂ ਨੂੰ ਵਿਦਿਆ ਦੇਣ ਵਿਚ ਵਿਤਕਰਾ ਚਲਦਾ ਹੀ ਰਿਹਾ ਹੈ। ਅੱਜ ਦੇ ਜ਼ਮਾਨੇ ਵਿਚ ਕੁੜੀਆਂ ਦੀ ਪੈਦਾਇਸ਼ ਨੂੰ ਰੋਕਣ ਲਈ ਨਵੀਆਂ ਤਕਨੀਕਾਂ ਦਾ ਇਸਤੇਮਾਲ ਆਮ ਹੋ ਰਿਹਾ ਹੈ। ਤੇ ਨਤੀਜੇ ਵਜੋਂ ਜਿਥੇ 1901 ਵਿਚ ਭਾਰਤ ਵਿਚ ਇਸਤਰੀਆਂ ਦੀ ਗਿਣਤੀ ਮਰਦਾਂ ਨਾਲੋਂ ਤੀਹ ਲੱਖ ਘੱਟ ਸੀ ਉਥੇ 1981 ਦੀ ਮਰਦਮ ਸ਼ੁਮਾਰੀ ਵਿਚ ਇਹ ਫਰਕ ਦੋ ਕਰੋੜ ਵੀਹ ਲੱਖ ਦਾ ਹੋ ਗਿਆ। ਪੰਜਾਬ ਵਿਚ ਇਹਨਾਂ ਤਕਨੀਕਾਂ ਦਾ ਇਸਤੇਮਾਲ ਕਰਕੇ ਕਈ ਗੈਰ-ਜ਼ੁੰਮੇਵਾਰ ਡਾਕਟਰਾਂ ਨੇ ਆਪਣੇ ਪਵਿੱਤਰ ਪੇਸ਼ੇ ਦੀ ਪਰਵਾਹ ਨਾ ਕਰਦਿਆਂ ਲੋਹੜੇ ਦਾ ਪੈਸਾ ਬਣਾਇਆ। ਇਸ ਪ੍ਰੈਕਟਿਸ ਨੂੰ ਰੋਕਣ ਲਈ ਇਸਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਗਿਆ ਪਰ ਫੇਰ ਵੀ ਜਿਵੇਂ ਪੰਜਾਬੀ ਦਾ ਅਖਾਣ ਹੈ ਕਿ ਜਿਥੇ ਚਾਹ ਉਥੇ ਰਾਹ, ਇਹ ਪ੍ਰੈਕਟਿਸ ਕਿਸੇ ਨਾ ਕਿਸੇ ਤਰ੍ਹਾਂ ਜ਼ਾਰੀ ਹੈ। ਲੋਕ ਆਮ ਹੀ ਕਹਿੰਦੇ ਹਨ ਕਿ ਹੁਣ ਪੰਜ ਹਜ਼ਾਰ ਲਾਓ ਤੇ ਅੱਗੇ ਲਈ ਪੰਜ ਲੱਖ ਬਚਾਓ।

ਅਸੀਂ ਭਾਰਤੀ ਪਿਛੋਕੜ ਦੇ ਲੋਕ ਆਪਣੀ ਭਾਰਤੀ ਸਭਿਅਤਾ ਦੇ ਉਜੱਡ ਤੇ ਘਿਨਾਉਣੇ ਪੱਖਾਂ ਨੂੰ ਆਪਣੇ ਨਾਲ ਹੀ ਲੈ ਕੇ ਕੈਨੇਡਾ ਆਏ ਹਾਂ। ਅਸੀਂ ਇਥੇ ਵੀ ਲੜਕੇ ਤੇ ਲੜਕੀਆਂ ਵਿਚ ਫਰਕ ਕਰਦੇ ਹਾਂ। ਅੱਜ ਜਦੋਂ ਕਿ ਦੁਨੀਆਂ ਹਰ ਪੱਖੋਂ ਤਰੱਕੀ ਕਰ ਰਹੀ ਹੈ ਅਸੀਂ ਆਪਣੇ ਕਦਮ ਪਿਛਾਂਹ ਵੱਲ ਹੀ ਪੁੱਟੀ ਜਾ ਰਹੇ ਹਾਂ। ਸਾਡੀਆਂ ਇਹਨਾਂ ਕਮਜ਼ੋਰੀਆਂ ਦਾ ਨਜਾਇਜ਼ ਫੈਦਾ ਉਠਾਉਣ ਲਈ ਭਾਰਤ ਵਿਚ ਹੀ ਨਹੀਂ ਇਥੇ ਵੀ ਕੁਝ ਕੁ ਡਾਕਟਰ ਤਿਆਰ ਬਰ ਤਿਆਰ ਹਨ। ਅਜਿਹਾ ਹੀ ਇਕ ਡਾਕਟਰ ਜੌਨ ਸਟੀਫਨਜ਼ ਹੈ। ਉਹ ਅਲਟਰਾਸਾਉਂਡ ਤਕਨੀਕ ਦਾ ਇਸਤੇਮਾਲ ਕਰਕੇ 12 ਹਫਤੇ ਦੇ ਗਰਭ ਵਿਚਲੇ ਬੱਚੇ ਦਾ ਲਿੰਗ ਦੱਸਣ ਦਾ ਦਾਅਵਾ ਕਰਦਾ ਹੈ ਅਤੇ ਜਿਸਦੇ ਉਹ ਪੰਜ ਸੌ ਡਾਲਰ ਲੈਂਦਾ ਹੈ। ਉਸਦੀਆਂ ਅਮਰੀਕਾ ਵਿਚ ਕਈ ਕਲਿਨਿਕਜ਼ ਹਨ। ਬੀ ਸੀ ਵਿਚ ਵਸਦੇ ਭਾਰਤੀ ਲੋਕਾਂ ਤੋਂ ਪੈਸਾ ਕਮਾਉਣ ਲਈ ਉਸਨੇ ਬੀ ਸੀ ਸਰਕਾਰ ਤੋਂ ਇਥੇ ਕਲਿਨਿਕ ਖੋਲਣ ਦੀ ਇਜਾਜ਼ਤ ਮੰਗੀ ਪਰ ਉਸ ਨੂੰ ਇਜਾਜ਼ਤ ਮਿਲੀ ਨਹੀਂ। ਨਤੀਜੇ ਵਜੋਂ ਉਸਨੇ ਆਪਣੀ ਇਕ ਕਲਿਨਿਕ ਬਲੇਨ ਜੋ ਵੈਨਕੂਵਰ ਤੋਂ ਬਹੁਤੀ ਦੂਰ ਨਹੀਂ, ਵਿਚ ਆਪਣੀ ਕਲਿਨਿਕ ਖੋਲ ਦਿੱਤੀ ਅਤੇ ਭਾਰਤੀ ਕਮਿਊਨਿਟੀ ਵਿਚ ਇਸ਼ਤਿਹਾਰਬਾਜ਼ੀ ਨਾਲ ਆਪਣਾ ਕੰਮ ਚਲਾਉਣ ਲੱਗਾ। ਜਦੋਂ ਉਸਨੂੰ ਇਹ ਪੁਛਿਆ ਗਿਆ ਕਿ ਟੈਸਟ ਤੋਂ ਪਿਛੋਂ ਲੋਕ ਹੋਣ ਵਾਲੀ ਬੱਚੀ ਦਾ ਗਰਭਪਾਤ ਕਰਵਾ ਦਿੰਦੇ ਹਨ, ਉਸਦਾ ਕਹਿਣਾ ਸੀ ਕਿ ਉਹ ਤਾਂ ਸਿਰਫ ਹੋਣ ਵਾਲੇ ਬੱਚੇ ਦਾ ਲਿੰਗ ਦੱਸਦਾ ਹੈ, ਪਿਛੋਂ ਉਸ ਬੱਚੇ ਦੇ ਮਾਂ ਬਾਪ ਕੀ ਕਰਦੇ ਹਨ ਇਸ ਦਾ ਉਹ ਜ਼ਿੰਮੇਵਾਰ ਨਹੀਂ ਹੈ। ਫਿਰ ਉਸ ਨੇ ਕਿਹਾ ਕਿ ਉਸਨੂੰ ਕੀ ਲੋੜ ਪਈ ਹੈ ਕਿ ਉਹ ਕਿਸੇ ਕੌਮ ਦੀਆਂ ਸਭਿਆਚਾਰਕ ਕੀਮਤਾਂ ਨੂੰ ਬਦਲਦਾ ਫਿਰੇ ਜਾਂ ਆਪਣੀ ਆਮਦਨ ਆਪ ਹੀ ਗਲਾ ਘੁੱਟੇ।

ਨਵੰਬਰ 1990 ਨੂੰ ਵੈਨਕੂਵਰ ਵਿਚ ਰੋਆਇਲ ਕਮਿਸ਼ਨ ਵਲੋਂ ਸੰਤਾਨ-ਉਤਪਤੀ ਦੀਆਂ ਤਕਨੀਕਾਂ ਬਾਰੇ ਇਕ ਸੁਣਵਾਈ ਕੀਤੀ ਗਈ ਗਈ ਸੀ। ਡਾਕਟਰ ਸਟੀਫਨਜ਼ ਵੀ ਉਥੇ ਆਇਆ ਸੀ। ਇਸ ਸੱਭ ਕਾਸੇ ਦਾ ਮੀਡੀਏ ਵਿਚ ਕਾਫੀ ਚਰਚਾ ਚਲਦਾ ਰਿਹਾ ਅਤੇ ਭਾਰਤੀ ਕਮਿਊਨਿਟੀ ਦਾ ਨਾਂ ਵੀ ਮੀਡੀਏ ਵਲੋਂ ਇਸ ਨਾਲ ਜੋੜਿਆ ਜਾਂਦਾ ਰਿਹਾ।

ਇਨ੍ਹਾਂ ਸਾਰੀਆਂ ਗੱਲਾਂ ਕਰਕੇ ਸਾਡੀ ਸਮੁੱਚੀ ਇੰਡੋ-ਕੈਨੇਡੀਅਨ ਕਮਿਊਨਿਟੀ ਦੀ ਕਾਫੀ ਭੰਡੀ ਹੋ ਰਹੀ ਹੈ। ਇਹ ਮਸਲਾ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਕਿ ਜਿਵੇਂ ਇਹ ਇਕੱਲੀ ਭਾਰਤੀ ਕਮਿਊਨਿਟੀ ਦਾ ਮਸਲਾ ਹੀ ਹੋਵੇ। ਅਸਲੀਅਤ ਇਹ ਹੈ ਕਿ ਦੂਜੀਆਂ ਕਮਿਊਨਿਟੀਆਂ, ਦੂਜੇ ਸਮਾਜਾਂ ਵਿਚ ਵੀ ਮਰਦ ਤੇ ਔਰਤ ਦਰਮਿਆਨ ਵਿਤਕਰਾ ਕੀਤਾ ਜਾਂਦਾ ਹੈ ਅਤੇ ਲੱਗਭੱਗ ਹਰ ਸਮਾਜ ਵਿਚ ਬੱਚਾ ਜੰਮਣ ਵੇਲੇ ਕੁੜੀ ਨਾਲੋਂ ਮੁੰਡੇ ਦੀ ਵੱਧ ਖੁਸ਼ੀ ਕੀਤੀ ਜਾਂਦੀ ਹੈ। ਜਿਹੜੇ ਸਮਾਜ ਭਾਰਤ ਵਾਂਗ ਖੇਤੀ ਪ੍ਰਧਾਨ ਹਨ ਉਹਨਾਂ ਵਿਚ ਇਹ ਮਸਲਾ ਸਾਡੇ ਜਿੰਨਾ ਹੀ ਗੰਭੀਰ ਹੈ ਜਿਵੇਂ ਚੀਨੀ ਸਮਾਜ ਵਿਚ।

ਪਰ ਅਫਸੋਸ ਹੈ ਕਿ ਸਾਡੀ ਕਮਿਊਨਿਟੀ ਵਿਚ ਇਸ ਤਕਨੀਕ ਦੀ ਗਲਤ ਵਰਤੋਂ ਦੇ ਖਿਲਾਫ ਸਾਡੀ ਆਵਾਜ਼ ਬਹੁਤੀ ਉੱਚੀ ਨਹੀਂ ਸੁਣਾਈ ਦਿੱਤੀ। ਸਾਡੇ ਧਾਰਮਿਕ, ਰਾਜਨੈਤਿਕ, ਤੇ ਸਮਾਜਿਕ ਆਗੂ ਇਸ ਬਾਰੇ ਮੋਨ ਬਰਤ ਧਾਰੀ ਬੈਠੇ ਹਨ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਬਹੁਤੀ ਆਵਾਜ਼ ਸਿਰਫ ਔਰਤਾਂ ਦੀਆਂ ਜਥੇਬੰਦੀਆਂ ਦੀ ਹੀ ਸੁਣਾਈ ਦਿੱਤੀ ਹੈ। ਔਰਤਾਂ ਨੇ ਹੀ ਮੀਡੀਏ ਵਿਚ ਜਾ ਕੇ ਇਸ ਦੀ ਵਿਰੋਧਤਾ ਕਰਨ ਦੀ ਕੋਸ਼ਿਸ਼ ਕੀਤੀ। ਔਰਤਾਂ ਦੀ ਜਥੇਬੰਦੀ ਇੰਡੀਆ ਮਹਿਲਾ ਐਸੋਸੀਏਸ਼ਨ ਨੇ ਰੋਆਇਲ ਕਮਿਸ਼ਨ ਦੀ ਸੁਣਵਾਈ ਦੇ ਦਿਨ ਵੈਨਕੂਵਰ ਵਿਚ ਮੁਜ਼ਾਹਰਾ ਕਰਨ ਦਾ ਬੰਦੋਬਸਤ ਕੀਤਾ ਜੋ ਕਾਫੀ ਕਾਮਯਾਬ ਰਿਹਾ। ਆਈ ਐਮ ਏ ਵਲੋਂ ਰਮਿੰਦਰ

> ਜਾਂ ਫਿਰ ਉਸ ਬੱਚੀ ਨੂੰ ਖੁਲੇ ਮੂੰਹ ਵਾਲੀ ਚਾਟੀ 'ਚ ਪਾ ਕੇ ਉਸ ਦੇ ਮੂੰਹ ਵਿਚ ਗੁੜ ਪਾ ਤੇ ਹੱਥ ਵਿਚ ਪੂਣੀ ਫੜਾ, ਉਸਨੂੰ ਇਹ ਕਹਿੰਦੇ ਹੋਇ, "ਗੁੜ ਖਾਈਂ ਪੂਣੀ ਕੱਤੀਂ, ਆਪ ਨਾ ਵੀਰਾਂ ਘੱਤੀਂ" ਘਰ ਦੀ ਚੋੜੀ ਕੱਚੀ ਕੰਧ ਪੁੱਟ ਕੇ ਚਾਟੀ ਨੂੰ ਉਸ ਵਿਚ ਰੱਖ ਦਿੱਤਾ ਜਾਂਦਾ ਸੀ

ਦੋਸਾਂਝ ਨੇ ਡਾਕਟਰ ਸਟੀਫਨਜ਼ ਦਾ ਬੜੇ ਗੁੱਸੇ ਤੇ ਠੋਸ ਸਵਾਲਾਂ ਨਾਲ ਸਵਾਗਤ ਕੀਤਾ ਤੇ ਉਸਨੂੰ ਬੇਬਾਕ ਕਰ ਦਿੱਤਾ। ਇਸ ਮੁਜ਼ਾਹਰੇ ਨੂੰ ਤੇਰ੍ਹਾਂ ਹੋਰ ਜਥੇਬੰਦੀਆਂ ਵਲੋਂ ਲਿਖਤੀ ਤੌਰ ਤੇ ਪ੍ਰੋੜ੍ਹਤਾ ਮਿਲੀ ਅਤੇ ਉਹਨਾਂ ਨੇ ਇਸ ਵਿਚ ਹਿੱਸਾ ਲਿਆ। ਪਰ ਆਪਣੀ ਕਮਿਊਨਿਟੀ ਵਿਚੋਂ ਸਿਰਫ ਔਰਤਾਂ ਹੀ ਇਸ ਵਿਚ ਸ਼ਾਮਲ ਸਨ ਮਰਦ ਨਹੀਂ। ਸੰਨਤਾਨ ਉਤਪਤੀ ਦੀਆਂ ਤਕਨੀਕਾਂ ਅਤੇ ਉਨ੍ਹਾਂ ਦਾ ਇਸਤ੍ਰੀਆਂ ਉਪਰ ਅਸਰ ਦੇ ਬਾਰੇ ਸੁਨੇਰਾ ਥੋਬਾਨੀ ਨੇ ਇਕ ਲਿਖਤ (ਬ੍ਰੀਫ) ਪੇਸ਼ ਕੀਤੀ। 'ਏਆਇਸ' ਅਖਬਾਰ ਅਤੇ 'ਵਤਨ' ਦੇ ਸੰਪਾਦਕੀ ਵਿਚ ਇਸ ਵਿਸ਼ੇ 'ਤੇ ਵਿਚਾਰ ਕੀਤੀ ਗਈ। ਪਰ ਫੇਰ ਵੀ ਲਗਦਾ ਹੈ ਕਿ ਬਹੁਤੇ ਲੋਕ ਇਸਨੂੰ ਔਰਤਾਂ ਦੀ ਹੀ ਸਮੱਸਿਆ ਸਮਝਦੇ ਹਨ। ਪਰ ਨਾਂ ਤਾਂ ਇਹ ਇਕੱਲੀ ਔਰਤਾਂ ਦੀ ਸਮੱਸਿਆ ਹੈ, ਨਾਂ ਕੁਝ ਇੱਕ ਪ੍ਰਵਾਰਾਂ ਦੀ, ਅਤੇ ਨਾ ਹੀ ਕਿਸੇ ਇਕ ਵਿਸ਼ੇਸ਼ ਧਰਮ ਦੀ, ਬਲਕਿ ਇਹ ਤਾਂ ਸਮੁੱਚੀ ਭਾਰਤੀ ਕਮਿਊਨਿਟੀ ਦੀ ਸਮੱਸਿਆ ਹੈ ਭਾਵੇਂ ਉਹ ਉਤਰੀ ਅਮਰੀਕਾ ਵਿਚ ਹੈ ਜਾਂ, ਇੰਗਲੈਂਡ ਵਿਚ ਤੇ ਜਾਂ ਫਿਰ ਦੁਨੀਆਂ ਦੇ ਕਿਸੇ ਹੋਰ ਕੋਨੇ ਵਿਚ ਵਸਦੀ ਹੋਵੇ। ਤੇ ਇਸਦਾ ਹੱਲ ਵੀ ਅਸੀਂ ਸੱਭ ਦੇ ਸਹਿਯੋਗ ਨਾਲ ਹੀ ਲੱਭ ਸਕਦੇ ਹਾਂ।

ਸਾਨੂੰ ਦੇਖਣਾ ਤੇ ਸਮਝਣਾ ਪਵੇਗਾ ਕਿ ਅੱਜ ਜੇ ਕੋਈ ਇਸਤ੍ਰੀ ਨਵੀਆਂ ਤਕਨੀਕਾਂ ਰਾਹੀਂ ਬੱਚੇ ਦੇ ਲਿੰਗ ਦਾ ਪਤਾ ਕਰਕੇ ਹੋਣ ਵਾਲੀ ਲੜਕੀ ਦਾ ਗਰਭਪਾਤ ਕਰਵਾਉਣ ਲਈ ਤਿਆਰ ਹੁੰਦੀ ਹੈ ਤਾਂ ਕਿਉਂ? ਸੋਚ ਵਿਚਾਰ ਤੋਂ ਅਸੀਂ ਇਸੇ ਸਿੱਟੇ ਤੇ ਹੀ ਪਹੁੰਚਾਂਗੇ ਕਿ ਸਾਡੀਆਂ ਕਦਰਾਂ ਕੀਮਤਾਂ ਦਾ ਦਬਾਅ ਹੀ ਉਸਨੂੰ ਅਜਿਹਾ ਕਰਨ ਲਈ ਮਜ਼ਬੂਰ ਕਰਦਾ ਹੈ। ਅਸੀਂ ਸਾਰੇ ਹੀ ਇਸ ਵਿਚ ਕਸੂਰਵਾਰ ਹਾਂ ਕਿਉਂ ਜੋ ਇਸ ਮਰਦ ਪ੍ਰਧਾਨ ਸਮਾਜ ਦੀਆਂ ਕੀਮਤਾਂ ਸਾਡੀਆਂ ਸੱਭ ਦੀਆਂ ਕੀਮਤਾਂ ਹਨ, ਸਾਡੀਆਂ ਸੱਭ ਦੀਆਂ ਬਣਾਈਆਂ ਹੋਈਆਂ ਹਨ ਜਾਂ ਅਪਣਾਈਆਂ ਹੋਈਆਂ। ਜਿੰਨਾਂ ਚਿਰ ਅਸੀਂ ਇਹਨਾਂ ਕਦਰਾਂ ਕੀਮਤਾਂ ਨੂੰ ਨਹੀਂ ਬਦਲਦੇ ਗਰਭਪਾਤ ਹੁੰਦੇ ਹੀ ਰਹਿਣਗੇ। ਸਾਡੀਆਂ ਬਹੁਤੀਆਂ ਧੀਆਂ ਦੀਆਂ ਮਾਵਾਂ ਤਾਨ੍ਹੇ, ਮਿਹਣਿਆਂ ਦਾ ਸ਼ਿਕਾਰ ਹੁੰਦੀਆਂ ਰਹਿਣਗੀਆਂ ਅਤੇ ਅਨੇਕਾਂ ਹੀ ਵਪਾਰੀ ਡਾਕਟਰ ਸਾਡੀਆਂ ਗਲਤ ਕੀਮਤਾਂ ਤੇ ਆਪਣੀਆਂ ਜੇਬਾਂ ਭਰਦੇ ਰਹਿਣਗੇ। ਇਹਨਾਂ ਡਾਕਟਰਾਂ ਦਾ ਤੇ ਨਵੀਆਂ ਤਕਨੀਕਾਂ ਦੇ ਇਸਤੇਮਾਲ ਦਾ ਵਿਰੋਧ ਕਰਨਾ ਮਹਾਨ ਕੰਮ ਅਵੱਸ਼ ਹੈ ਪਰ ਮੈਂ ਸਮਝਦੀ ਹਾਂ ਕਿ ਇਹ ਇਕ ਆਰਜ਼ੀ ਇਲਾਜ ਹੈ, ਅਸਲੀ ਤੇ ਪੱਕਾ ਇਲਾਜ ਸਾਡੇ ਸਮਾਜਿਕ ਢਾਂਚੇ ਨੂੰ ਬਦਲਣਾ ਹੈ।

ਅਸੀਂ ਖੇਤੀ ਪ੍ਰਧਾਨ ਸਮਾਜ ਨੂੰ ਤਿਆਗ ਕੇ ਇਸ ਨਵੇਂ ਮੁਲਕ ਨੂੰ ਅਪਣਾਇਆ ਹੈ। ਇਥੇ ਸਾਡੀ ਆਰਥਿਕ ਸਥਿਤੀ ਬਦਲ ਚੁੱਕੀ ਹੈ। ਮਰਦ ਤੇ ਔਰਤਾਂ ਦੋਵੇਂ ਹੀ ਘਰੋਂ ਬਾਹਰ ਕੰਮ ਕਰਕੇ ਟੱਬਰ ਦੀ ਹਾਲਤ ਨੂੰ ਸੁਧਾਰਣ ਵਿਚ ਹਿੱਸਾ ਪਾਉਂਦੇ ਹਨ। ਸਾਨੂੰ ਹੁਣ ਕੁੜੀ ਤੇ ਮੁੰਡੇ ਵਿਚ ਫਰਕ ਕਰਨਾ ਛੱਡ ਦੇਣਾ ਚਾਹੀਦਾ ਹੈ। ਜੇ ਸਾਨੂੰ ਇਹ ਡਰ ਹੈ ਕਿ ਧੀਆਂ ਬਹੁਤਾ ਪੜ੍ਹ ਕੇ ਸਾਡੀ ਮਰਯਾਦਾ ਦੀ ਖਿੱਚੀ ਹੋਈ ਲਛਮਣ ਰੇਖਾ ਨੂੰ ਪਾਰ ਕਰਕੇ ਸਾਡੀ ਇਜ਼ਤ ਮਿੱਟੀ ਵਿਚ ਰਲਾਉਣਗੀਆਂ ਤਾਂ ਸਾਨੂੰ ਆਪਣੇ ਪੁਤ੍ਰਾਂ ਬਾਰੇ ਵੀ ਇਵੇਂ ਹੀ ਸੋਚਣਾ ਚਾਹੀਦਾ ਹੈ। ਕੁੜੀਆਂ 'ਬਿਗਾਨਾ ਧੰਨ' ਹੁੰਦੇ ਹੋਏ ਵੀ ਆਪਣੇ ਮਾਂ ਬਾਪ ਭੈਣਾਂ, ਭਰਾਵਾਂ ਬਾਰੇ ਸੋਚਦੀਆਂ ਹਨ। ਇਥੇ ਆ ਕੇ ਵਸੇ ਪ੍ਰਵਾਰਾਂ ਵਿਚ ਜੇ ਦੇਖਿਆ ਜਾਵੇ ਤਾਂ ਬਹੁਤੇ ਪ੍ਰਵਾਰ ਉਹ ਹਨ ਜੋ ਕਿ ਕੁੜੀਆਂ ਨੇ ਸਪਾਂਸਰ ਕਰਕੇ ਬੁਲਾਏ ਹਨ। ਬਹੁਤ ਸਾਰੀਆਂ ਕੁੜੀਆਂ ਆਪਣੇ ਮਾਪਿਆਂ ਨੂੰ ਉਸੇ ਕਿਸਮ ਦੀ ਤੇ ਉਨੀ ਹੀ ਭਾਵਕ ਤੇ ਆਰਥਿਕ ਮੱਦਦ ਦਿੰਦੀਆਂ ਹਨ ਜਿੰਨੀ ਮੁੰਡੇ।

ਅੱਜ ਦੇ ਸਮੇਂ ਵਿਚ ਕਿਸੇ ਵੀ ਔਰਤ ਨੂੰ ਇਹ ਸੋਚ ਕਿ ਦੋਸ਼ੀ ਨਹੀਂ ਮਹਿਸੂਸ ਕਰਨਾ ਚਾਹੀਦਾ ਕਿ ਉਸਦੇ ਧੀਆਂ ਹੀ ਪੈਦਾ ਹੁੰਦੀਆਂ ਹਨ, ਪੁੱਤ੍ਰ ਨਹੀਂ। ਸਾਇੰਸ ਦੀ ਤਰੱਕੀ ਨਾਲ ਕੁਦਰਤ ਦਾ ਇਹ ਰਹੱਸ ਵੀ ਸਾਡੇ ਸਾਹਮਣੇ ਆ ਗਿਆ ਹੈ। ਇਹ ਰਹੱਸ ਸਾਦੇ ਲਫਜ਼ਾਂ ਵਿਚ ਇਸ ਤਰ੍ਹਾਂ ਹੈ: ਔਰਤ ਦੇ ਅੰਡੇ ਵਿਚ ਕੁਲ 23 ਕਰੋਮੋਸਮਜ਼ ਹੁੰਦੇ ਹਨ, ਜਿਨ੍ਹਾਂ ਵਿਚੋਂ ਲਿੰਗ ਸੰਬੰਧਤ ਕਰੋਮੋਸੋਮ X ਹੁੰਦਾ ਹੈ ਤੇ ਉਹ ਸਦਾ ਹੀ X ਹੁੰਦਾ ਹੈ। ਦੂਜੇ ਪਾਸੇ ਆਦਮੀ ਦੇ ਜੀਵਾਣੂ ਵਿਚ ਵੀ 23 ਕਰੋਮੋਸੋਮਜ਼ ਹੀ ਹੁੰਦੇ ਹਨ, ਜਿਨ੍ਹਾਂ ਵਿਚ ਲਿੰਗ ਨਾਲ ਸੰਬੰਧਤ ਕਰੋਮੋਸੋਮ X ਜਾਂ Y ਹੁੰਦਾ ਹੈ। ਆਦਮੀ ਦੇ ਜੀਵਾਣੂ ਦੇ ਇਸਤਰੀ ਦੇ ਅੰਡੇ ਨਾਲ ਮਿਲ ਕੇ ਕੁਲ 46 ਕਰੋਮੋਸੋਮਜ਼ ਬਣ ਜਾਂਦੇ ਹਨ, ਜਿਸ ਤੋਂ ਸੰਤਾਨ ਦੀ ਉਤਪਤੀ ਹੁੰਦੀ ਹੈ। ਇਹ ਮਰਦ ਦੇ ਜੀਵਾਣੂ ਤੇ ਨਿਰਭਰ ਕਰਦਾ ਹੈ ਕਿ ਹੋਣ ਵਾਲ ਬੱਚਾ ਲੜਕਾ ਹੋਵੇਗਾ ਜਾਂ ਲੜਕੀ। ਜੇ ਤਾਂ ਆਦਮੀ ਦਾ X ਕਰੋਮੋਸੋਮ

ਪਰ ਫੇਰ ਵੀ ਲਗਦਾ ਹੈ ਕਿ ਬਹੁਤੇ ਲੋਕ ਇਸਨੂੰ ਔਰਤਾਂ ਦੀ ਹੀ ਸਮੱਸਿਆ ਸਮਝਦੇ ਹਨ। ਪਰ ਇਹ ਨਾਂ ਤਾਂ ਇਕੱਲੀ ਔਰਤਾਂ ਦੀ ਸਮੱਸਿਆ ਹੈ, ਨਾਂ ਕੁਝ ਇੱਕ ਪ੍ਰਵਾਰਾਂ ਦੀ, ਅਤੇ ਨਾ ਹੀ ਕਿਸੇ ਇਕ ਵਿਸ਼ੇਸ਼ ਧਰਮ ਦੀ, ਬਲਕਿ ਇਹ ਤਾਂ ਸਮੁੱਚੀ ਭਾਰਤੀ ਕਮਿਊਨਿਟੀ ਦੀ ਸਮੱਸਿਆ ਹੈ

ਇਹ ਮਰਦ ਦੇ ਜੀਵਾਣੂ ਤੇ ਨਿਰਭਰ ਕਰਦਾ ਹੈ ਕਿ ਹੋਣ ਵਾਲ ਬੱਚਾ ਲੜਕਾ ਹੋਵੇਗਾ ਜਾਂ ਲੜਕੀ। ਜੇ ਤਾਂ ਆਦਮੀ ਦਾ X ਕਰੋਮੋਸੋਮ ਵਾਲਾ ਜੀਵਾਣੂ ਇਸਤਰੀ ਦੇ ਅੰਡੇ ਨੂੰ ਜਾ ਕੇ ਮਿਲਦਾ ਹੈ ਤਾਂ ਦੋਹਾਂ ਦੇ ਮਿਲਾਕੇ ਲਿੰਗ ਸੰਬੰਧੀ ਕਰੋਮੋਸਮਜ਼ X ਬਣ ਜਾਂਦੇ ਹਨ ਤੇ ਲੜਕੀ ਪੈਦਾ ਹੁੰਦੀ ਹੈ ਪਰ ਜੇ ਮਰਦ ਦਾ Y ਕਰੋਮੋਸੋਮ ਵਾਲਾ ਜੀਵਾਣੂ ਇਸਤਰੀ ਦੇ ਅੰਡੇ ਨਾਲ ਮਿਲਦਾ ਹੈ ਤਾਂ ਦੋਹਾਂ ਦੇ ਮਿਲਾਕੇ ਲਿੰਗ ਸੰਬੰਧੀ ਕਰੋਮੋਸੋਮਜ਼ X Y ਬਣ ਜਾਂਦੇ ਹਨ ਤੇ ਲੜਕਾ ਪੈਦਾ ਹੁੰਦਾ ਹੈ।

ਵਾਲਾ ਜੀਵਾਣੂ ਇਸਤਰੀ ਦੇ ਅੰਡੇ ਨੂੰ ਜਾ ਕੇ ਮਿਲਦਾ ਹੈ ਤਾਂ ਦੋਹਾਂ ਦੇ ਮਿਲਾਕੇ ਲਿੰਗ ਸੰਬੰਧੀ ਕਰੋਮੋਸਮਜ਼ X ਬਣ ਜਾਂਦੇ ਹਨ ਤੇ ਲੜਕੀ ਪੈਦਾ ਹੁੰਦੀ ਹੈ ਪਰ ਜੇ ਮਰਦ ਦਾ Y ਕਰੋਮੋਸੋਮ ਵਾਲਾ ਜੀਵਾਣੂੰ ਇਸਤਰੀ ਦੇ ਅੰਡੇ ਨਾਲ ਮਿਲਦਾ ਹੈ ਤਾਂ ਦੋਹਾਂ ਦੇ ਮਿਲਾਕੇ ਲਿੰਗ ਸੰਬੰਧੀ ਕਰੋਮੋਸੋਮਜ਼ X Y ਬਣ ਜਾਂਦੇ ਹਨ ਤੇ ਲੜਕਾ ਪੈਦਾ ਹੁੰਦਾ ਹੈ। ਸਾਡੇ ਲਫ਼ਜ਼ਾਂ ਵਿਚ ਇਸਤਰੀ ਦੀ ਕੁੱਖ ਦੀ ਤੁਲਣਾ ਧਰਤੀ ਮਾਂ ਨਾਲ ਕੀਤੀ ਜਾ ਸਕਦੀ ਹੈ। ਧਰਤੀ ਵਿਚ ਜੇ ਜੌਂ ਬੀਜੇ ਜਾਣਗੇ, ਤਾਂ ਜੌਂ ਹੀ ਪੈਦਾ ਹੋਣਗੇ ਕਣਕ ਨਹੀਂ, ਤੇ ਜੇ ਕਣਕ ਬੀਜੀ ਜਾਵੇਗੀ ਤਾਂ ਕਣਕ ਦੀ ਹੀ ਆਸ ਕੀਤੀ ਜਾ ਸਕਦੀ ਹੈ ਜੌਆਂ ਦੀ ਨਹੀਂ। ਸੋ ਜ਼ਾਹਰ ਹੈ ਕਿ ਬਹੁਤੇ ਮੁੰਡੇ ਜਾਂ ਕੁੜੀਆਂ ਨੂੰ ਜਨਮ ਦੇਣ ਦੀ ਪ੍ਰਸੰਸਾ ਜਾਂ ਨਿੰਦਾ ਦੀ ਹੱਕਦਾਰ ਇਸਤਰੀ ਨਹੀਂ ਹੈ, ਸਗੋਂ ਇਸ ਦਾ ਹੱਕਦਾਰ ਮਰਦ ਹੈ।

ਪਰ ਜਿਹੜੇ ਦੋਸ਼ ਦੀ ਭਾਗੀ ਅੱਗੇ ਇਸਤਰੀ ਨੂੰ ਠਹਿਰਾਇਆ ਜਾਂਦਾ ਰਿਹਾ ਹੈ ਜੇ ਹੁਣ ਉਹੀ ਦੋਸ਼ ਆਦਮੀ ਦੇ ਸਿਰ ਠੋਪਣਾ ਸ਼ੁਰੂ ਕਰ ਦਈਏ ਤਾਂ ਇਹ ਕੋਈ ਬਹੁਤੀ ਸ਼ਲਾਘਾ ਵਾਲੀ ਗੱਲ ਨਹੀਂ ਹੈ। ਇਹ ਤਾਂ ਵਾਰੀ ਦਾ ਵੱਟਾ ਲੈਣ ਵਾਲੀ ਜਾਂ ਨੱਕ ਨਾਲੋਂ ਲਾਹ ਕੇ ਬੁਲਾਂ ਨਾਲ ਲਾਉਣ ਵਾਲੀ ਗੱਲ ਹੋਏਗੀ। ਦੋਸ਼ ਕਾਹਦਾ? ਤੇ ਕਦੋਂ ਤੀਕ? ਸਿਰਫ ਉਦੋਂ ਤੀਕ ਜਦੋਂ ਤਾਈਂ ਸਾਡੀਆਂ ਕਦਰਾਂ ਕੀਮਤਾਂ ਨਹੀਂ ਬਦਲ ਜਾਂਦੀਆਂ। ਜਦੋਂ ਅਸੀਂ ਧੀਆਂ ਤੇ ਪੁੱਤਰਾਂ ਵਿਚਕਾਰ ਵਿਤਕਰਾ ਕਰਨਾ ਛੱਡ ਦਿੱਤਾ ਤਾਂ ਨਵ-ਜੰਮੀ ਬੱਚੀ ਦੇ ਮਾਂ-ਬਾਪ ਪ੍ਰਸੰਸਾ ਹੀ ਪ੍ਰਸੰਸਾ ਦੇ ਹੱਕਦਾਰ ਹੋਣਗੇ। ਫਿਰ ਭਾਵੇਂ ਕਿੰਨੀਆਂ ਹੀ ਅਲਟਰਾਸਾਊਂਡ ਵਰਗੀਆਂ ਤਕਨੀਕਾਂ ਕਿੰਨੇ ਹੀ ਵਪਾਰੀ ਡਾਕਟਰ ਸਾਡੇ ਆਸੇ ਪਾਸੇ ਚੁੱਕੀ ਫਿਰਨ ਅਸੀਂ ਆਪਣੀਆਂ ਬੱਚੀਆਂ ਦਾ ਗਰਭਪਾਤ ਨਹੀਂ ਹੋਣ ਦਿਆਂਗੇ। ਤੇ ਨਾਂ ਹੀ ਬੱਚੀ ਦੇ ਪੈਦਾ ਹੋਣ ਤੇ ਉਸ ਦੀ ਮਾਂ ਜਾਂ ਬਾਪ ਨੂੰ ਕੋਸਾਂਗੇ। ਇਨ੍ਹਾਂ ਪੁਰਾਣੀਆਂ ਘਿਸੀਆਂ ਹੋਈਆਂ ਘਿਨਾਉਣੀਆਂ ਕੀਮਤਾਂ ਬਦਲਣ ਤੇ ਹੀ ਅਸੀਂ ਆਪਣੇ ਆਪ ਵਿਚ ਚੰਗਾ ਮਹਿਸੂਸ ਕਰ ਸਕਦੇ ਹਾਂ, ਤੇ ਸਿਰਫ ਆਪਣੀ ਕਮਿਊਨਿਟੀ ਵਿਚ ਹੀ ਨਹੀਂ, ਸਗੋਂ ਸਮੁੱਚੀ ਕੈਨੇਡੀਅਨ ਕਮਿਊਨਿਟੀ ਵਿਚ ਸਿਰ ਉੱਚਾ ਕਰਕੇ ਫ਼ਖ਼ਰ ਨਾਲ ਫਿਰ ਸਕਦੇ ਹਾਂ।

• • • •


SPECIALIZING IN THE FINEST

**EAST INDIAN COUSINE**

**NATRAJ RESTAURANT & CATERING SERVICES**

5656 Fraser St.
(Between 40 &41 Ave.)
Phone : 327-6141

**Now Open for Lunch**
**12 To 2:30 P.M.**
**Dinner Served**
**5 To 11 P.M.**
**Contact Your Famous Chef**



**TARLOK SACHDEVA**


ਸਫਾ 26 ਦੀ ਬਾਕੀ

ਕਰਨ ਦਾ ਯਤਨ ਕੀਤਾ ਹੈ। ਰਵਾਇਤੀ ਪ੍ਰਗਤਿਵਾਦੀ ਦ੍ਰਿਸ਼ਟੀ ਤੋਂ ਲੋਕ-ਹਿਤਾਂ ਨਾਲ ਆਪਣੀ ਪ੍ਰਤਿਬੱਧਤਾ ਦਾ ਪ੍ਰਮਾਣ ਦੇਣ ਲਈ ਇਸ ਤਰ੍ਹਾਂ ਦੇ ਪਾਤਰਾਂ ਦਾ ਨਾਵਲ ਵਿਚ ਆਉਣਾ ਅਨਿਵਾਰੀ ਸਮਝਿਆ ਜਾਂਦਾ ਹੈ। ਪਰ ਪ੍ਰਗਤਿਵਾਦ ਦੀ ਮੇਰੀ ਸਮਝ ਇਹ ਆਖਦੀ ਹੈ ਕਿ ਅਜਿਹੇ ਪਾਤਰ ਯਥਾਰਥ ਦੀ ਪ੍ਰਮਾਣਿਕਤਾ ਨੂੰ ਦੂਸ਼ਤ ਕਰਕੇ ਭਵਿਖਮੁਖੀ ਸੁਨੇਹੇ ਦਾ ਕਾਰਜ ਨਿਭਾਉਣ ਲਈ ਹੀ ਜੇਕਰ ਨਾਵਲ ਵਿਚ ਪ੍ਰਵੇਸ਼ ਕਰਦੇ ਹਨ ਤਾਂ ਇਹ ਕੋਈ ਸਲਾਹੁਣਯੋਗ ਗੱਲ ਨਹੀਂ। ਕਿਸੇ ਵੀ ਲੇਖਕ ਦੀ ਦ੍ਰਿਸ਼ਟੀ ਤਾਂ ਨਾਵਲ ਵਰਗੀ ਲਿਖਤ ਵਿਚ ਅਵੱਸ਼ ਰਮੀ ਹੀ ਹੁੰਦੀ ਹੈ, ਇਸ ਨੂੰ ਵਧੇਰੇ ਉਚੀ ਸੁਰ ਪ੍ਰਦਾਨ ਕਰਨਾ ਸਾਹਿਤਕ ਕਿਰਤ ਦੇ ਮੁੱਲ ਦੀ ਦ੍ਰਿਸ਼ਟੀ ਤੋਂ ਕੋਈ ਚੰਗੀ ਗੱਲ ਨਹੀਂ, ਪਰ ਇਹ ਗੱਲ ਇਤਰਾਜ਼ਯੋਗ ਹੈ ਕਿ ਉਹ ਆਪਣੇ ਯਥਾਰਥਕ ਰੂਪ ਵਿਚ ਤੇ ਸਹਿਜ ਢੰਗ ਨਾਲ ਹੀ ਨਾਵਲ ਦੀ ਕਹਾਣੀ ਵਿਚ ਪ੍ਰਵੇਸ਼ ਕਿਉਂ ਨਹੀਂ ਕਰਦੇ। ਮੀਤ ਨੇ ਨਾਵਲ ਦੀ ਰਚਨਾ ਦੌਰਾਨ ਲੰਮੇ ਸਮੇਂ ਤਕ ਤਾਂ ਉਹਨਾਂ ਨੂੰ ਚੇਤੇ ਹੀ ਨਹੀਂ ਕੀਤਾ ਤੇ ਫੇਰ ਉਹਨਾਂ ਨੂੰ ਅੰਗਮੀ ਸ਼ਕਤੀ ਵਾਲੇ ਮਸੀਹਿਆਂ ਵਾਂਗ ਅਚਾਨਕ ਮੰਚ ਉਤੇ ਲੈ ਆਂਦਾ ਹੈ।

ਲੇਖਕ ਇਹਨਾਂ ਨੂੰ ਪੇਸ਼ ਕਰਨ ਸਮੇਂ ਲੋੜੀਂਦੀ ਕਲਾਤਮਕ ਵਿੱਥ ਨਹੀਂ ਸਿਰਜ ਸਕਿਆ, ਇਸਦਾ ਪ੍ਰਮਾਣ ਇਸ ਤੋਂ ਹੀ ਲੱਗ ਜਾਂਦਾ ਹੈ ਕਿ ਉਸਨੇ ਨਾਵਲ ਦੀਆਂ ਘਟਨਾਵਾਂ ਤੇ ਪਾਤਰਾਂ ਨੂੰ ਗਲਪੀ ਰੂਪ ਵਿਚ ਪੇਸ਼ ਕਰਦਿਆਂ ਕਰਦਿਆਂ ਅਸਲੀ ਨਾਵਾਂ ਥਾਵਾਂ ਦਾ ਜ਼ਿਕਰ ਵੀ ਛੋਹ ਦਿੱਤਾ ਹੈ। ਨਾਵਲ ਦੇ ਅੰਤ ਵਿਚ ਜੋ ਭਵਿਖਾਰਥੀ ਸੰਕੇਤ ਲੇਖਕ ਦੇਣਾ ਚਾਹੁੰਦਾ ਹੈ, ਮੇਰੀ ਜਾਚੇ ਉਹ ਰਵਾਇਤੀ ਪ੍ਰਗਤਿਵਾਦੀ ਵਿਧੀ ਤੋਂ ਹਟ ਕੇ ਵਧੇਰੇ ਪ੍ਰਭਾਵਕਾਰੀ ਰੂਪ ਵਿਚ ਦਿੱਤਾ ਜਾ ਸਕਦਾ ਸੀ।

ਮਿੱਤਰ ਸੈਨ ਮੀਤ ਨੇ ਇਸ ਨਾਵਲ ਦੁਆਰਾ ਯਥਾਰਥਵਾਦ ਦੀ ਵਿਧੀ ਦੇ ਕਟਾਖਸ਼, ਵਿਅੰਗ ਤੇ ਜਰਾਹੀ ਵਰਗੇ ਕੁਝ ਘੱਟ ਗੌਲੇ ਪੱਖਾਂ ਦੀ ਸਾਰਥਕਤਾ ਨੂੰ ਉਭਾਰਨ ਦਾ ਅਹਿਮ ਕਾਰਜ ਨਿਭਾਇਆ ਹੈ। ਉਮੀਦ ਹੈ ਪੰਜਾਬੀ ਸਾਹਿਤ-ਜਗਤ ਮੀਤ ਦੇ ਇਸ ਯਤਨ ਦਾ ਢੁਕਵਾਂ ਸਾਰਥਕ ਹੁੰਗਾਰਾ ਦੇਵੇਗਾ।

(ਸਿਰਜਣਾ ਵਿਚੋਂ ਧੰਨਵਾਦ ਸਹਿਤ)




# ਮਾਨਸਿਕ ਰੋਗ ਆਯੁਰਵੇਦਿਕ ਦ੍ਰਿਸ਼ਟੀਕੋਣ ਤੋਂ

ਡਾ: ਰਾਜਪਾਲ ਸਿੰਘ
ਪੀ. ਐਚ. ਡੀ., ਸਾਈਕੋਲੋਜੀ
ਹਰਪਾਲ ਸਿੰਘ
ਐਮ.ਏ., ਸਾਈਕੋਲੋਜੀ

* ਹੁਣ ਅਸੀਂ ਪਾਗਲਪਨ ਬਾਰੇ ਗੱਲ ਕਰਦੇ ਹਾਂ। (1)
* ਮਨ, ਅਕਲ, ਚੇਤਨਾ, ਯਾਦਾਸ਼ਤ, ਇੱਛਾ, ਆਚਰਣ ਅਤੇ ਆਚਾਰ-ਵਿਹਾਰ ਵਿਚ ਖਰਾਬੀ ਨੂੰ ਪਾਗਲਪਨ ਕਹਿੰਦੇ ਹਨ। (5)
* ਪਾਗਲਪਨ ਪੰਜ ਕਿਸਮ ਦਾ ਹੁੰਦਾ ਹੈ। ਹਰੇਕ ਕਿਸਮ ਦੇ ਵੱਖ ਵੱਖ ਕਾਰਨ ਹਨ ਜਿਵੇਂ: ਵਤ ਕਰਕੇ, ਪਿਤ ਤੋਂ, ਕਫ ਤੋਂ, ਸਨਿਪਤ (ਜੋ ਸਾਰੇ ਦੋਸ਼ ਰਲ ਕੇ ਪੈਦਾ ਕਰਦੇ ਹਨ) ਅਤੇ ਅਗੰਤੂ (ਜੋ ਬਾਹਰੀ ਕਾਰਨਾ ਕਰਕੇ ਹੁੰਦਾ ਹੈ) (3)
* ਇਹ ਕਿੰਨ੍ਹੇ ਤਰ੍ਹਾਂ ਦਾ ਹੁੰਦਾ ਹੈ, ਇਹ ਕਿਉਂ ਹੁੰਦਾ ਹੈ, ਬੀਮਾਰੀ ਤੋਂ ਪਹਿਲੇ ਲੱਛਣ ਕੀ ਹਨ, ਬੀਮਾਰੀ ਦੇ ਲੱਛਣ ਕੀ ਹਨ, ਇਹ ਠੀਕ ਹੋ ਸਕਦੇ ਹਨ ਜਾਂ ਨਹੀਂ ਅਤੇ ਇਲਾਜ ਕਿਸ ਤਰੀਕੇ ਨਾਲ ਕੀਤਾ ਜਾਂਦਾ ਹੈ। ਇਹ ਸਭ ਕੁੱਝ ਇਸ ਅਧਿਆਏ ਵਿਚ ਦਰਜ ਹੈ। (24)

ਉਪਰਲੇ ਤਿੰਨ ਸਲੋਕਾ ਨਾਲ ਅਧਿਆਏ ਸ਼ੁਰੂ ਹੁੰਦਾ ਹੈ ਅਤੇ 24ਵਾਂ ਸਲੋਕ ਅਖੀਰ ਤੇ ਦਸਦਾ ਹੈ ਕਿ ਇਸ ਅਧਿਆਏ ਵਿਚ ਕੀ ਕੁੱਝ ਹੈ। ਦੁਨੀਆਂ ਵਿਚ ਪਾਗਲਪਨ ਦੀ ਸੱਭ ਤੋਂ ਪਹਿਲੀ ਪ੍ਰੀਭਾਸ਼ਾ ਅਤੇ ਇਸ ਨਾਲ ਸਬੰਧਤ ਰੋਗਾਂ ਦਾ ਬਕਾਇਦਾ ਤਰੀਕੇ ਨਾਲ ਕ੍ਰਮਬੱਧ ਜ਼ਿਕਰ ਆਯੁਰਵੇਦਕ ਪਰੰਪਰਾ ਵਿਚ ਮਿਲਦਾ ਹੈ। ਚਾਰ ਵੇਦਾਂ ਵਿਚੋਂ ਖਾਸਕਰ ਰਿਗਵੇਦ ਅਤੇ ਅਥਰਵੇਦ ਵਿਚ ਸਿਹਤ ਅਤੇ ਰੋਗਾਂ ਦਾ ਜ਼ਿਕਰ ਆਉਂਦਾ ਹੈ। ਆਯੁਰਵੇਦ ਵਿਚ ਰੋਗ ਅਤੇ ਉਹਨਾ ਦੇ ਇਲਾਜ ਬਾਰੇ ਸੌ ਤੋਂ ਵੀ ਵੱਧ ਸਲੋਕ ਮਿਲਦੇ ਹਨ। ਆਯੁਰਵੇਦ ਅਥਰਵੇਦ 'ਚੋਂ ਹੀ ਨਿਕਲਿਆ ਮੰਨਿਆ ਜਾਂਦਾ ਹੈ। ਆਯੁਰਵੇਦ ਦਾ ਲਫਜ਼ੀ ਮਤਲਬ ਹੈ ਜ਼ਿੰਦਗੀ ਦਾ ਵਿਗਿਆਨ। ਆਯੁਰਵੇਦ ਨੂੰ ਦੋ ਸੰਪਰਦਾਂਵਾਂ ਵਿਚ ਵੰਡਿਆ ਗਿਆ ਹੈ- ਇਕ ਦਵਾਈਆਂ ਨਾਲ ਸਬੰਧਤ ਅਤੇ ਦੂਸਰੀ ਚੀਰਫਾੜ (ਸਰਜਰੀ) ਨਾਲ ਸਬੰਧਤ। ਇਹਨਾ ਦੋਹਾਂ ਸੰਪਰਦਾਂਵਾਂ ਦੇ ਗ੍ਰੰਥ ਹਨ ਜਿਹਨਾ ਦੇ ਨਾਂ ਹਨ- ਚਰਕ ਸਮਹਿਤਾ ਅਤੇ ਸੁਸਰੁਤ ਸਮਹਿਤਾ। ਚਰਕ ਸਮਹਿਤਾ ਵਿਚ ਰੋਗਾਂ ਅਤੇ ਉਹਨਾ ਦੇ ਇਲਾਜ ਬਾਰੇ ਚਰਚਾ ਹੈ ਅਤੇ ਸੁਸਰੁਤ ਵਿਚ ਚੀਰਫਾੜ (ਸਰਜਰੀ) ਨਾਲ ਸਬੰਧਤ ਜਾਣਕਾਰੀ ਹੈ। ਚਰਕ ਸਮਹਿਤਾ ਵਿਚ ਬਾਕੀ ਸ਼ਰੀਰਕ ਰੋਗਾ ਦੇ ਨਾਲ ਨਾਲ ਇਕ ਅਧਿਆਏ ਪਾਗਲਪਨ ਤੇ ਵੀ ਲਿਖਿਆ ਗਿਆ ਹੈ। ਚਰਕ ਸਮਹਿਤਾ ਕਦੋਂ ਰਚੀ ਗਈ ਇਸ ਬਾਰੇ ਇਤਿਹਾਸਕਾਰਾ ਵਿਚ ਮੱਤ-ਭੇਦ ਹਨ। ਕੁੱਝ ਇਸ ਨੂੰ 3400 ਸਾਲ ਪਹਿਲਾਂ ਰਚੀ ਦਸਦੇ ਹਨ ਅਤੇ ਕੁੱਝ 2800 ਸਾਲ ਪਹਿਲਾਂ। ਪਰ ਇਸ ਅਧਿਆਏ ਦੀ ਮਹਤੱਤਾ ਇਸ ਵਿਚ ਨਹੀਂ ਕਿ ਇਹ ਬਹੁਤ ਪੁਰਾਣੀ ਰਚਨਾ ਹੈ ਬਲਕਿ ਇਸ ਗਲ ਵਿਚ ਹੈ ਕਿ ਉਸ ਸਮੇਂ ਦੇ ਲੋਕਾਂ ਨੇ ਮਾਨਸਿਕ ਰੋਗਾਂ ਨੂੰ ਸ਼ਰੀਰਕ ਰੋਗਾਂ ਵਾਂਗ ਸਮਝਿਆ ਅਤੇ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ।

ਆਯੁਰਵੇਦ ਜਿਹਨਾਂ ਸਿਧਾਂਤਾ ਤੇ ਅਧਾਰਤ ਹੈ ਉਸ ਮੁਤਾਬਕ ਸਾਰਾ ਬ੍ਰਹਿਮੰਡ ਪੰਜ ਤੱਤਾਂ ਤੋਂ ਬਣਿਆ ਹੈ। ਇਹ ਪੰਜ ਤੱਤ ਹਨ ਅਕਾਸ਼, ਹਵਾ, ਪਾਣੀ, ਧਰਤੀ ਅਤੇ ਅੱਗ। ਹਰ ਜਿਉਂਦੀ ਚੀਜ਼ ਇਹ ਪੰਜ ਤੱਤਾ ਤੋਂ ਬਣਦੀ ਹੈ। ਭੋਜਣ ਜੋ ਅਸੀਂ ਖਾਂਦੇ ਹਾਂ ਉਸ ਵਿਚ ਵੀ ਇਹ ਪੰਜ ਤੱਤ ਹੁੰਦੇ ਹਨ ਅਤੇ ਭੋਜਣ ਨੂੰ ਸ਼ਰੀਰ ਦੀ ਅੱਗ ਸ਼ਰੀਰ ਵਾਸਤੇ ਖੁਰਾਕ, ਜਿਸਨੂੰ ਅਹਾਰ ਕਹਿੰਦੇ ਹਨ, ਵਿਚ ਬਦਲ ਦਿੰਦੀ ਹੈ ਅਤੇ ਬਾਕੀ ਮਲਮੂਤਰ ਰਹਿ ਜਾਂਦਾ ਹੈ। ਅੱਗੋਂ ਭੋਜਣ ਰਸ, ਖੂਨ, ਮਾਸ, ਚਰਬੀ, ਹੱਡੀਆਂ, ਮਿੱਝ ਅਤੇ ਵੀਰਜ਼ ਵਿਚ ਬਦਲ ਜਾਂਦਾ ਹੈ। ਵਤ(ਹਵਾ) ਪਿਤ(ਅੱਗ) ਅਤੇ ਕਫ (ਪਾਣੀ) ਤਿਨ ਦੋਸ਼ ਹੁੰਦੇ ਹਨ ਜਿਹੜੇ ਕੁਦਰਤੀ ਅਵੱਸਥਾ ਵਿਚ ਰਹਿਣ ਤਾਂ ਸ਼ਰੀਰ ਸਿਹਤਮੰਦ ਰਹਿੰਦਾ ਹੈ। ਤਿੰਨ ਮਾਨਸਿਕ ਗੁਣ ਹੁੰਦੇ ਹਨ ਸੱਤੋ ਗੁਣ, ਰੱਜੋ ਗੁਣ ਅਤੇ ਤਮੋ ਗੁਣ ਜਿਹਨਾਂ ਦਾ ਸੁਭਾਵਿਕ ਤਵਾਜਨ ਵਿਗੜਨ ਨਾਲ ਮਾਨਸਿਕ ਸਿਹਤ ਖਰਾਬ ਹੋ ਜਾਂਦੀ ਹੈ। ਸੋ ਇਹਨਾ ਦੋਸ਼ਾ ਦੀ ਗਤੀ ਨੂੰ ਸਮਝਨਾ ਅਤੇ ਮਰੀਜ਼ ਦੇ ਗੁੱਸੇ ਜਾਂ ਸ਼ਖਸੀਅਤ ਨੂੰ ਸਮਝਨਾ ਰੋਗ ਨੂੰ ਸਮਝਣ ਅਤੇ ਉਸਦੇ ਇਲਾਜ ਲਈ ਬਹੁਤ ਜ਼ਰੂਰੀ ਹੈ। ਦੋਸ਼ਾ ਦੀ ਗਤੀ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਇਹਨਾ ਤੱਤਾ ਵਿਚੋਂ ਕਿਸ ਵਿਚ ਤਬਦੀਲੀ ਹੋਈ ਹੈ ਜਾਂ ਹੋ ਰਹੀ ਹੈ ਅਤੇ ਇਹ ਤਬਦੀਲੀ ਵਾਧੇ ਦੇ ਰੂਪ ਵਿਚ ਹੈ ਜਾਂ ਕਮੀ ਦੇ ਰੂਪ ਵਿਚ। ਇਹ ਜਾਣ ਕੇ ਇਲਾਜ਼ ਰਾਹੀਂ ਇਹਨਾਂ ਦੋਸ਼ਾ ਨੂੰ ਫਿਰ ਠੀਕ ਸਥਿੱਤੀ ਵਿਚ ਲਿਆਂਦਾ ਜਾਂਦਾ ਹੈ। ਜੇ ਕਿਸੇ ਦੋਸ਼ ਵਿਚ ਵਾਧਾ ਹੋਇਆ ਹੈ ਤਾਂ ਉਸਨੂੰ ਘਟਾਇਆ

ਜਾਂਦਾ ਹੈ ਜੇ ਕਿਸੇ ਦੋਸ਼ ਵਿਚ ਕਮੀ ਹੋਣੀ ਹੈ ਤਾਂ ਉਸ ਵਿਚ ਵਾਧਾ ਕੀਤੀ ਜਾਂਦਾ ਹੈ।

ਸ਼ਰੀਰ ਦੇ ਇਹ ਤਿੰਨੇ ਦੋਸ਼ ਅਤੇ ਮਨ ਦੇ ਤਿੰਨੇ ਗੁਣ ਇਕ ਦੂਸਰੇ ਉਪਰ ਅਸਰ ਕਰਦੇ ਹਨ। ਜਿਵੇਂ ਪਹਿਲਾ ਦੱਸਿਆ ਜਾ ਚੁੱਕਾ ਹੈ ਕਿ ਤਿੰਨ ਗੁਣ ਜਾਂ ਮਾਨਸਿਕ ਪ੍ਰਵਿਰਤੀ ਮੁੱਖ ਤੌਰ ਤੇ ਤਿੰਨ ਤਰ੍ਹਾਂ ਦੀ ਹੁੰਦੀ ਹੈ। ਸਤੋ ਗੁਣ ਜਾਂ ਸੁਧਾ, ਰਜੋ ਗੁਣ ਜਾਂ ਰਾਜਸਾ ਅਤੇ ਤਮੋ ਗੁਣ ਜਾਂ ਤਾਮਸਾ। ਪਹਿਲੀ ਤਰ੍ਹਾਂ ਦੀ ਪ੍ਰਵਿਰਤੀ ਵਾਲੇ ਮਨੁੱਖ ਰੋਗ ਤੋਂ ਮੁਕਤ ਹੁੰਦੇ ਹਨ ਅਤੇ ਦੂਸਰਿਆਂ ਦੋਂਹਾ ਪ੍ਰਵਿਰਤੀਆਂ ਵਾਲਿਆਂ ਨੂੰ ਰੋਗ ਲੱਗਣ ਦੇ ਮੌਕੇ ਹੁੰਦੇ ਹਨ। ਇਹ ਰੋਗ ਲੱਗ ਸਕਣ ਵਾਲਿਆਂ ਵਿਚ ਪਹਿਲੀ ਰਾਜਸਾ (ਰੱਜੋ ਗੁਣ) ਵਾਲੀ ਪ੍ਰਵਿਰਤੀ ਹੈ ਜਿਸ ਕਾਰਨ ਅਕਸਰ ਕਾਰਜ ਦੀ ਕਮੀ ਹੁੰਦੀ ਹੈ ਅਤੇ ਭਰਮਾ ਅਤੇ ਵਹਿਮਾਂ ਕਰਕੇ ਇਸ ਵਿਚ ਵਾਧਾ ਹੁੰਦਾ ਹੈ। ਇਹ ਰਾਏ ਵੀ ਆਮ ਮਿਲਦੀ ਹੈ ਕਿ ਸੁਧਾ ਸਭ ਤੋਂ ਵਧੀਆ ਹੁੰਦਾ ਹੈ। ਰੱਜੋ ਗੁਣ ਵਾਲਾ ਵਿਚਕਾਰ ਅਤੇ ਤਮੋ ਗੁਣ ਵਾਲਾ ਹੇਠਲੇ ਦਰਜੇ ਤੇ ਹੁੰਦਾ ਹੈ। ਫਿਰ ਅੱਗੇ ਇਹਨਾ ਤਿੰਨਾ ਪ੍ਰਵਿਰਤਿਆਂ ਦੀਆਂ ਕਿਸਮਾਂ ਹਨ। ਸੁਧਾ ਸੱਤ ਤਰ੍ਹਾਂ ਦਾ ਹੁੰਦਾ ਹੈ, ਰੱਜ ਗੁਣ ਵਾਲਾ [illegible] ਤਰ੍ਹਾਂ ਦਾ ਅਤੇ ਤਮੋ ਗੁਣ ਵਾਲਾ ਤਿੰਨ ਤਰ੍ਹਾਂ ਦਾ। ਪਰ ਇਹ ਸ਼੍ਰੇਣੀਆਂ ਇਹਨਾ ਤੋਂ ਵੀ ਜਿਆਦਾ ਹੋ ਸਕਦੀਆਂ ਹਨ। ਜਿਹੜੇ ਨਾਂ ਇਹਨਾਂ ਸ਼੍ਰੇਣੀਆਂ ਨੂੰ ਦਿੱਤੇ ਗਏ ਹਨ ਉਹ ਇਵੇਂ ਹਨਃ ਸੁਧਾ ਦੀਆਂ ਸ਼੍ਰੇਣੀਆਂ ਦੇਵਤਿਆਂ ਅਤੇ ਹੋਰ ਰਿਸ਼ੀਆਂ ਮੁਨੀਆਂ ਦੇ ਨਾਂਵਾ ਵਾਲੀਆਂ ਹਨ। ਰੱਜੋ ਗੁਣ ਵਾਲੀਆਂ ਸ਼੍ਰੇਣੀਆਂ ਜਾਨਵਰਾ ਅਤੇ ਤਮੋ ਗੁਣ ਵਾਲੀਆਂ ਬਨਸਪਤੀ ਦੇ ਨਾਵਾਂ ਵਾਲੀਆਂ ਹਨ। ਇਥੇ ਮੈਂ ਜਿਆਦਾ ਤਫਸੀਲ ਵਿਚ ਨਹੀਂ ਜਾਵਾਂਗਾ ਪਰ ਆਮ ਪਾਠਕ ਦੀ ਦਿਲਚਸਪੀ ਲਈ ਇਹ ਸ਼੍ਰੇਣੀਆਂ ਹੇਠ ਦੇ ਰਿਹਾ ਹਾਂ:

| ਸੁਧਾ/ਸਤੋਗੁਣ | ਰਾਜਸਾ/ਰੋਜੋਗੁਣ | ਤਾਮਸਾ/ਤਮੋਗੁਣ |
|---|---|---|
| ਬ੍ਰਹਮਾ | ਅਸੂਰਾ | ਪਸਾਵਾ |
| ਅਰਸ਼ਾ | ਰਾਕਸ਼ਸ | ਮਤਸਿਆ |
| ਇੰਦਰਾ | ਪਿਸ਼ਾਚ | ਬਨਸਪਤਿਆ |
| ਯਮਾ | ਸਰਮਾ | ਵਰੂਨਾ |
| ਪ੍ਰੇਤ | ਕੁਬੇਰਾ | ਸਕੁਨ |
| ਗੰਧਰਵਾ | ਯਕਸ਼ਾ | ਪ੍ਰਜਾਪਤ |

ਜਿਵੇਂ ਸ਼ੁਰੂ ਵਿਚ ਦੱਸਿਆ ਹੈ ਕਿ ਅੱਗ, ਹਵਾ ਅਤੇ ਪਾਣੀ ਕੁਦਰਤ ਵਿਚ ਵੀ ਪਾਏ ਜਾਂਦੇ ਹਨ ਤਾਂ ਇਸਦਾ ਮਤਲਬ ਇਹ ਹੋਇਆ ਕਿ ਕੁਦਰਤੀ ਤੌਰ ਤੇ ਬੀਮਾਰੀਆਂ ਲੱਗ ਵੀ ਸਕਦੀਆਂ ਹਨ ਤੇ ਠੀਕ ਵੀ ਹੋ ਸਕਦੀਆਂ ਹਨ। ਭੋਜਣ ਜੋ ਅਸੀਂ ਖਾਂਦੇ ਹਾਂ ਜੇ ਉਸ ਨਾਲ ਇਹਨਾਂ ਤਿੰਨਾ ਤੱਤਾਂ ਦਾ ਤਵਾਜਣ ਵਿਗੜੇ ਤਾਂ ਬੀਮਾਰ ਹੋ ਜਾਂਦੇ ਹਾਂ ਜਿਵੇਂ ਜਿਆਦਾ ਗਰਮ ਚੀਜਾਂ ਖਾਨ ਨਾਲ ਸ਼ਰੀਰ ਵਿਚ ਪਿਤ (ਅੱਗ) ਦਾ ਵਾਧਾ ਹੋ ਸਕਦਾ ਹੈ। ਪਰ ਇਹ ਤਿੰਨ ਤੱਤਾਂ ਦਾ ਅਸਰ ਸਿਰਫ ਸ਼ਰੀਰ ਤੇ ਹੀ ਨਹੀਂ ਪੈਂਦਾ ਅਤੇ ਤਿੰਨੇ ਗੁਣਾ ਦਾ ਅਸਰ ਸਿਰਫ ਮਾਨਸਿਕ ਖੇਤਰ ਤਕ ਹੀ ਸੀਮਤ ਨਹੀਂ ਰਹਿੰਦਾ ਬਲਕਿ ਸ਼ਰੀਰਕ ਕਾਰਨਾ ਕਰਕੇ ਮਾਨਸਿਕ ਰੋਗ ਲੱਗ ਸਕਦੇ ਹਨ ਅਤੇ ਮਾਨਸਿਕ ਕਾਰਨਾ ਕਰਕੇ ਸ਼ਰੀਰਕ ਰੋਗ ਲੱਗ ਸਕਦੇ ਹਨ। ਵੈਸੇ ਤਾਂ ਸਾਰੇ ਆਯੁਰਵੇਦ ਵਿਚ ਹੀ ਪਰ ਚਰਕ ਰਿਸ਼ੀ ਨੇ ਖਾਸ ਕਰ ਮਨ ਅਤੇ ਸ਼ਰੀਰ ਦੇ ਗੂੜੇ ਸੰਬਧਾਂ ਤੇ ਜੋਰ ਦਿੱਤਾ ਹੈ। ਸਿਹਤਮੰਦ ਰਹਿਣ ਲਈ ਅਤੇ ਰੋਗ ਤੋਂ ਤੰਦਰੁਸਤ ਹੋਣ ਲਈ ਮਨ ਅਤੇ ਸ਼ਰੀਰ ਦੋਨੋ ਹੀ ਰੋਗ ਰਹਿਤ ਅਤੇ ਤਗੜੇ ਹੋਣੇ ਚਾਹੀਦੇ ਹਨ। ਜਿਵੇਂ ਮਾਨਸਿਕ ਤਨਾਅ ਨਾਲ ਤੱਤ ਵਿਚ ਵਾਧਾ ਹੋ ਜਾਂਦਾ ਹੈ, ਗੁੱਸੇ ਨਾਲ ਪਿਤ ਵਿਚ ਵਾਧਾ ਹੋ ਜਾਂਦਾ ਹੈ। ਉਵੇਂ ਹੀ ਪਿਤ ਦੇ ਵਧਣ ਨਾਲ ਮਾਨਸਿਕ ਤਨਾਅ ਪੈਦਾ ਹੁੰਦੇ ਹਨ। ਇਸਦੇ ਨਾਲ ਮਨੁੱਖ ਦੇ ਗੁੱਸੇ ਜਾਂ ਪ੍ਰਵਿਰਤੀ ਦੀ ਵੀ ਬਹੁਤ ਮਹੱਤਤਾ ਹੈ ਕਿ ਕਿਸ ਕਿਸਮ ਦੀ ਬੀਮਾਰੀ ਹੋ ਸਕਦੀ ਹੈ ਅਤੇ ਜੇ ਕੋਈ ਬੀਮਾਰੀ ਹੋ ਗਈ ਹੈ ਤਾਂ ਉਸਦੇ ਠੀਕ ਹੋਣ ਬਾਰੇ ਵੀ ਗੁੱਸੇ ਤੋਂ ਪਤਾ ਲੱਗ ਸਕਦਾ ਹੈ। ਸੋ ਇਲਾਜ਼ ਕਰਦਿਆਂ ਇਸ ਗੱਲ ਦਾ ਵੀ ਖਿਆਲ ਰੱਖਣਾ ਜ਼ਰੂਰੀ ਹੈ ਕਿ ਉਸਦਾ ਗੁੱਸਾ ਕਿਸ ਤਰ੍ਹਾਂ ਦਾ ਹੈ। ਜਿਵੇਂ ਕੁੱਝ ਗਰਮ ਚੀਜਾਂ ਖਾਣ ਨਾਲ ਸ਼ਰੀਰ ਵਿਚ ਪਿਤ ਦਾ ਵਾਧਾ ਹੋ ਸਕਦਾ ਹੈ, ਅਤੇ ਜੇ ਮਨੁੱਖ ਦਾ ਪਹਿਲਾਂ ਗੁੱਸਾ ਵੀ ਗਰਮ ਹੋਵੇ ਤਾਂ ਗਰਮ ਤਾਸੀਰ ਵਾਲੀਆਂ ਚੀਜਾਂ ਤੋਂ ਉਸ ਨੂੰ ਪਰਹੇਜ ਕਰਨਾ ਚਾਹੀਦਾ ਹੈ। ਇਸੇ ਲੜੀ ਨੂੰ ਜੇ ਅਗਾਂਹ ਤੋਰੀਏ ਤਾਂ ਮੌਸਮਾਂ ਦਾ ਵੀ ਮਨੁੱਖੀ ਸ਼ਰੀਰ ਤੇ ਬਹੁਤ ਅਸਰ ਪੈਦਾ ਹੈ।

-----

"ਮਨ, ਅਕਲ, ਚੇਤਨਾ, ਯਾਦਾਸ਼ਤ, ਇੱਛਾ, ਆਚਰਣ ਅਤੇ ਆਚਾਰ-ਵਿਹਾਰ ਵਿਚ ਖਰਾਬੀ ਨੂੰ ਪਾਗਲਪਨ ਕਹਿੰਦੇ ਹਨ"। ਚਰਕ ਸਮਹਿਤਾ ਵਿਚ ਇਸਨੂੰ ਉਨਮਾਦ ਰੋਗ ਦਾ ਨਾਂ ਦਿੱਤਾ ਗਿਆ ਹੈ। ਅਜੋਕੀ ਜ਼ੁਬਾਨ ਵਿਚ ਇਸਨੂੰ ਪਾਗਲਪਨ ਕਿਹਾ ਜਾ ਸਕਦਾ ਹੈ। ਚਰਕ ਸਮਹਿਤਾ ਵਿਚ ਇਹਨਾ ਰੋਗਾਂ ਨੂੰ ਦੋ ਕਿਸਮਾਂ ਵਿਚ ਵੰਡਿਆ ਗਿਆ ਹੈਃ

1) ਨਿੱਜੀ ਕਾਰਨਾ ਕਰਕੇ ਪੈਦਾ ਹੋਣ ਵਾਲੇ ਰੋਗ।
2) ਬਾਹਰੀ ਕਾਰਨਾ ਕਰਕੇ ਪੈਦਾ ਹੋਣ ਵਾਲੇ ਰੋਗ।

ਨਿੱਜੀ ਕਾਰਨਾ ਵਿਚ ਵੱਤ, ਪਿਤ ਅਤੇ ਕੱਫ ਆਦਿ ਦੋਸ਼ਾ ਕਰਕੇ ਪੈਦਾ ਹੋਣ ਵਾਲੇ ਰੋਗ ਆ ਜਾਂਦੇ ਹਨ ਅਤੇ ਇਕ ਹੋਰ ਕਿਸਮ ਉਹ ਵੀ ਹੁੰਦੀ ਹੈ ਜਦ ਤਿੰਨੇ ਦੋਸ਼ ਰਲ ਕੇ ਰੋਗ ਪੈਦਾ ਕਰਦੇ ਹਨ। ਇਸ ਚੋਥੀ ਕਿਸਮ ਦੇ ਰੋਗ ਵਿਚ ਉਹ ਸਾਰੇ ਲੱਛਣ ਇਕੋ ਵੇਲੇ ਹੁੰਦੇ ਹਨ ਜੋ ਇਕੱਲੇ ਇਕੱਲੇ ਦੋਸ਼ਾ ਤੋਂ ਪੈਦਾ ਹੋਣ ਵਾਲੇ ਦੋਸ਼ਾਂ ਵਿਚ ਹੁੰਦੇ ਹਨ। ਇਸ ਰੋਗ ਦਾ ਇਲਾਜ ਕਰਨਾ ਬਹੁਤ ਹੀ ਮੁੱਸ਼ਕਿਲ ਦੱਸਿਆ ਗਿਆ ਹੈ। ਤਿੰਨਾ ਦੋਸ਼ਾਂ ਤੋਂ ਪੈਦਾ ਹੋਣ ਵਾਲੇ ਰੋਗਾਂ ਦੇ ਲਛਣ ਚਰਕ ਸਮਹਿਤਾ ਵਿਚ ਇਵੇਂ ਦਰਜ ਹਨਃ

ਵੱਤ ਕਰਕੇ ਪੈਦਾ ਹੋਣ ਵਾਲੇ ਰੋਗ ਦੇ ਲਛਣ:-

-ਲੱਗਾਤਾਰ ਐਵੇਂ ਘੁੰਮਦੇ ਰਹਿਣਾ।

- ਅੱਖਾਂ, ਬੁੱਲਾਂ, ਬਾਂਹਾਂ ਅਤੇ ਲੱਤਾ ਆਦਿ ਵਿਚ ਅਕੜਾ ਪੈਦਾ ਹੋਣਾ।

-ਲੱਗਾਤਾਰ ਬੇ ਤੁਕੀਆਂ ਜਾਂ ਬੇਜੋੜ ਗੱਲਾਂ ਕਰੀ ਜਾਣਾ।

-ਮੂੰਹ ਵਿਚੋਂ ਝੱਗ ਆਈ ਜਾਣੀ।

-ਹਰ ਵੇਲੇ ਮੁਸਕਰਾਉਂਦੇ ਰਹਿਣਾ, ਨਚਣਾ, ਗਾਉਣਾ ਅਤੇ ਬੇਮੌਕੇ ਸੰਗੀਤ ਯੰਤਰਾਂ ਨੂੰ ਵਜਾਉਦੇ ਰਹਿਣਾ।

-ਬੰਸਰੀ, ਵੀਣਾ ਅਤੇ ਸੰਖ ਆਦਿ ਵਰਗੇ ਯੰਤਰਾ ਦੀ ਉੱਚੀ ਉੱਚੀ ਨਕਲ ਕਰਨੀ।

-ਗੈਰਵਾਜਬ ਚੀਜਾਂ ਦੀ ਸਵਾਰੀ ਕਰਨੀ।

-ਉਹਨਾਂ ਚੀਜਾਂ ਦੀ ਵੀ ਤਾਰੀਫ ਕਰਨੀ ਜੋ ਸ਼ਿੰਗਾਰ ਦੇ ਕੰਮ ਨਹੀਂ ਆਉਂਦਿਆਂ।

-ਖਾਣ ਵਾਲੀਆਂ ਉਹਨਾ ਚੀਜਾਂ ਦੀ ਤਮੰਨਾ ਕਰਨੀ ਜੋ ਹਾਸਿਲ ਨਹੀਂ ਹੋ ਸਕਦੀਆਂ।

-ਖਾਣ ਵਾਲੀਆਂ ਚੀਜਾਂ ਨੂੰ ਸਖਤ ਨਫਰਤ ਕਰਨੀ ਪਰ ਫਿਰ ਵੀ ਉਹਨਾ ਚੀਜਾਂ ਨੂੰ ਕਿਸੇ ਹੋਰ ਨੂੰ ਨਾ ਦੇ ਸਕਣਾ।

-ਨਿਰਬਲ ਅਤੇ ਕਠੋਰ ਹੋ ਜਾਣਾ।

-ਅੱਖਾਂ ਦਾ ਲਾਲ ਅਤੇ ਸੁੱਜੀਆਂ ਹੋਈਆਂ ਹੋਣਾ।

ਪਿੱਤ ਕਰਕੇ ਹੋਣ ਵਾਲੇ ਰੋਗ ਦੇ ਲਛਣ:-

-ਖਿੱਝ ਅਤੇ ਗੁੱਸਾ।

-ਬੇਮੌਕਾ ਅਤੇ ਗਲਤ ਗੱਲ ਤੇ ਜੋਸ਼ ਆ ਜਾਣਾ।

-ਦੂਸਰੀਆਂ ਨੂੰ ਸੱਟਪੇਟ ਲਾ ਦੇਣੀ।

-ਫਰਾਰ ਹੋਣਾ ਜਾਂ ਛਾਂ ਵਲ ਭਜਣਾ।

-ਹਰ ਵੇਲੇ ਦੁਖੀ ਰਹਿਣਾ।

-ਅੱਖਾਂ ਦਾ ਡਰਾਉਣੀਆਂ ਲੱਗਣਾ - ਪੀਲੀਆਂ, ਹਰੀਆਂ ਜਾਂ ਤਾਂਬੇ ਰੰਗੀਆਂ ਹੋਣਾ।

ਕੱਫ ਕਰਕੇ ਹੋਣ ਵਾਲੇ ਰੋਗਾਂ ਦੇ ਲੱਛਣ:-

-ਇਕੋ ਹੀ ਜਗ੍ਹਾ ਤੇ ਰਹਿਣਾ ਅਤੇ ਬਹੁਤ ਚੁੱਪ ਰਹਿਣਾ।

-ਕਦੀ ਕਦੀ ਹੀ ਹਿਲਣਾ।

-ਮੂੰਹ ਤੋਂ ਲਾਰਾਂ ਡਿੱਗਣੀਆਂ ਅਤੇ ਨੱਕ ਦਾ ਵਗਦੇ ਰਹਿਣਾ।

-ਕੁੱਝ ਵੀ ਖਾਣ ਨੂੰ ਜੀ ਨਾ ਕਰਨਾ ਅਤੇ ਇਕੱਲ ਚੰਗੀ ਲੱਗਣੀ।

-ਡਰਾਉਣੀ ਸੂਰਤ।

-ਸਫਾਈ ਤੋਂ ਨਫਰਤ ਹੋਣੀ।

-ਹਰ ਵੇਲੇ ਸੁੱਤੇ ਰਹਿਣਾ।

-ਸੁੱਜਿਆ ਸੁੱਜਿਆ ਮੂੰਹ।

-ਚਿੱਟੀਆਂ ਡਰੀਆਂ ਹੋਈਆਂ ਅੱਖਾਂ ਅਤੇ ਅੱਖਾਂ ਵਿਚ ਗਿੱਦ ਆਈ ਰਹਿਣੀ।

ਬਾਹਰੀ ਕਾਰਨਾ ਕਰਕੇ ਪੈਦਾ ਹੋਣ ਵਾਲੇ ਰੋਗਾਂ ਨੂੰ ਅਗੰਤੂ ਕਿਹਾ ਗਿਆ ਹੈ ਜੋ ਈਸ਼ਵਰ ਜਾਂ ਧਰਮ ਦੀ ਨਿੰਦਾ ਕਰਨ ਨਾਲ ਹੁੰਦੇ ਹਨ। ਇਹਨਾ ਅਗੰਤੂ ਰੋਗਾਂ ਨੂੰ ਅੱਗੇ ਫਿਰ ਅੱਠ ਕਿਸਮ ਵਿਚ ਵੰਡਿਆ ਗਇਆ ਹੈ ਜਿਵੇਂ ਕਿ ਦੇਵਤਿਆਂ, ਗੁਰੂ, ਪਿਤਰਾ-ਪੁਰਖਾ, ਗੰਧਰਵਾ, ਯਕਸ਼ਾ, ਰਾਕਸ਼ਾ, ਬ੍ਰਹਮਾ ਅਤੇ ਪਿਸ਼ਾਚ।

ਸੁਸਰੁਤ ਅਤੇ ਭਗਵਦ ਵਿਚ ਇਹਨਾ ਬਾਹਰੀ ਕਾਰਨਾ ਕਰਕੇ ਪੈਦਾ ਹੋਣ ਵਾਲੇ ਅਗੰਤੂ ਰੋਗਾਂ ਦਾ ਕੋਈ ਜ਼ਿਕਰ ਨਹੀਂ ਆਉਂਦਾ। ਉੱਪਰ ਲਿਖੇ ਦੋਸ਼ਾ ਤੋਂ ਪੈਦਾ ਹੋਣ ਵਾਲੇ ਰੋਗਾਂ ਤੋਂ ਇਲਾਵਾ ਹੋਰ ਦੋ ਕਿਸਮ ਦੇ ਰੋਗਾਂ ਦਾ ਜ਼ਿਕਰ ਮਿਲਦਾ ਹੈ। ਇਕ ਉਹ ਕਿਸਮ ਹੈ ਜੋ ਦੁੱਖ ਜਾਂ ਸਦਮੇ ਕਰਕੇ ਹੁੰਦੀ ਹੈ ਅਤੇ ਦੂਸਰੀ ਉਹ ਕਿਸਮ ਹੈ ਜੋ ਕੁੱਝ ਕਿਸਮ ਦੇ ਜਹਿਰਾਂ ਦੇ ਅਸਰ ਕਾਰਨ ਹੁੰਦੀ ਹੈ।

ਅਤਵਾਤਿਨਿਵੇਸ ਰੋਗ ਦਾ ਜ਼ਿਕਰ ਚਰਕ ਸਮਹਿਤਾ ਦੇ ਇਲਾਵਾ ਹੋਰ ਕਿਤੇ ਨਹੀਂ ਮਿਲਦਾ। ਚਰਕ ਸਮਹਿਤਾ ਵਿਚ ਵੀ ਇਸਦਾ ਜਿਕਰ ਮਿਰਗੀ ਰੋਗ ਨਾਲ ਕੀਤਾ ਗਿਆ ਹੈ ਕਿਉਂਕਿ ਮਿਰਗੀ ਵਾਂਗ ਹੀ ਇਸ ਵਿਚ ਯਾਦਾਸ਼ਤ ਅਤੇ ਬੁੱਧੀ ਵਿਚ ਖਰਾਬੀ ਆਉਂਦੀ ਹੈ। ਇਸ ਰੋਗ ਦਾ ਰੋਗੀ ਠੀਕ ਨੂੰ ਗਲਤ ਅਤੇ ਗਲਤ ਨੂੰ ਠੀਕ ਸਮਝਦਾ ਹੈ, ਸ਼ੱਕ ਕਰਦਾ ਹੈ, ਆਪਣਿਆਂ ਨੂੰ ਪਰਾਏ ਅਤੇ ਪਰਾਇਆਂ ਲੋਕਾਂ ਨੂੰ ਆਪਣੇ ਸਮਝਦਾ ਹੈ। ਦੂਸਰੇ ਲਫਜਾ ਵਿਚ ਇਹ ਵੀ ਕਹਿ ਸਕਦੇ ਹਾਂ ਕਿ ਰੋਗੀ ਨੂੰ ਵਹਿਮ ਹੋ ਜਾਂਦਾ ਹੈ ਅਤੇ ਉਹ ਅਸਲੀਅਤ ਤੋਂ ਦੂਰ ਹੋ ਜਾਂਦਾ ਹੈ। ਅੱਜਕਲ ਪੱਛਮੀ ਢੰਗ ਨਾਲ ਬਿਆਨ ਕੀਤੇ ਰੋਗਾਂ ਵਿਚ ਇਸ ਦੀ ਤੁਲਣਾ paranoia ਨਾਲ ਕਰ ਸਕਦੇ ਹਾਂ ਜਾਂ ਇਸਨੂੰ ਪੈਰਾਨੋਈਆ ਆਖਿਆ ਜਾ ਸਕਦਾ ਹੈ। ਆਯੁਰਵੇਦ ਵਿਚ ਮਾਨਸਿਕ ਰੋਗਾਂ ਦਾ ਇਲਾਜ਼ ਦਵਾਈਆਂ, ਸਲਾਹ ਮਸ਼ਵਰੇ (ਕਾਉਂਸਲਿੰਗ), ਖੁਰਾਕ ਵਿਚ ਤਬਦੀਲੀ ਅਤੇ ਪਰਹੇਜ ਤੋਂ ਇਲਾਵਾ ਸਨਮੋਹਨ (hypnosis) ਅਤੇ ਵਸ ਵਿਚ ਕਰਨ ਵਰਗੀ ਤਰੀਕੀਆਂ ਨੂੰ ਵਰਤ ਕੇ ਕੀਤਾ ਜਾਂਦਾ ਹੈ। ਇਲਾਜ ਦੇ ਚਾਰ ਪਹਿਲੂ ਹੁੰਦੇ ਹਨ:

* ਇਲਾਜ਼ ਕਰਨ ਵਾਲਾ।
* ਮਰੀਜ਼।
* ਦਵਾਈ ਅਤੇ ਸਲਾਹ ਮਸ਼ਵਰਾ।
* ਦੇਖਭਾਲ।

ਇਹਨਾਂ ਚਾਰੇ ਪੱਖਾਂ ਤੋਂ ਇਲਾਜ਼ ਵਧੀਆ ਤਰੀਕੇ ਨਾਲ ਹੋਣਾ ਚਾਹੀਦਾ ਹੈ। ਜੇ ਇਕ ਵੀ ਪੱਖ ਕਮਜ਼ੋਰ ਹੋਵੇ ਤਾਂ ਇਲਾਜ਼ ਦੇ ਚੰਗੇ ਨਤੀਜੇ ਨਹੀਂ ਨਿਕਲਦੇ। ਪਹਿਲੀ ਗੱਲ ਤਾਂ ਇਹ ਹੈ ਕਿ ਇਲਾਜ਼ ਕਰਨ ਵਾਲਾ ਗੁਣੀ-ਗਿਆਨੀ ਮਤਲਬ ਆਪਣੇ ਵਿਸ਼ੇ ਵਿਚ ਮਾਹਰ ਹੋਵੇ। ਉਸਦੀ ਆਪਣੀ ਸ਼ਖਸੀਅਤ ਵੀ ਇਲਾਜ ਕਰਨ ਵਿਚ ਅਸਰ ਪਾਉਂਦੀ ਹੈ। ਦੂਸਰੀ ਗੱਲ ਮਰੀਜ ਅਤੇ ਉਸਦੇ ਰੋਗ ਬਾਰੇ ਜਾਣਕਾਰੀ। ਇਲਾਜ਼ ਸ਼ੁਰੂ ਕਰਨ ਤੋਂ ਪਹਿਲਾਂ ਰੋਗ ਦੇ ਨਾਲ ਨਾਲ ਮਰੀਜ ਦਾ ਵੀ ਚੰਗੀ ਤਰ੍ਹਾਂ ਜਾਇਜ਼ਾ ਲਾਇਆ ਜਾਂਦਾ ਹੈ। ਰੋਗ ਪਰੀਕਸ਼ਾ ਰਾਹੀਂ ਰੋਗ ਨਾਲ ਸੰਬਧਤ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ, ਜਿਸ ਤੋਂ ਇਹ ਅੰਦਾਜਾ ਲਾਇਆ

ਜਾਂਦਾ ਹੈ ਕਿ ਰੋਗ ਘਟੇਗਾ, ਵਧੇਗਾ ਜਾਂ ਕੋਈ ਹੋਰ ਰੁੱਖ ਅਖਤਿਆਰ ਕਰੇਗਾ। ਇਸ ਪਿੱਛੇ ਮੁੱਖ ਸਿਧਾਂਤ ਇਹ ਹੀ ਹੈ ਕਿ ਰੋਗੀ ਦੀ ਸ਼ਖਸੀਅਤ ਅਤੇ ਉਸਦਾ ਗੁੱਸਾ ਰੋਗ ਦੇ ਇਲਾਜ ਵਿਚ ਬਹੁਤ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਤੀਸਰੀ ਗੱਲ ਹੈ ਦਵਾਈ ਦੀ - ਜਿਹਨਾ ਦੋਸ਼ਾਂ ਦੇ ਮੁਤਾਬਕ ਤਵਾਜਣ ਵਿਗੜਨ ਕਰਕੇ ਮਨੁੱਖ ਬੀਮਾਰ ਹੋਇਆਂ ਹੁੰਦਾ ਹੈ ਉਹਨਾ ਦੋਸ਼ਾਂ ਨੂੰ ਫਿਰ ਕੁਦਰਤੀ ਸਥਿੱਤੀ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਦਵਾਈਆਂ ਦੇ ਨਾਲ ਨਾਲ ਖਾਣ ਪੀਣ ਵਾਲਿਆਂ ਚੀਜਾਂ ਦਾ ਵੀ ਪਰਹੇਜ ਦੱਸਿਆ ਜਾਂਦਾ ਹੈ। ਰੋਗਾਂ ਨੂੰ ਉਹਨਾਂ ਦੇ ਠੀਕ ਹੋ ਸਕਣ ਦੇ ਪੱਖ ਤੋਂ ਵੀ ਵੇਖਿਆ ਜਾਂਦਾ ਹੈ। ਕੁੱਝ ਰੋਗ ਠੀਕ ਹੋ ਸਕਣ ਵਾਲੇ ਹੁੰਦੇ ਹਨ। ਕੁੱਝ ਰੋਗ ਠੀਕ ਨਾ ਹੋ ਸਕਣ ਵਾਲੇ ਹੁੰਦੇ ਹਨ ਪਰ ਉਹਨਾ ਤੇ ਕੰਟਰੋਲ ਰਖਿਆ ਜਾ ਸਕਦਾ ਹੈ ਅਤੇ ਕੁੱਝ ਰੋਗ ਅਜਿਹੇ ਹੁੰਦੇ ਹਨ ਜੋ ਠੀਕ ਨਹੀਂ ਹੋ ਸਕਦੇ ਹੁੰਦੇ। ਸਾਰੇ ਰੋਗਾਂ ਦਾ ਇਲਾਜ ਕਰਵਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਜਿਹੜੇ ਰੋਗ ਅਸਾਨੀ ਨਾਲ ਠੀਕ ਹੋ ਸਕਦੇ ਹਨ ਜੇ ਇਲਾਜ ਨਾ ਕੀਤਾ ਜਾਵੇ ਤਾਂ ਉਹ ਫਿਰ ਠੀਕ ਨਹੀਂ ਹੁੰਦੇ। ਦਵਾਈ ਦੇ ਨਾਲ ਨਾਲ ਸਲਾਹ ਮਸ਼ਵਰਾ, ਧਾਰਮਕ ਗ੍ਰੰਥਾ ਨੂੰ ਪੜ੍ਹਨਾ ਅਤੇ ਕਸਰਤ ਆਦਿ ਵੀ ਦੱਸੀ ਗਈ ਹੈ। ਦਵਾਈ ਤੋਂ ਬਾਅਦ ਦੇਖਭਾਲ ਦੀ ਗੱਲ ਆਉਂਦੀ ਹੈ। ਮਰੀਜ ਦੀ ਦੇਖਭਾਲ ਠੀਕ ਤਰੀਕੇ ਨਾਲ ਅਤੇ ਠੀਕ ਸਮੇਂ ਤੱਕ ਹੋਣੀ ਚਾਹੀਦੀ ਹੈ ਤਾਂਕਿ ਉਸ ਦੀ ਸਿਹਤ ਬਹਾਲ ਹੋਣ ਦੇ ਦੌਰਾਨ ਉਸਨੂੰ ਲੋੜੀਂਦਾ ਧਿਆਨ ਅਤੇ ਸਹਿਯੋਗ ਮਿਲਦਾ ਰਵੇ।

*   *   *

ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਸਾਨੂੰ ਮਾਨਸਿਕ ਰੋਗਾਂ ਦਾ ਇਲਾਜ ਆਯੁਰਵੇਦਿਕ ਤਰੀਕੇ ਨਾਲ ਕਰਨਾ ਚਾਹੀਦਾ ਹੈ ਜਾਂ ਪੱਛਮੀ ਤਰੀਕੇ ਨਾਲ? ਦਰਅਸਲ ਆਯੁਰਵੇਦ ਨੇ ਸੱਭ ਤੋਂ ਪਹਿਲਾਂ ਸਿਹਤ ਅਤੇ ਬੀਮਾਰੀਆਂ ਬਾਰੇ ਜਾਣਕਾਰੀ ਦੁਨੀਆਂ ਨੂੰ ਦਿੱਤੀ ਅਤੇ ਜੇ ਉਸ ਸਾਰੀ ਜਾਣਕਾਰੀ ਨੂੰ ਅਸੀਂ ਉਸ ਸਮੇਂ ਦੇ ਸੰਦਰਭ ਵਿਚ ਰੱਖ ਦੇ ਵੇਖੀਏ (ਅੱਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ) ਤਾਂ ਇਹ ਉਸ ਸਮੇਂ ਦੀ ਬਹੁਤ ਵੱਡੀ ਪ੍ਰਾਪਤੀ ਸੀ। ਆਯੁਰਵੇਦ ਵਿਚ ਇਹਨਾਂ ਸਾਰੀਆਂ ਬੀਮਾਰੀਆਂ ਨੂੰ ਇਕ ਨਿਯਮਬੱਧ ਪ੍ਰਣਾਲੀ ਵਿਚ ਰੱਖ ਕੇ ਬਿਆਨ ਕੀਤਾ ਗਿਆ ਹੈ। ਅਜਿਹੀ ਪ੍ਰਣਾਲੀ ਪੱਛਮੀ ਗਿਆਨ ਦੇ ਢਾਂਚੇ ਵਿਚ ਅਜੇ ਤੱਕ ਹੋਂਦ ਵਿਚ ਨਹੀਂ ਆ ਸਕੀ। ਪੱਛਮੀ ਢਾਂਚੇ ਵਿਚ ਖੋਜ ਇਕ ਨਿਯਮਬੱਧ ਪ੍ਰਣਾਲੀ ਨੂੰ ਸਾਹਮਣੇ ਰੱਖ ਕੇ ਨਹੀਂ ਕੀਤੀ ਗਈ ਸਗੋਂ ਵੱਖਰੀਆਂ ਵੱਖਰੀਆਂ ਬੀਮਾਰੀਆਂ ਬਾਰੇ ਕੀਤੀ ਗਈ ਖੋਜ ਤੋਂ ਮਿਲੇ ਗਿਆਨ ਨੂੰ ਇਕ ਪ੍ਰਬੰਧ ਵਿਚ ਸਮੇਟਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਖੋਜ ਦੇ ਪੱਖੋਂ ਆਯੁਰਵੇਦਿਕ ਪਰੰਪਰਾ ਵਿਚ ਕੋਈ ਖਾਸ ਉੱਨਤੀ ਨਹੀਂ ਹੋ ਸਕੀ। ਉਹਨਾ ਦਿਨਾਂ ਵਿਚ ਇਕੱਠੇ ਕੀਤੇ ਗਿਆਨ ਨੂੰ ਅੱਗੇ ਨਹੀਂ ਵਧਾਇਆ ਗਿਆ। ਖਾਸ ਕਰਕੇ ਜੇ ਅਸੀਂ ਮਾਨਸਿਕ ਰੋਗਾਂ ਵੱਲ ਧਿਆਨ ਦੇਈਏ ਤਾਂ ਇਸ ਵਿਚ ਇਹ ਹੋਇਆ ਹੈ ਕਿ ਸ਼ਰੀਰਕ ਕਾਰਨਾਂ ਅਤੇ ਮਾਨਸਿਕ ਕਾਰਨਾਂ ਵੱਲ ਧਿਆਨ ਦੇਣ ਦੀ ਵਜਾਏ ਲੋਕ ਭੂਤਾਂ ਅਤੇ ਗ੍ਰਹਿਆਂ ਵਿਚ ਜਿਆਦਾ ਯਕੀਨ ਕਰਨ ਲੱਗ ਪਏ ਅਤੇ ਅੰਧਵਿਸ਼ਵਾਸ ਅਤੇ ਅਗਿਆਨਤਾ ਵਾਲੇ ਪਾਸੇ ਤੁਰੇ ਰਹੇ। ਇੰਝ ਅਗੀਤੂ ਰੋਗਾਂ ਬਾਰੇ ਹੀ ਚਰਚਾ ਹੁੰਦੀ ਰਹੀ।

ਮਾਨਸਿਕ ਰੋਗਾਂ ਦੇ ਇਲਾਜ ਬਾਰੇ ਖੋਜ ਕਰਨ ਦੀ ਜ਼ਰੂਰਤ ਹੈ। ਇਹ ਖੋਜ ਕਰਨ ਲੱਗਿਆਂ ਪੱਛਮੀ ਦੇਸ਼ਾਂ ਵਿਚ ਹੋਈਆਂ ਅਤੇ ਹੋ ਰਹੀਆਂ ਖੋਜਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਚਰਕ ਸਮਿਤਾ ਅਤੇ ਹੋਰ ਥਾਂਵਾਂ ਤੇ ਆਉਂਦੇ ਮਾਨਸਿਕ ਰੋਗਾਂ ਦੇ ਜ਼ਿਕਰ ਨੂੰ ਪ੍ਰੇਰਣਾ ਸ੍ਰੋਤ ਮੰਨ ਕੇ ਆਯੁਰਵੇਦਿਕ ਵਿਗਿਆਨੀਆਂ ਨੂੰ ਮਾਨਸਿਕ ਰੋਗਾਂ ਬਾਰੇ ਖੋਜ ਸ਼ੁਰੂ ਕਰਨੀ ਚਾਹੀਦੀ ਹੈ। ਜਿਹੜੀ ਜਾਣਕਾਰੀ ਅੱਜ ਤੱਕ ਹੈ ਉਸ ਮੁਤਾਬਕ ਅਸੀਂ ਕੁੱਝ ਸੁਝਾਅ ਦੇ ਰਹੇਂ ਹਾਂ ਜੋ ਆਯੁਰਵੇਦਿਕ ਪਰੰਪਰਾ ਮੁਤਾਬਕ ਹਨ:

* ਮਾਨਸਿਕ ਰੋਗਾਂ ਨੂੰ ਵੀ ਸ਼ਰੀਰਕ ਰੋਗਾਂ ਵਾਂਗ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।
* ਮਾਨਸਿਕ ਰੋਗ ਨੂੰ ਸਮਝਣ ਵਾਸਤੇ ਰੋਗੀ ਅਤੇ ਉਸਦੀ ਸ਼ਖਸੀਅਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ।
* ਇਲਾਜ਼ ਇਕੱਲੀਆਂ ਦਵਾਈਆਂ ਰਾਹੀਂ ਹੀ ਨਹੀਂ ਬਲਕਿ ਹੋਰਨਾ ਪੱਖਾਂ (ਜਿਵੇਂ ਸਹਾਇਕ ਸਲਾਹ ਮਸ਼ਵਰਾ) ਤੋਂ ਵੀ ਹੋਣਾ ਚਾਹੀਦਾ ਹੈ।
* ਰੋਗੀ ਦੀ ਮੁੜ ਬਹਾਲੀ ਲਈ ਬਾਰੇ ਕਈ ਪੱਖਾਂ ਤੋਂ ਯਤਨ ਕੀਤੇ ਜਾ ਸਕਦੇ ਹਨ ਜਿਵੇਂ ਉਸਦੀ ਯੋਗਤਾ ਅਤੇ ਸਥਿੱਤੀ ਮੁਤਾਬਕ ਰੁਜ਼ਗਾਰ ਜਾਂ ਰੁਝੇਵਾਂ ਲੱਭਣਾ, ਪੈਸੇ ਅਤੇ ਹੋਰ ਜ਼ਰੂਰਤਾਂ ਨੂੰ ਪੂਰੀਆਂ ਕਰਨ ਬਾਰੇ ਢੰਗ ਲੱਭਣਾ।
* ਕੁੱਝ ਰੋਗ ਮਾਨਸਿਕ ਤਨਾਵਾਂ ਤੋਂ ਪੈਦਾ ਹੁੰਦੇ ਹਨ ਉਨ੍ਹਾ ਨੂੰ ਸਮਝਣ ਲਈ ਸ਼ਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਸਮਝਣਾ ਬਹੁਤ ਜ਼ਰੂਰੀ ਹੈ।
* ਪਰਹੇਜ਼ ਅਤੇ ਰੋਕਥਾਮ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਜੇ ਆਪਾਂ ਪਹਿਲਾਂ ਹੀ ਸਿਹਤ ਦਾ ਖਿਆਲ ਰੱਖਾਂਗੇ ਤਾਂ ਬੀਮਾਰ ਘੱਟ ਹੋਵਾਂਗੇ। ਇਸਦੇ ਨਾਲ ਹੀ ਜੇ ਆਪਾਂ ਰੋਗ ਤੋਂ ਤੰਦਰੁਸਤ ਹੋ ਜਾਂਦੇ ਹਾਂ ਤਾਂ ਦੁਬਾਰਾ ਬੀਮਾਰ ਹੋਣ ਤੋਂ ਬਚਣ ਲਈ ਕਈ ਉਪਾਅ ਕਰ ਸਕਦੇ ਹਾਂ। ਆਯੁਰਵੇਦ ਤਾਂ ਤੰਦਰੁਸਤ ਰਹਿਣ ਲਈ ਕਈ ਸੁਝਾਅ ਦਿੰਦਾ ਹੈ, ਦਿਨ, ਰਾਤ ਅਤੇ ਮੌਸਮ ਮੁਤਾਬਕ ਕਈ ਨਿਤਨੇਮ ਦੱਸਦਾ ਹੈ। ਠੀਕ ਕਿਸਮ ਦਾ ਖਾਣਾ ਅਤੇ ਵਕਤ ਸਿਰ ਸੌਣਾ ਇਸ ਦੀਆਂ ਸਿੱਖੀਆਵਾਂ ਵਿਚੋਂ ਕਾਫੀ ਉੱਭਰਕੇ ਸਾਹਮਣੇ ਆਉਂਦੀਆਂ ਹਨ। * * * * * *


**J & M DRYWALL LTD.**

**577 Rupert St. Vancouver, B.C. V5R 5Z1**

**COMPLETE DRYWALL SERVICE BOARDING**

**- FILLING - TAPING TEXTURED CEILING**

**Phone for Fast Service 669--3022 - Pager M10**

**JIM SIDHU 438-1880**

# ਪਰਦਾ ਜੋ ਉੱਠ ਗਿਆ ...

### ਪੇਸ਼ਕਸ਼: ਸੁਖਵੰਤ ਹੁੰਦਲ

## ਸੁਜ਼ੂਕੀ ਚੁੱਪ ਹੋ ਜਾ:

ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ 'ਚ ਰਹਿਣ ਵਾਲਾ ਡਾ: ਸੁਜ਼ੂਕੀ ਇਕ ਉੱਘਾ ਵਿਗਿਆਨੀ ਹੋਣ ਦੇ ਨਾਲ ਨਾਲ ਇਕ ਮਸ਼ਹੂਰ ਟੀ.ਵੀ. ਹੋਸਟ ਵੀ ਹੈ। ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ (CBC) ਤੇ ਆਉਣ ਵਾਲੇ ਪ੍ਰੋਗਰਾਮ 'ਦੀ ਨੇਚਰ ਆਫ ਥਿੰਗਜ਼' ਵਿਚ ਉਹ ਅਜੋਕੇ ਰਹਿਣ ਸਹਿਣ ਅਤੇ ਸਨਅਤੀਕਰਣ ਕਾਰਨ ਵਾਤਾਵਰਣ ਤੇ ਪੈਣ ਵਾਲੇ ਅਸਰਾਂ ਬਾਰੇ ਗੰਭੀਰ ਬਹਿਸ ਛੇੜਦਾ ਹੈ ਅਤੇ ਮਹੱਤਵਪੂਰਨ ਨੁਕਤੇ ਉਠਾਉਂਦਾ ਹੈ।

ਆਪਣੇ ਪ੍ਰੋਗਰਾਮ ਦੀ ਇਕ ਕੜੀ 'ਫੁਟੀਸਚ ਫਰਾਮ ਦੀ ਫੌਰਿਸਟ' ਵਿਚ ਉਸਨੇ ਬੀ.ਸੀ. ਵਿਚ ਜੰਗਲਾਤ ਦੇ ਪ੍ਰਬੰਧ ਬਾਰੇ ਪ੍ਰੋਗਰਾਮ ਦਿੱਤਾ। ਇਸ ਪ੍ਰੋਗਰਾਮ ਵਿਚ ਉਸਨੇ ਬੀ.ਸੀ. ਦੀ ਲਕੜ ਦੀ ਸਨਅਤ ਵਲੋਂ ਕੀਤੀ ਜਾਂਦੀ 'ਕਲੀਅਰ ਕੱਟ ਲਾਗਿੰਗ' ਬਾਰੇ ਅਸਹਿਮਤੀ ਪ੍ਰਗਟਾਈ। ਇਹ ਗੱਲ ਬੀ.ਸੀ. ਦੀ ਲੱਕੜ ਦੀ ਸਨਅਤ ਦੇ ਮੁਹਰੀਆਂ ਨੂੰ ਪਸੰਦ ਨਹੀਂ ਆਈ। ਆਪਣੀ ਨਾਪਸੰਦਗੀ ਦਾ ਇਜ਼ਹਾਰ ਕਰਨ ਲਈ ਬੀ.ਸੀ. ਦੀ ਲੱਕੜ ਦੀ ਸਨਅਤ ਨੇ ਕੈਨੇਡੀਅਨ ਇੰਪੀਰੀਅਲ ਬੈਂਕ ਆਫ ਕਾਮਰਸ ਤੇ ਦਬਾਅ ਪਾਇਆ ਕਿ ਉਹ ਸੁਜ਼ੂਕੀ ਦੇ ਪ੍ਰੋਗਰਾਮ ਨੂੰ ਦਿੱਤੇ ਜਾਂਦੇ ਇਸ਼ਤਿਹਾਰ ਬੰਦ ਕਰੇ ਅਤੇ ਬੈਂਕ ਨੇ ਉਹਨਾ ਦੇ ਦਬਾਅ ਅੱਗੇ ਝੁਕਦੇ ਹੋਏ ਇਸ਼ਤਿਹਾਰ ਦੇਣੇ ਬੰਦ ਕਰ ਦਿੱਤੇ।

ਬੈਂਕ ਵਲੋਂ ਕੀਤਾ ਇਹ ਫੈਸਲਾ ਡਾ: ਸੁਜ਼ੂਕੀ ਨੂੰ ਚੁੱਪ ਹੋ ਜਾਣ ਦਾ ਸੰਕੇਤ ਹੈ ਅਤੇ ਇਹ ਸੁਨੇਹਾ ਦਿੰਦਾ ਹੈ ਕਿ ਜੇ ਉਹਨੇ ਲੱਕੜ ਦੀ ਸਨਅਤ ਦੀ ਆਲੋਚਨਾ ਕਰਨੀ ਹੈ ਤਾਂ ਉਸਨੂੰ ਇਸ ਦੀ ਕੀਮਤੀ ਤਾਰਨੀ ਪਵੇਗੀ। ਜੇ ਸਨਅਤ ਨੂੰ ਉਸਦੀ ਆਲੋਚਨਾ ਪਸੰਦ ਨਾ ਆਈ ਤਾਂ ਸਨਅਤ ਉਸਨੂੰ ਚੁੱਪ ਕਰਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕਰੇਗੀ। ਇਸਦੇ ਨਾਲ ਹੀ ਇਹ ਇਸ ਗੱਲ ਦਾ ਵੀ ਸਬੂਤ ਹੈ ਕਿ ਵਿਕਾਸ ਕਰ ਚੁੱਕੇ ਦੇਸ਼ਾਂ ਵਿਚ ਵੀ ਅਣਵਿਕਸਤ ਦੇਸ਼ਾਂ ਵਾਂਗ ਉਹਨਾ ਆਵਾਜ਼ਾਂ ਨੂੰ ਚੁੱਪ ਕਰਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਉੱਚੀ ਦੀ ਉਪਰਲੀ ਜਮਾਤ ਦੇ ਹੱਕ ਵਿਚ ਨਾ ਜਾਂਦੀਆਂ ਹੋਣ। ਫਰਕ ਸਿਰਫ ਏਨਾ ਹੈ ਕਿ ਇਹਨਾਂ ਆਵਾਜ਼ਾਂ ਨੂੰ ਚੁੱਪ ਕਰਾਉਣ ਲਈ ਇਹਨਾ ਦੇਸ਼ਾਂ ਵਿਚ 'ਵਿਕਾਸ ਕਰ ਚੁੱਕੇ' ਤਰੀਕੇ ਵਰਤੇ ਜਾਂਦੇ ਹਨ। (ਮਾਰਚ 16/91 ਨੂੰ ਵੈਨਕੂਵਰ ਸੰਨ ਵਿਚ ਛਪੀ ਖਬਰ ਤੇ ਆਧਾਰਤ)

## ਹਾਥੀ ਦੇ ਦੰਦ ਖਾਣ ਨੂੰ ਹੋਰ ਦਿਖਾਉਣ ਨੂੰ ਹੋਰ:

ਫਿਲਪ ਐਗੀ ਅਮਰੀਕਾ ਦਾ ਨਾਗਰਿਕ ਹੈ। ਉਹ ਸੀ. ਆਈ. ਏ. ਦਾ ਸਾਬਕਾ ਅਧਿਕਾਰੀ ਸੀ। ਪਰ ਸੰਨ 1975 ਵਿਚ ਉਹ ਸੀ. ਆਈ. ਏ. ਦਾ ਤਿੱਖਾ ਵਿਰੋਧੀ ਬਣ ਗਿਆ। ਉਹਨੇ ਸੀ.ਆਈ.ਏ. ਦਾ ਪਰਦਾ ਫਾਸ਼ ਕਰਦੀ ਇਕ ਕਿਤਾਬ ਲਿਖੀ ਅਤੇ ਵੱਖ ਵੱਖ ਰਸਾਲਿਆਂ ਵਿਚ ਇਸ ਬਾਰੇ ਲੇਖ ਲਿਖੇ। ਨਤੀਜੇ ਵਜੋਂ ਅਮਰੀਕਾ ਦੀ ਸਰਕਾਰ ਨੇ ਸੰਨ 1979 ਵਿਚ ਉਸਦਾ ਪਾਸਪੋਰਟ ਰੱਦ ਕਰ ਦਿੱਤਾ। ਐਗੀ ਨੇ ਸਟੇਟ ਡੀਪਾਰਟਮੈਂਟ ਦੇ ਇਸ ਫੈਸਲੇ ਵਿਰੁੱਧ ਇਸ ਫੈਸਲੇ ਦੀ ਗੈਰ ਸਵਿਧਾਨਕਿਤਾ ਦੇ ਆਧਾਰ ਤੇ ਮੁਕੱਦਮਾ ਦਾਇਰ ਕਰ ਦਿੱਤਾ। ਪਰ ਸੰਨ 1981 ਵਿਚ ਸੁਪਰੀਮ ਕੋਰਟ ਨੇ ਸਟੇਟ ਡੀਪਾਰਟਮੈਂਟ ਵਿਰੁੱਧ ਕੀਤਾ ਉਸਦਾ ਮੁਕੱਦਮਾ ਖਾਰਜ ਕਰ ਦਿੱਤਾ।

ਐਗੀ ਨੇ ਆਉਣ ਜਾਣ ਦੀ ਸੌਖ ਲਈ ਪਹਿਲਾਂ ਗਰੇਨਾਡਾ ਅਤੇ ਬਾਅਦ ਵਿਚ ਨਿਕਰਾਗੁਆ ਦਾ ਪਾਸਪੋਰਟ ਲੈ ਲਿਆ। ਪਰ ਸਤੰਬਰ 1990 ਵਿਚ ਅਮਰੀਕਾ ਦੀ ਮੱਦਦ ਨਾਲ ਚੁਣੀ ਗਈ ਨਿਕਰਾਗੁਆ ਵਿਚ ਚੈਮਾਰੋ ਦੀ ਸਰਕਾਰ ਨੇ ਐਗੀ ਦਾ ਨਿਕਰਾਗੁਅਨ ਪਾਸਪੋਰਟ ਵੀ ਰੱਦ ਕਰ ਦਿੱਤਾ।

1987 ਵਿਚ ਐਗੀ ਨੇ ਅਮਰੀਕਾ ਦਾ ਨਵਾਂ ਪਾਸਪੋਰਟ ਲੈਣ ਲਈ ਅਰਜ਼ੀ ਕੀਤੀ ਸੀ ਪਰ ਉਹ ਵੀ ਰੱਦ ਕਰ ਦਿੱਤੀ ਗਈ। ਇਸ ਫੈਸਲੇ ਵਿਰੁੱਧ ਉਸਨੇ ਅਮਰੀਕਾ ਦੀ ਫੈਡਰਲ ਕੋਰਟ ਅੱਗੇ ਅਪੀਲ ਕੀਤੀ ਹੋਈ ਹੈ ਜਿਸਦਾ ਫੈਸਲਾ ਹੋਣਾ ਅਜੇ ਬਾਕੀ ਹੈ।

ਫਿਲਪ ਐਗੀ ਨਾਲ ਅਮਰੀਕਨ ਸਰਕਾਰ ਵਲੋਂ ਇਹ ਸੱਭ ਕੁੱਝ ਤਾਂ ਕੀਤਾ ਜਾ ਰਿਹਾ ਹੈ ਕਿਉਂਕਿ ਉਸਨੇ ਆਪਣੇ ਖਿਆਲ ਪ੍ਰਗਟ ਕਰਨ ਦੀ ਆਜ਼ਾਦੀ ਦਾ ਇਸਤੇਮਾਲ ਕਰਦੇ ਹੋਏ ਸੀ.ਆਈ.ਏ. ਦੀਆਂ ਸਰਗਰਮੀਆਂ ਦਾ ਪਰਦਾ ਚਾਕ ਕੀਤਾ ਹੈ। ਉਸ ਤਰ੍ਹਾਂ ਅਮਰੀਕਨ ਸਰਕਾਰ ਅਤੇ ਸਟੇਟ ਵਲੋਂ ਦੁਨੀਆਂ ਭਰ ਵਿਚ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਹ ਬੋਲਣ ਦੀ ਆਜ਼ਦੀ ਦੀ ਰਾਖੀ ਕਰਨ ਵਿਚ ਦੁਨੀਆਂ ਭਰ ਵਿਚ ਚੈਂਪੀਅਨ ਹੈ ਅਤੇ ਜੇ ਲੋੜ ਪਵੇ ਤਾਂ ਇਸ ਬੋਲਣ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਉਹ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਵੀ ਦਖਲ ਦੇਣੋਂ ਨਹੀਂ ਝਿਜਕੇਗੀ। ਇਹ ਸਾਫ ਹੈ ਕਿ ਅਮਰੀਕਾ ਦੀ ਬੋਲਣ ਦੀ ਆਜ਼ਾਦੀ ਦੀ ਪਾਲਸੀ ਹਾਥੀ ਦੇ ਦੰਦਾ ਵਾਂਗ ਹੈ ਜੋ ਖਾਣ ਨੂੰ ਹੋਰ ਹੁੰਦੇ ਹਨ ਅਤੇ ਦਿਖਾਉਣ ਨੂੰ ਹੋਰ। (ਕਵਰਟ ਐਕਸ਼ਨ ਇਨਫ. ਬੁਲੇਟਨ, ਨੰ 35 ਪੱਤਝੜ 90 'ਚ ਛਪੀ ਖਬਰ ਤੇ ਆਧਾਰਤ)

## ਅਸੀਂ ਇਨਸਾਨ ਹਾਂ ਅਤੇ ਬਾਕੀ ਕੁੱਝ ਵੀ ਨਹੀਂ:

ਮਾਰਚ 1990 ਵਿਚ ਟੈਕਸਾਸ, ਅਮਰੀਕਾ, ਦੀ ਸੁਪਰੀਮ ਕੋਰਟ ਨੇ ਕੋਸਟਾ ਰੀਕਾ ਦੇ ਖੇਤ ਮਜ਼ਦੂਰਾਂ ਨੂੰ ਅਮਰੀਕਾ ਦੀਆਂ ਮਲਟੀਨੇਸ਼ਨਲ ਕੰਪਨੀਆਂ- ਸਟੈਂਡਰਡ ਫਰੂਟ ਕੰਪਨੀ, ਡੋਅ ਕੈਮੀਕਲ ਅਤੇ ਸ਼ੈੱਲ ਔਇਲ ਕੰਪਨੀ- ਤੇ ਹਰਜਾਨਾ ਲੈਣ ਲਈ ਮੁਕੱਦਮਾ ਕਰਨ ਦੀ ਇਜਾਜ਼ਤ ਦਿੱਤੀ ਹੈ। ਇਹ ਖੇਤ ਮਜ਼ਦੂਰ ਕੋਸਟਾ ਰੀਕਾ ਵਿਚ ਸਟੈਂਡਰਡ ਫਰੂਟ ਕੰਪਨੀ ਦੇ ਖੇਤਾਂ ਵਿਚ ਕੰਮ ਕਰਦੇ ਸਨ। ਇਸ ਕੰਮ ਦੇ ਦੌਰਾਨ ਉਹ ਖੇਤਾਂ ਵਿਚ DBCP ਨਾਂ ਦੀ ਕੀਟਨਾਸ਼ਕ ਦਵਾਈ ਦੀ ਵਰਤੋਂ ਕਰਦੇ ਸਨ। ਇਸ ਦਵਾਈ ਦੀ ਵਰਤੋਂ ਕਰਨ ਨਾਲ ਉਹਨਾ ਦੀ ਬੱਚੇ ਪੈਦਾ ਕਰਨ ਦੀ ਯੋਗਤਾ ਖਤਮ ਹੋ ਗਈ ਹੈ।

ਡੋਅ ਕੈਮੀਕਲ ਅਤੇ ਸ਼ੈੱਲ ਕੰਪਨੀ DBCP ਦਵਾਈ ਪੈਦਾ ਕਰਦੇ ਹਨ। ਸੰਨ 1955 ਤੋਂ ਹੀ ਉਹਨਾ ਨੂੰ ਪਤਾ ਸੀ ਕਿ ਜਾਨਵਰਾਂ ਨੂੰ ਘੱਟ ਮਾਤਰਾ ਵਿਚ ਦਿੱਤੀ ਗਈ ਇਸ ਦਵਾਈ ਦੀ ਖੁਰਾਕ ਉਹਨਾ ਦੇ ਸ਼ਰੀਰ ਦੇ ਅੰਗਾ ਵਿਚ ਤਬਦੀਲੀ ਲਿਆਉਂਦੀ ਹੈ। ਡੋਅ ਕੰਪਨੀ ਦੇ ਵਿਗਿਆਨੀ ਡਾ: ਚਾਰਲਸ ਹਾਈਨ ਨੇ ਕੰਪਨੀ ਦੇ ਮੈਨੇਜਰਾਂ ਨੂੰ ਇਸ ਸਬੰਧੀ ਰੀਪੋਰਟ ਦਿੱਤੀ ਸੀ। ਇਸ ਰੀਪੋਰਟ ਦੇ ਆਧਾਰ ਤੇ ਦਵਾਈ ਨੂੰ ਬਣਾਉਣਾ ਬੰਦ ਕਰਨ ਦੀ ਥਾਂ ਕੰਪਨੀ ਨੇ ਇਸ ਦਵਾਈ ਬਾਰੇ ਹੋਰ ਟੈਸਟ ਕਰਨੇ ਹੀ ਬੰਦ ਕਰ ਦਿੱਤੇ।

ਕੋਸਟਾ ਰੀਕਾ ਦੇ ਖੇਤ ਮਜ਼ਦੂਰਾਂ ਨੇ ਸੱਤਰਵਿਆਂ ਤੋਂ ਇਸ ਦਵਾਈ ਦੀ ਵਰਤੋਂ ਕਰਨੀ ਸ਼ੁਰੂ ਕੀਤੀ। ਸੰਨ 1977 ਵਿਚ ਅਮਰੀਕਾ ਵਿਚ ਕੈਲਾਫੋਰਨੀਆਂ ਦੇ ਖੇਤ ਮਜ਼ਦੂਰਾਂ ਨੇ ਡੋਅ ਅਤੇ ਸ਼ੈੱਲ ਕੰਪਨੀ ਨੂੰ ਅਦਾਲਤ ਵਿਚ ਲਿਆਂਦਾ ਕਿ ਇਹ ਦਵਾਈ ਨੇ ਉਹਨਾਂ ਤੇ ਭੈੜਾ ਅਸਰ ਕੀਤਾ ਹੈ ਅਤੇ ਇਸਦਾ ਉਹਨਾ ਨੂੰ ਹਰਜਾਨਾ ਮਿਲਣਾ ਚਾਹੀਦਾ ਹੈ। ਡੋਅ

ਬਾਕੀ ਸਫਾ 38 ਉੱਤੇ

ROYAL LEPAGE
It's you that counts the most!
SURREY, B.C. 589-8282 SURREY GUILDFORD

ਆਪਣੀ ਜਾਇਦਾਦ ਦੀ ਮਾਰਕਿਟ ਕੀਮਤ ਲਈ ਮੁਫਤ ਸਲਾਹ ਲੈਣੀ ਹੋਵੇ ਤਾਂ ਕੈਨੇਡਾ ਦੀ ਸੱਭ ਤੋਂ ਵੱਡੀ ਰੀਅਲ ਇਸਟੇਟ ਕੰਪਨੀ ਰੌਇਲ ਲੀ ਪੇਜ਼ ਦੇ

## ਦਰਸ਼ਨ ਗਿੱਲ ਨੂੰ ਫੋਨ ਕਰੋ: 589-8282

ਦਰਸ਼ਨ ਗਿੱਲ ਤੁਹਾਡੀ ਮਾਰਗੇਜ਼ ਲੈਣ ਵਿਚ ਵੀ ਸਹਾਇਤਾ ਕਰ ਸਕਦੇ ਹਨ। ਰੌਇਲ ਲੀ ਪੇਜ਼ ਨੇ ਆਪਣੀ ਮਾਰਗੇਜ਼ ਕੰਪਨੀ ਸ਼ੁਰੂ ਕਰ ਦਿੱਤੀ ਹੈ ਜਿੱਥੋਂ ਤੁਹਾਨੂੰ ਸਸਤੇ ਰੇਟ ਤੇ ਮਾਰਗੇਜ਼ ਮਿਲ ਸਕਦੀ ਹੈ।

**ਹੋਰ ਸੇਵਾਵਾਂ:**
* ਘਰ ਖ੍ਰੀਦਣਾ ਹੋਵੇ ਜਾਂ ਵੇਚਣਾ ਹੋਵੇ ਤਾਂ ਸਹੀ ਮੁੱਲ ਦਿਵਾਉਣ ਵਿਚ ਸਹਾਇਤਾ।
* ਇਸ ਸਮੇਂ ਘਰ ਬਣਾਉਣ ਲਈ ਲਾਟਾਂ ਦੇ ਭਾਅ ਵਾਜਬ ਹਨ। ਵਧੀਆ ਲਾਟਾਂ ਸਸਤੇ ਭਾਆ ਉੱਤੇ।
* ਫਾਰਮ ਜਾਂ ਬਿਜਨਸ ਖ੍ਰੀਦਣ ਜਾਂ ਵੇਚਣ ਵਿਚ ਮਦਦ।

**For All Your Real Estate Needs**
**Contact Darshun Gill Ph: 589-8282**

**ROYAL LEPAGE MORTGAGE COMPANY**

**SERVICE**
**#2-10160-152 St., Surrey, B.C.**

## Kartar Photo Studio

## ਕਰਤਾਰ ਫੋਟੋ ਸਟੂਡੀਓ

ਸਾਡੇ ਕੋਲ ਵਿਆਹ-ਸ਼ਾਦੀਆਂ ਅਤੇ ਪਾਰਟੀਆਂ ਤੇ ਵੀਡੀਓ ਮੂਵੀਜ਼ ਬਣਾਉਣ ਦਾ ਪੂਰਾ ਪ੍ਰਬੰਧ ਹੈ।
ਸਾਡੇ ਕੋਲ ਬੱਚਿਆਂ ਅਤੇ ਔਰਤਾਂ ਦੇ ਫੈਂਸੀ ਸੂਟ, ਸਾੜੀਆਂ, ਬੱਚਿਆਂਦੇ ਖਿਡੌਣੇ, ਗੁਰੂ ਗਰੰਥ ਸਾਹਿਬ ਲਈ ਰੁਮਾਲੇ ਵੀ ਮਿਲ ਸਕਦੇ ਹਨ।
Passport Photos in 5 minutes.



4279 Fraser St.
(27th Ave.)
Vancouver, B.C.
**872-6060**
Or
6618 Fraser St.(at 50th Ave.)
Vancouver, B.C.
V5X 3T5
**Ph. 327-1700**

PRINTING

*Business Cards - Wedding Cards*
*Letterheads - Envelopes - Brochures*
*Menus - Business Forms*
*Flyers - Etc., Etc.*

SPECIAL PHOTOCOPIES

1-10 copies 7cents
11-30 copies 6cents
31-75 copies 5cents
76 & UP 4.5cents
B/W 8.5 X 11

(PRICE PER ORIGINAL)

FULL COLOUR COPIES

**BUSINESS CARDS**
**(BLACK ON WHITE)**
**$ 19.95**
1000 BUSINESS CARDS

**SUPER PRINTERS**
Stationery & Copy Centre Ltd.
5934 Fraser Street, Vancouver B.C. V5W 2Z7
**321-0220**

PRINTING

# ਪੱਛਮੀ ਸਭਿਅਤਾ ਅਤੇ ਭਾਰਤ

ਸੂਫੀ ਅਮਰਜੀਤ

ਜਦੋਂ ਕਦੀ ਅਸੀਂ ਪੱਛਮੀ ਸੱਭਿਅਤਾ ਦੀ ਗੱਲ ਕਰਦੇ ਹਾਂ ਤਾਂ ਆਮ ਤੌਰ ਤੇ ਇਸ ਦਾ ਭਾਵ ਉਸ ਯੂਰਪੀਅਨ ਸਭਿਅਤਾ ਤੋਂ ਹੁੰਦਾ ਹੈ ਜੋ ਭਾਰਤੀ ਸੱਭਿਅਤਾ ਤੋਂ ਵੱਖਰੀ ਹੈ। ਇਸ ਦੇ ਘੇਰੇ ਵਿਚ ਯੂਰਪ, ਉੱਤਰੀ ਅਮਰੀਕਾ ਅਤੇ ਆਸਟਰੇਲੀਆ ਮਹਾਂਦੀਪ ਆਉਂਦੇ ਹਨ। ਜਦੋਂ ਯੂਰਪ ਦਾ ਜ਼ਿਕਰ ਕੀਤਾ ਜਾਂਦਾ ਹੈ ਤਾਂ ਇਸ ਵਿਚ (ਸਾਬਕਾ ?) ਸਮਾਜਵਾਦੀ ਦੇਸ਼ਾਂ ਅਤੇ ਸੋਵੀਅਤ ਯੂਨੀਅਨ ਦੇ ਯੂਰਪੀ ਅੰਧ ਨੂੰ ਵਿੱਚ ਨਹੀਂ ਲਿਆ ਜਾਂਦਾ। (ਕਿਉਂਕਿ ਸਮਾਜਵਾਦੀ ਦੇਸ਼ਾਂ ਵਿਚ ਪੈਦਾਵਾਰ ਦੇ ਸਾਧਨ ਨਿਜੀ ਮਾਲਕੀ ਹੇਠ ਨਹੀਂ ਹਨ ਅਤੇ ਇਥੇ ਮਨੁਖੀ ਲੋੜਾਂ ਦੀ ਗਰੰਟੀ ਸਰਕਾਰ ਨੇ ਆਪਣੇ ਸਿਰ ਲਈ ਹੋਈ ਹੈ ਜਿਸ ਕਾਰਨ ਇਹਨਾਂ ਦੇਸ਼ਾਂ ਦੇ ਜੀਵਨ ਪੱਧਰ, ਪਛਮੀ ਦੇਸ਼ਾਂ ਜਿੰਨੇ ਉਚੇ ਨਹੀਂ ਹੋ ਸਕਦੇ। ਇਹ ਪੱਛਮੀ ਦੇਸ਼ਾਂ ਦੇ ਪੂੰਜੀਵਾਦੀ ਆਗੂਆਂ ਦੀ ਰਾਏ ਹੈ।)

ਪੱਛਮ ਦਾ ਆਰੰਭ ਯੂਨਾਨ ਤੋਂ ਮੰਨਿਆਂ ਜਾਂਦਾ ਹੈ। ਪੂਰਬ ਕਿਸੇ ਦੇਸ਼ ਨੂੰ ਨਹੀਂ ਮੰਨਿਆਂ ਜਾਂਦਾ। ਕੋਈ ਮਧ-ਪੂਰਬ ਹੈ, ਕੋਈ ਦਖਣ-ਪੂਰਬ ਅਤੇ ਕੋਈ ਦੂਰਪੂਰਬ ਹੈ। ਉੱਤਰੀ ਅਮਰੀਕਾ ਅਸਲ ਵਿੱਚ ਪੱਛਮ ਨਹੀਂ ਹੈ ਅਤੇ ਨਾ ਹੀ ਆਸਟਰੇਲੀਆ ਪੱਛਮ ਹੈ। ਪਰ ਇਹਨਾਂ ਨੂੰ ਪੱਛਮ ਵਿਚ ਹੀ ਮੰਨਿਆ ਜਾਂਦਾ ਹੈ। ਕਿਉਂਕਿ ਏਥੇ ਯੂਰਪੀਅਨ ਬਸਤੀਵਾਦੀ ਕੌਮਾਂ ਖ਼ਾਸ ਕਰਕੇ ਬਰਤਾਨੀਆ ਅਤੇ ਫਰਾਂਸ ਦੀਆਂ ਬਸਤੀਆਂ ਨਾ ਰਹਿਕੇ ਉਹਨਾਂ ਦੇਸ਼ਾਂ ਵਿਚੋਂ ਆ ਵਸੇ ਲੋਕਾਂ ਦੇ ਦੇਸ਼ ਹੀ ਬਣ ਗਏ ਹਨ। ਇਹਨਾਂ ਦੇਸ਼ਾਂ ਦੀ ਆਦੀ ਵਸੋਂ ਨੂੰ ਸਾਰੇ ਹੱਕਾਂ ਤੋਂ ਵਾਂਝਿਆਂ ਕਰਕੇ ਪਿੱਛੇ ਸੁੱਟ ਦਿੱਤਾ ਗਿਆ ਹੈ। ਇਹਨਾਂ ਦੇਸ਼ਾਂ ਦੇ ਵਸੀਲਿਆਂ ਦੀ ਲੁੱਟ ਨੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਿਚ ਵਿਸ਼ੇਸ਼ ਹਿੱਸਾ ਪਾਇਆ।

ਅਸੀਂ ਸਮਾਜੀ ਜੀਵਨ ਸੰਬੰਧੀ ਗੱਲਬਾਤ ਕਰਦਿਆਂ 'ਸਭਿਆਚਾਰ' ਅਤੇ 'ਸਭਿਅਤਾ', ਦੋ ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਇਹਨਾਂ ਦੋ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਇਹਨਾਂ ਦੇ ਫਰਕ ਨੂੰ ਨਹੀਂ ਜਾਣਦੇ ਹੁੰਦੇ। ਇਸ ਲਈ ਇਹਨਾਂ ਦੇ ਫਰਕ ਨੂੰ ਸਪਸ਼ਟ ਕਰ ਲੈਣਾ ਠੀਕ ਰਹੇਗਾ। ਸਭਿਆਚਾਰ ਕਿਸੇ ਇਕ ਖ਼ਿੱਤੇ ਦੇ ਲੋਕਾਂ ਦਾ ਰਹਿਣ-ਸਹਿਣ ਦਾ ਉਹ ਢੰਗ ਹੁੰਦਾ ਹੈ ਜਿਸ ਵਿੱਚ ਉਹਨਾਂ ਦੀ ਬੋਲੀ, ਰਸਮ-ਰਿਵਾਜ, ਪਹਿਰਾਵਾ, ਤਿਉਹਾਰ, ਖਾਣ ਪੀਣ ਅਤੇ ਧਰਮ ਸ਼ਾਮਲ ਹੁੰਦੇ ਹਨ। ਧਰਮ ਆਪਣੇ ਆਪ ਵਿਚ ਸੱਭਿਆਚਾਰ ਨਹੀਂ ਹੁੰਦਾ ਪਰ ਸਭਿਆਚਾਰ ਉਪਰ ਡੂੰਘਾ ਪ੍ਰਭਾਵ ਪਾਉਂਦਾ ਹੈ। ਇਕ ਖ਼ਿੱਤੇ ਵਿਚ ਇਕ ਜਾਂ ਕਈ ਧਰਮਾਂ ਨਾਲ ਸੰਬੰਧਿਤ ਲੋਕ ਹੋ ਸਕਦੇ ਹਨ। ਭਾਰਤ ਦਾ ਹਰ ਰਾਜ ਇਸ ਦੀ ਉਦਾਹਰਣ ਹੈ। ਸਭਿਅਤਾ ਇਕ ਦੇਸ਼ ਜਾਂ ਖ਼ਿੱਤੇ ਦੇ ਲੋਕਾਂ ਦੇ ਰਹਿਣ-ਸਹਿਣ ਦਾ ਪੱਧਰ ਹੁੰਦਾ ਹੈ। ਸਭਿਅਤਾ, ਸਭਿਆਚਾਰ ਨਹੀਂ ਹੁੰਦੀ ਪਰ ਸਭਿਆਚਾਰ ਨੂੰ ਸਭਿਅਤਾ ਨਾਲੋਂ ਨਿਖੇੜਿਆ ਵੀ ਨਹੀਂ ਜਾ ਸਕਦਾ। ਜਦੋਂ ਅਸੀਂ ਪੱਛਮੀ ਸਭਿਅਤਾ ਨੂੰ ਵਿਕਸਤ ਅਤੇ ਉੱਚੀ ਆਖਦੇ ਹਾਂ ਤਾਂ ਇਸ ਦਾ ਅਰਥ ਹੁੰਦਾ ਹੈ ਕਿ ਪੱਛਮੀ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦਾ ਜੀਵਨ ਪੱਧਰ ਉੱਚਾ, ਸੁਚਾਰੂ ਅਤੇ ਨਿਯਮ ਬੱਧ ਹੈ। ਇਹਨਾਂ ਦੇ ਬੋਲ ਚਾਲ, ਵਰਤਾਓ, ਕੰਮ-ਢੰਗ ਅਤੇ ਦ੍ਰਿਸ਼ਟੀਕੋਣ ਦਾ ਸੰਜਮੀ ਸਲੀਕਾ ਹੈ। ਪੱਛਮੀ ਦੇਸ਼ਾਂ ਦੇ ਜੀਵਨ ਪੱਧਰ ਵਿੱਚ ਇਕ ਦੂਜੇ ਤੋਂ ਉੱਨੀ-ਇੱਕੀ ਦਾ ਫਰਕ ਤਾਂ ਹੋ ਸਕਦਾ ਹੈ ਪਰ ਲਗ-ਪੱਗ ਪੈਟਰਨ ਇੱਕੋ ਹੀ ਹੈ। ਇਸ ਦੇ ਬਾਵਜੂਦ ਇਹਨਾਂ ਦੇ ਸੱਭਿਆਚਾਰ ਵੱਖੋ ਵੱਖਰੇ ਹਨ। ਬੋਲੀਆਂ ਦੀ ਭਿੰਨਤਾ ਅਤੇ ਕੌਮੀ ਰਵਾਇਤਾਂ ਇਹਨਾਂ ਨੂੰ ਵੱਖਰਾਉਂਦੀਆਂ ਹਨ।

ਜਦੋਂ ਮੈਂ ਪਹਿਲੀ ਵਾਰ 1970 ਵਿਚ ਕੈਨੇਡਾ ਆਇਆ ਸੀ ਉਸ ਵੇਲੇ ਮੇਰੇ ਮਨ ਵਿਚ ਇਸ ਦਾ ਜੋ ਮੁਹਾਂਦਰਾ ਚਿਤਵਿਆ ਹੋਇਆ ਸੀ ਉਹ ਇਸ ਨਾਲੋਂ ਕਿਤੇ ਵੱਖਰਾ ਸੀ ਜੋ ਮੈਂ ਆ ਕੇ ਅੱਖੀਂ ਦੇਖਿਆ ਸੀ। ਮੈਂ ਆ ਕੇ ਕਾਫੀ ਸਮੇਂ ਤੱਕ ਇਹ ਮੰਨਦਾ ਅਤੇ ਸਮਝਦਾ ਰਿਹਾ ਸੀ ਕਿ ਭਾਰਤ ਅਤੇ ਕੈਨੇਡਾ ਦੀਆਂ ਦੋ ਵੱਖੋ ਵੱਖ ਸਭਿਆਵਾਂ ਹਨ। ਇਹ ਅਸਲ ਵਿਚ ਠੀਕ ਵੀ ਹੈ। ਕੈਨੇਡਾ ਬਾਰੇ ਪਿਛਲੀ ਸਦੀ ਅਤੇ ਇਸ ਸਦੀ ਦੇ ਮੁੱਢ ਦੀਆਂ ਕਿਤਾਬਾਂ ਪੜ੍ਹ ਕੇ ਇਹ ਜਾਣਕਾਰੀ ਮਿਲੀ ਕਿ ਕੈਨੇਡਾ ਦੇ ਲੋਕਾਂ ਦਾ ਜੀਵਨ ਪੱਧਰ ਲੱਗ ਪੱਗ ਇਹੋ ਜਿਹਾ ਸੀ ਜਿਹੋ ਜਿਹਾ ਅੱਜ ਦੇ ਭਾਰਤ ਦੇ ਲੋਕਾਂ ਦਾ ਹੈ। ਇਸ ਦਾ ਭਾਵ ਇਹ ਹੈ ਕਿ ਪੱਛਮੀ ਸਭਿਅਤਾ, ਖੇਤੀ ਪ੍ਰਧਾਨ ਦੇਸ਼ ਦੀ ਸਭਿਅਤਾ ਤੋਂ ਵਿਕਸਤ ਹੋ ਕੇ ਅਜੋਕੇ ਰੂਪ ਵਿਚ ਪੁੱਜੀ ਹੈ ਅਤੇ ਭਾਰਤ ਵੀ ਵਿਕਾਸ ਕਰਦਾ ਕਿਸੇ ਸਮੇਂ ਉਚੀ ਸਭਿਅਤਾ ਵਾਲਾ ਦੇਸ਼ ਬਣ ਜਾਵੇਗਾ।

ਪੱਛਮੀ ਦੇਸ਼ਾਂ ਦਾ ਉੱਚਾ ਜੀਵਨ ਪੱਧਰ ਹੋਣ ਨਾਲ ਉੱਚੀ ਸਭਿਅਤਾ ਨੂੰ ਪ੍ਰਾਪਤ ਕਰਨ ਦਾ ਕਾਰਨ ਇਹਨਾਂ ਦੇਸ਼ਾਂ ਦਾ ਸਨਅਤੀ-ਟੈਕਨੀਕਲ ਵਿਕਾਸ ਹੈ। ਸਨਅਤਾਂ ਵਿਚ ਬਣੀਆਂ ਮਸ਼ੀਨੀ ਵਸਤਾਂ, ਲੋਕਾਂ ਦੇ ਰੋਜ਼ਾਨਾ ਜੀਵਨ ਵਿਚ ਆਮ ਵਰਤੀਆਂ ਜਾਣ ਨਾਲ ਜੀਵਨ ਪੱਧਰ ਉੱਚਾ ਹੁੰਦਾ ਹੈ, ਜਿਵੇਂ ਹਰ ਘਰ ਵਿਚ ਬਿਜਲੀ ਦਾ ਸਾਮਾਨ ਫਰਿਜ, ਸਟੋਵ, ਪੱਖੇ, ਏਅਰ ਕੰਡੀਸ਼ਨਰ, ਟੀ.ਵੀ. ਰੇਡੀਓ, ਵੀ.ਸੀ.ਆਰ.; ਪੱਖੇ, ਕਾਰਾਂ, ਸੋਫੇ, ਮੰਜੇ, ਡਾਈਨਿੰਗ ਸੈੱਟ, ਅਤੇ ਆਮਵਰਤੋਂ ਦੀਆਂ ਹੋਰ ਅਨੇਕਾਂ ਮਸ਼ੀਨੀ ਵਸਤਾਂ ਹਨ ਜੋ ਜੀਵਨ ਨੂੰ ਦਿਲਚਸਪ, ਸੁਖਦਾਈ ਅਤੇ ਖੁਸ਼ੀਆਂ ਵਾਲਾ ਬਣਾਉਂਦੀਆਂ ਹਨ। ਇਸ ਵਿਚ ਨਿਸਚੇ ਹੀ ਮਨੁਖੀ ਵਿਵਹਾਰ ਆਪਣਾ ਚੰਗਾ/ਮੰਦਾ ਪ੍ਰਭਾਵ ਵੀ ਪਾਉਂਦਾ ਹੈ ਜਿਸ ਨਾਲ ਇਹ ਸਾਰੀਆਂ ਸਹੂਲਤਾਂ ਹੋਰ ਵੀ ਅਰਥ ਭਰਪੂਰ ਜਾਂ ਨਿਰਾਰਥਿਕ ਹੋ ਨਿਬੜੀਆਂ ਹਨ। ਇਹ ਇਕ ਵੱਖਰਾ ਵਿਸ਼ਾ ਹੈ।

ਸਨਅਤੀ-ਟੈਕਨੀਕਲ ਵਿਕਾਸ ਦੇ ਪ੍ਰਭਾਵ ਹੇਠ ਪਿਛਲੇ ਜਾਗੀਰੂ ਸਮਾਜ ਦੇ ਰਹਿਣ-ਸਹਿਣ, ਆਦਤਾਂ, ਸੋਚਾਂ, ਮਨੌਤਾਂ, ਵਿਵਹਾਰ, ਪਰਵਾਰਿਕ ਬਣਤਰ, ਪਰਵਾਰਿਕ ਸੰਬੰਧਾਂ, ਧਰਮ ਪ੍ਰਤੀ ਬੰਧਨ ਰਹਿਤ ਪਹੁੰਚ, ਇਸਤਰੀ-ਪੁਰਸ਼ ਦੇ ਸੰਬੰਧਾਂ, ਵਿਆਹ ਦੇ ਸਥਾਪਤ ਜਾਗੀਰੂ ਸੰਕਲਪ, ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ, ਪਰਵਾਰਕ ਦੀ ਥਾਂ ਨਿੱਜੀ ਆਰਥਿਕ ਹਿੱਤਾਂ ਦਾ ਉਭਰਨਾ, ਰੋਜ਼ਗਾਰ/ਕਿੱਤੇ ਦੀ ਨਿਸਚਤਿਤਾ ਆਦਿ ਹੋਰ ਅਨੇਕਾਂ ਜੀਵਨ ਪਹਿਲੂ ਆਪਣਾ ਪਹਿਲਾ ਰੂਪ ਬਦਲ ਲੈਂਦੇ ਹਨ।

ਭਾਰਤੀ ਸਮਾਜ ਵਿਚ ਅੱਜ ਜੋ ਅਫਰਾ-ਤਫਰੀ ਮੱਚੀ ਹੋਈ ਹੈ ਇਹ ਸਮਾਜ ਦੇ ਇਕ ਸਟੇਜ ਤੋਂ ਦੂਜੀ ਸਮਾਜਿਕ ਸਟੇਜ ਵਿਚ ਪਰੀਵਰਤਨ ਦੇ ਅਮਲ ਦੇ ਸਿੱਟੇ ਵਜੋਂ ਹੈ। ਜੋ ਸ਼ਕਤੀਆਂ ਸਮਾਜ ਵਿਚ ਤਬਦੀਲੀ ਜਾਂ ਵਿਕਾਸ ਦੇ ਵਿਰੁੱਧ ਹਨ ਉਹ ਅਣਜਾਣੇ ਹੀ ਆਪਣੇ ਰੂੜੀਵਾਦੀ ਵਿਚਾਰਾਂ ਦੇ ਪ੍ਰਭਾਵ ਹੇਠ ਜਾਂ ਅਗਵਾਈ ਵਿਚ ਆਪਣਾ ਰੋਲ ਅਦਾ ਕਰਦੀਆਂ ਹਨ। ਇਹ ਪਿਛਲਮੁਖੀ ਸ਼ਕਤੀਆਂ ਆਪਣੀ ਪੂਰੀ ਵਾਹ ਲਾ ਕੇ ਸਮੇਂ ਦੀ ਸ਼ਕਤੀਸ਼ਾਲੀ ਰਫਤਾਰ ਨੂੰ ਰੋਕਣ ਦਾ ਯਤਨ ਕਰਦੀਆਂ ਹਨ, ਪਰ ਇਸ ਨੂੰ ਰੋਕ ਸਕਣਾ ਉਹਨਾਂ ਦੇ ਵੱਸ ਵਿਚ ਨਹੀਂ ਹੁੰਦਾ। ਪੱਛਮੀ ਦੇਸ਼ਾਂ ਵਿੱਚ ਵੀ ਇਹੋ ਅਮਲ ਵੱਖਰੇ ਰੂਪਾਂ ਵਿਚ ਹੋਇਆ ਸੀ, ਜੋ ਫਰਾਂਸ ਦੇ ਇਨਕਲਾਬ ਦੀ ਫਤਿਹ ਪਿਛੋਂ ਅੱਗੇ ਹੀ ਵਧਦਾ ਗਿਆ। ਦੂਜੇ ਪਾਸੇ ਬਸਤੀਵਾਦੀ ਹਾਕਮ ਜਮਾਤਾਂ ਆਪਣੇ ਵਿਸ਼ਾਲ ਕਾਰਜ ਖੇਤਰ

ਵਿਚ, ਪਿਛਲਮੁਖੀ ਜਾਗੀਰੂ ਅਤੇ ਚਰਚ ਦੀਆਂ ਸ਼ਕਤੀਆਂ ਨੂੰ ਕੁਚਲਣ ਵਿਚ ਸਫਲ ਰਹੀਆਂ ਸਨ। ਪਛਮੀ ਦੇਸ਼ਾਂ ਵਿਚ ਸਨਅਤੀ ਵਿਕਾਸ ਦੇ ਕਾਰਨ ਪੂੰਜੀਵਾਦੀ ਜਮਾਤਾਂ ਨੇ ਜਾਗੀਰੂ ਜਮਾਤਾਂ ਨੂੰ ਆਪਣੇ ਵਿਚ ਸੌਖਿਆਂ ਹੀ ਸਮੋ ਲਿਆ ਸੀ, ਜਿਸ ਨਾਲ ਜਾਗੀਰੂ ਸੱਭਿਆਚਾਰ ਦਾ ਸੱਨਅਤੀ ਸਭਿਆਚਾਰ ਵਿਚ ਰੂਪਾਂਤਰਨ ਹੋ ਕੇ ਅਜੋਕੀ ਪੱਛਮੀ ਸਭਿਅਤਾ ਨੂੰ ਉਸਾਰਨ ਦਾ ਵਸੀਲਾ ਬਣਿਆ। ਭਾਰਤੀ ਪੂੰਜੀਵਾਦੀ ਜਮਾਤਾਂ ਨੇ ਸੁਤੰਤਰਤਾ ਤੋਂ ਪਿਛੋਂ ਦੇ ਦੌਰ ਵਿਚ ਆਪਣੇ ਰਾਜਸੀ ਆਧਾਰ ਦੀ ਕਮਜ਼ੋਰੀ ਨੂੰ ਸਮਝਦਿਆਂ, ਰਾਜਸੀ ਹਿੱਤਾਂ ਦੀ ਪੂਰਤੀ ਲਈ ਜਾਂ ਸਮਾਜਿਕ-ਇਤਿਹਾਸਕ ਪ੍ਰਭਾਵਾਂ ਦੇ ਹੇਠ, ਜਾਗੀਰੂ ਜਮਾਤਾਂ ਨਾਲ ਜੋ ਸੱਤਾ-ਸਾਂਝੀਦਾਰੀ ਸਮਝੌਤਾ ਕੀਤਾ ਸੀ ਉਹ ਭਵਿੱਖ ਵਿਚ ਉਸਦੇ ਸਿੱਟਿਆਂ ਨੂੰ ਸਮਝਣ-ਦੇਖਣ ਤੋਂ ਅਸਮਰੱਥ ਸਨ। ਜੇ ਕਰ ਭਾਰਤੀ ਪੂੰਜੀਵਾਦੀ ਹਾਕਮ ਜਮਾਤਾਂ ਆਪਣੇ ਆਰਥਿਕ ਵਿਕਾਸ ਦੇ ਇਤਿਹਾਸਕ ਫਰਜ਼ ਨੂੰ ਨਿਭਾਉਣ ਦਾ ਹੌਸਲਾ ਕਰਦੀਆਂ ਤਾਂ ਅਜੇ ਭਾਰਤ ਜਿਸ ਸਮਾਜਿਕ ਅਫਰਾ-ਤਫਰੀ ਅਤੇ ਰਾਜਨੀਤਕ ਅਸਥਿਰਤਾ ਵਿਚ ਫਸਿਆ ਹੋਇਆ ਨਾ ਹੁੰਦਾ। ਅਤੇ ਨਾ ਹੀ ਜਾਗੀਰੂ ਸ਼ਕਤੀਆਂ ਅੱਜ ਜਿੰਨੀਆਂ ਤਕੜੀਆਂ ਰਹਿੰਦੀਆਂ, ਜਿਨ੍ਹਾਂ ਦੇ ਕਾਰਨ ਹੀ ਬੁਨਿਆਦ ਪ੍ਰਸਤੀ ਅਜੋਕੇ ਰੂਪ ਵਿਚ ਸ਼ਕਤੀਸ਼ਾਲੀ ਬਣ ਉਭਰੀ ਹੈ। ਪਰ ਇਸ ਤਰ੍ਹਾਂ ਕਰਨ ਨਾਲ ਪੂੰਜੀਵਾਦੀ ਸ਼ਕਤੀਆਂ ਦਾ ਡਰ ਸੱਚਾ ਹੋ ਨਿਕਲਣਾ ਸੀ ਕਿ ਲੋਕ ਜਮਹੂਰੀ ਸ਼ਕਤੀਆਂ ਮੋਹਰੀ ਬਣ ਨਿਕਲਣ ਗੀਆਂ।

ਭਾਰਤ ਦੀ ਅਜੋਕੀ ਸਨਅਤੀ ਤਰੱਕੀ, ਫਿਰ ਵੀ ਬਿਨਾਂ ਸ਼ੱਕ, ਆਪਣੇ ਨਿਵੇਕਲੇ ਰੂਪ ਵਿਚ ਭਾਰਤੀ ਸਭਿਅਤਾ ਨੂੰ ਭਵਿੱਖ ਵਿਚ ਪੱਛਮੀ ਸਭਿਅਤਾ ਦੇ ਪੈਟਰਨ ਉਪਰ ਵਿਕਸਤ ਕਰ ਸਕਣ ਦੇ ਸਮਰਥ ਹੈ। ਇਸ ਦੇ ਉਭਰਵੇਂ ਰੂਪ ਦੇਸ਼ ਦੇ ਸ਼ਹਿਰਾਂ ਅਤੇ ਸਨਅਤੀ-ਵਿਪਾਰਕ ਕੇਂਦਰਾਂ ਵਿਚ ਪਛਾਨਣੇ ਔਖੇ ਨਹੀਂ ਹਨ। ਇਹ ਇਕ ਵੱਖਰਾ ਵਿਸ਼ਾ ਹੈ ਕਿ ਭਾਰਤ ਦੇ ਆਮ ਲੋਕ ਇਸ ਉੱਚੀ ਸੱਭਿਅਤਾ ਦੇ ਸੁਖਾਂ ਨੂੰ ਮਾਣ ਵੀ ਸਕਣਗੇ? ਜੇ ਹਾਂ, ਤਾਂ ਕਦੋਂ? ਕੀ ਇਹ ਰਾਜਨੀਤਕ ਆਰਥਿਕ ਕਰਾਂਤੀ ਦੁਆਰਾ ਹੋਵੇਗਾ ਜਾਂ ਸਹਿਜ ਵਿਕਾਸ ਦੁਆਰਾ?

ਭਾਰਤ ਵਿੱਚ ਪੱਛਮੀ ਸਭਿਅਤਾ ਦੀ ਪੱਧਰ ਦੀ ਸਾਰਥਿਕਤਾ ਤਾਂ ਤਦ ਹੀ ਹੋਵੇਗੀ ਜੇ ਕਰ ਇਸ ਦਾ ਸਮੁੱਚੀ ਵਸੋਂ ਨੂੰ ਲਾਭ ਹੋਵੇਗਾ। ਸਮਾਜ ਵਿੱਚ ਅਸਾਵਾਂਪਨ ਵਿਰੋਧਾਂ ਨੂੰ ਜਨਮ ਦਿੰਦਾ ਹੈ, ਵਿਰੋਧ ਸੰਘਰਸ਼ਾਂ ਨੂੰ ਜਨਮ ਦਿੰਦੇ ਹਨ ਅਤੇ ਇਸ ਤਰਾਂ ਸਮਾਜਕ ਵਿਕਾਸ ਅੱਗੇ ਵਧਦਾ ਹੈ। ਇਹ ਇਕ ਜਟਿਲ ਸਮਾਜਿਕ ਅਮਲ ਹੈ ਜੋ ਅੱਜ ਜਾਰੀ ਹੈ।

ਸਫਾ 35 ਦੀ ਬਾਕੀ

ਨੇ ਇਸ ਦਵਾਈ ਦੀ ਵਿਕਰੀ ਤੇ ਅਮਰੀਕਾ ਵਿਚ ਪਾਬੰਦੀ ਲਾ ਦਿੱਤੀ। ਪਰ ਇਹ ਦਵਾਈ ਕੋਸਟਾ ਰੀਕਾ ਦੀ ਸਟੈਂਡਰਡ ਕੰਪਨੀ ਨੂੰ ਬਰਾਬਰ ਸਪਲਾਈ ਹੁੰਦੀ ਰਹੀ ਅਤੇ ਉੱਥੋਂ ਦੇ ਖੇਤ ਮਜ਼ਦੂਰ ਇਸ ਦੀ ਵਰਤੋਂ ਕਰਦੇ ਰਹੇ। ਅੰਤ ਵਿਚ ਸੰਨ 1979 ਵਿਚ ਕੋਸਟਾ ਰੀਕਾ ਦੀ ਸਰਕਾਰ ਨੇ ਸਟੈਂਡਰਡ ਫਰੂਟ ਕੰਪਨੀ ਤੇ ਦਬਾਅ ਪਾਕੇ DBCP ਦੀ ਵਰਤੋਂ ਬੰਦ ਕਰਵਾ ਦਿੱਤੀ ਪਰ ਉਦੋਂ ਤੱਕ ਉੱਥੋਂ ਸੈਂਕੜੇ ਮਜ਼ਦੂਰ ਬੱਚਾ ਪੈਦਾ ਕਰ ਸਕਣ ਦੀ ਆਪਣੀ ਯੋਗਤਾ ਗਵਾ ਚੁੱਕੇ ਸਨ।

ਕੋਸਟਾ ਰੀਕਾ ਦੀ ਸਰਕਾਰ ਵਲੋਂ ਇਹ ਦਵਾਈ ਦੀ ਵਰਤੋਂ ਤੇ ਰੋਕ ਲਾਉਣ ਬਾਅਦ ਸਟੈਂਡਰਡ ਫਰੂਟ ਕੰਪਨੀ ਨੇ ਬਾਕੀ ਬਚਦੀ ਦਵਾਈ ਹਾਂਡੂਰਸ ਵਿਚ ਆਪਣੇ ਫਾਰਮਾਂ ਵਿਚ ਵਰਤੋਂ ਕਰਨ ਲਈ ਭੇਜ ਦਿੱਤੀ। ਹਾਂਡੂਰਸ ਕੋਸਟਾ ਰੀਕਾ ਨਾਲੋਂ ਗਰੀਬ ਹੈ ਅਤੇ ਉੱਥੋਂ ਦੀ ਸਰਕਾਰ ਆਪਣੇ ਦੇਸ਼ਵਾਸੀਆਂ ਦੀ ਸਿਹਤ ਦੀ ਰਾਖੀ ਕਰਨ ਤੋਂ ਅਸਮਰਥ ਜਾਪਦੀ ਹੈ।

ਉਪਰੋਕਤ ਕਹਾਣੀ ਤਾਂ ਸਿਰਫ ਇਕ ਦਵਾਈ ਦੀ ਕਹਾਣੀ ਹੈ, ਪਰ ਇਸ ਬਾਰੇ ਸਹੀ ਤਸਵੀਰ ਇਸ ਤੋਂ ਕਾਫੀ ਵੱਡੀ ਹੈ। ਅਮਰੀਕਨ ਕੰਪਨੀਆਂ ਵਲੋਂ ਹਰ ਸਾਲ 500 ਮਿਲੀਅਨ (50 ਕਰੋੜ) ਪੌਂਡ ਜ਼ਹਿਰੀਲੀਆਂ ਕੀਟਨਾਸ਼ਕ ਦਵਾਈਆਂ ਅਣਵਿਕਸਤ ਦੇਸ਼ਾਂ ਨੂੰ ਭੇਜੀਆਂ ਜਾਂਦੀਆਂ ਹਨ। ਇਹਨਾ ਦਵਾਈਆਂ ਵਿਚ ਉਹ ਦਵਾਈਆਂ ਵੀ ਹੁੰਦੀਆਂ ਹਨ ਜਿਹਨਾ ਦੀ ਵਰਤੋਂ ਉੱਪਰ ਅਮਰੀਕਾ ਵਿਚ ਰੋਕ ਲੱਗੀ ਹੁੰਦੀ ਹੈ। ਇਹ ਸੱਭ ਕੁੱਝ ਇਸ ਕਰਕੇ ਹੁੰਦਾ ਹੈ ਕਿਉਂਕਿ ਅਮਰੀਕਾ ਦਾ ਕਾਨੂੰਨ ਇਸ ਗੱਲ ਦੀ ਇਜਾਜ਼ਤ ਦਿੰਦਾ ਹੈ ਕਿ ਅਮਰੀਕਨ ਕੰਪਨੀਆਂ ਅਜਿਹੀਆਂ ਦਵਾਈਆਂ ਜਿਹਨਾ ਦੀ ਵਰਤੋਂ ਉੱਪਰ ਅਮਰੀਕਾ ਵਿਚ ਰੋਕ ਲੱਗ ਚੁੱਕੀ ਹੈ, ਬਾਹਰਲੇ ਦੇਸ਼ਾਂ ਨੂੰ ਭੇਜਣ ਲਈ ਬਣਾ ਸਕਦੀਆਂ ਹਨ। ਇਹ ਕਾਨੂੰਨ ਅਸਿੱਧੇ ਰੂਪ ਵਿਚ ਕਹਿੰਦਾ ਹੈ ਕਿ ਅਮਰੀਕਨ ਹੁਕਮਰਾਨਾ ਅਨੁਸਾਰ ਸਿਰਫ ਅਮਰੀਕਾ ਵਿਚ ਵਸਣ ਵਾਲੇ ਲੋਕ ਹੀ ਇਨਸਾਨ ਹਨ ਅਤੇ ਦੂਜੇ ਹਿੱਸਿਆਂ ਵਿਚ-ਖਾਸ ਕਰਕੇ ਅਣਵਿਕਸਤ ਦੇਸ਼ਾਂ ਵਿਚ- ਰਹਿਣ ਵਾਲੇ ਲੋਕ ਕੁੱਝ ਵੀ ਨਹੀਂ ਹਨ। (ਦੀ ਪ੍ਰੋਗਰੈਸਿਵ, ਵੌਲੀਅਮ 55, ਨੰ 4, ਅਪ੍ਰੈਲ 91 'ਚ ਛਪੀ ਰੀਪੋਰਟ ਤੇ ਆਧਾਰਤ)


# MINT AUTO BODY LTD.

* Complete Professional Auto Body repairs and Refinishing on all makes and models
* I.C.B.C. claims handled promptly
* Complete framework
* UNI-Body repairs
* All work conditionally guranteed
* Free estimates
* Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

ਫੋਨ: ਭੁਪਿੰਦਰ(ਬੋਬ) ਸਹੋਤਾ

433-1207

5590 LANE ST. BURNABY, B.C.

# ਪੁਸਤਕ ਪਰਿਚੈ

## <u>ਪਾਣੀ ਦਾ ਪਰਛਾਵਾਂ</u> (ਕਾਵਿ ਸੰਗ੍ਰਿਹ)

### ਲੇਖਕ: ਇਕਬਾਲ ਰਾਮੂਵਾਲੀਆ

'ਸੁਲਘਦੇ ਅਹਿਸਾਸ' (1973), ਦੋ ਹੋਰ ਕਵੀਆਂ ਨਾਲ ਸਾਂਝੇ ਕਾਵਿ-ਸੰਗ੍ਰਿਹ 'ਤਿੰਨ ਕੋਣ' (1979) ਅਤੇ 'ਕੁਝ ਵੀ ਨਹੀਂ' (1984) ਤੋਂ ਬਾਅਦ 'ਪਾਣੀ ਦਾ ਪਰਛਾਵਾਂ' (1991) ਇਕਬਾਲ ਰਾਮੂਵਾਲੀਆ ਦਾ ਨਵਾਂ ਕਾਵਿ-ਸੰਗ੍ਰਿਹ ਹੈ।

ਫਿਰਕੂ ਜਨੂੰਨ ਨੇ ਪੰਜਾਬ ਦਾ ਪੀਣ ਪਾਣੀ ਗੰਧਲਾ ਕਰ ਦਿੱਤਾ ਹੈ। ਸਿੱਟੇ ਵਜੋਂ ਜੋ ਖ਼ੂਨੀ ਪਰਛਾਵੇਂ ਦੇਸ ਦੇ ਪੰਜਾਬੀ/ਹਿੰਦੁਸਤਾਨੀ ਭਾਈਚਾਰੇ ਉੱਤੇ ਪਏ ਹਨ, ਉਹਨਾਂ ਪਰਛਾਵਾਂ ਦਾ ਸ਼ਾਇਰਾਨਾ ਬਿਆਨ 'ਪਾਣੀ ਦਾ ਪਰਛਾਵਾਂ' ਦਾ ਮੁੱਖ ਵਿਸ਼ਾ ਹੈ।

'ਪਾਣੀ ਦਾ ਪਰਛਾਵਾਂ' ਨਾਮ ਦੀ ਜਿਸ ਕਵਿਤਾ 'ਤੇ ਇਸ ਕਾਵਿ-ਸੰਗ੍ਰਿਹ ਦਾ ਨਾਮ ਰੱਖਿਆ ਗਿਆ ਹੈ, ਉਸ ਦੀਆਂ ਆਰੰਭਕ ਸਤਰਾਂ ਹਨ:

> ਮੈਂ ਪਾਣੀ ਦਾ ਪਰਛਾਵਾਂ
> ਗੰਧਲ ਗਿਆ ਪਾਣੀ
> ਮੈਂ ਤਾਂ ਸਾਵੇਂ ਦਾ ਸਾਵਾਂ
> ਗੰਧਲ ਗਿਆ ਪਾਣੀ

ਅਤੇ ਅੰਤਮ ਸਤਰਾਂ ਹਨ:

> ਮੈਂ ਪਾਣੀ ਵਿਚ
> ਮੁੜ ਮੁੜ ਦੇਖਾਂ
> ਕਿਉਂ ਮੱਛੀਆਂ
> ਬਣ ਗਈਆਂ ਮੇਖਾਂ
> ਕੀ ਕੀਤੇ ਪਾਪ ਤਲਾਵਾਂ
> ਗੰਧਲ ਗਿਆ ਪਾਣੀ

ਇਸ ਕਵਿਤਾ 'ਚੋਂ ਜਿੱਥੇ ਇਸ ਪੁਸਤਕ ਦੇ ਮੁੱਖ ਵਿਸ਼ੇ (ਫਿਰਕੂ ਜਨੂੰਨ) ਦੀ ਟੋਹ ਮਿਲਦੀ ਹੈ, ਉੱਥੇ ਇਕਬਾਲ ਦੀ ਸਮੁੱਚੀ ਸਮਰੱਥਾ ਦੀ ਟੋਹ ਵੀ ਮਿਲਦੀ ਹੈ। ਗੰਧਲ ਗਏ ਪਾਣੀ ਵਿਚ ਸਾਵੇਂ ਦਾ ਸਾਵਾਂ ਹੋਣਾ; ਮੱਛੀਆਂ ਦੇ ਮੇਖਾਂ ਬਣਨ ਬਾਰੇ ਅਤੇ ਤਲਾਵਾਂ ਦੇ ਪਾਪੀ ਹੋ ਜਾਣ ਬਾਰੇ ਪ੍ਰਸ਼ਨ ਕਰਨਾ, ਇਕਬਾਲ ਦੀ ਮੌਲਕਤਾ ਦੀ ਗਵਾਹੀ ਹੈ। ਜਿਸ ਪਾਣੀ ਨੂੰ 'ਪੰਜ-ਆਬ' ਦੇ ਸੱਭਿਆਚਾਰ ਵਿਚ ਵਿਸ਼ੇਸ਼ ਮਹੱਤਤਾ ਹਾਸਲ ਹੈ, ਉਸ ਪਾਣੀ ਵਿਚ ਹੁਣ ਗਤੀਸ਼ੀਲਤਾ ਅਤੇ ਨਿਰਮਲਤਾ ਦੀ ਥਾਂ, ਗਤੀਹੀਣਤਾ ਅਤੇ ਗੰਧਲਤਾ ਆ ਗਈ ਹੈ। "ਪੰਜਾਂ ਹੀ ਦਰਿਆਵਾਂ 'ਚ ਹੁਣ ਹਲਕੇ ਹੋਏ ਕਤੂਰਿਆਂ ਦਾ ਪੇਸ਼ਾਬ ਵਗਦਾ ਹੈ" (ਗੋਰਖ ਨਾਥ) - ਇਹ ਪਾਣੀ ਨਾ ਹੁਣ ਪੀਣ ਯੋਗ ਰਿਹਾ ਹੈ ਅਤੇ ਨਾ ਕਿਸੇ ਹਰਿਆਲੀ ਦਾ ਪਾਲਣ ਹਾਰਾ ਰਿਹਾ ਹੈ - ਹੁਣ ਤਾਂ ਪਾਣੀ ਵਿਚਲੀਆਂ ਮੱਛੀਆਂ ਵੀ ਮੇਖਾਂ ਬਣ ਗਈਆਂ ਹਨ।

ਇਕਬਾਲ ਦੀਆਂ ਅਨੇਕਾਂ ਕਵਿਤਾਵਾਂ, ਐਸੇ ਤਰਾਂ,ਫਿਰਕੂ ਜਨੂੰਨ ਦੀ ਜਟਿਲਤਾ ਦੀਆਂ ਵੱਖ ਵੱਖ ਪਰਤਾਂ ਫਰੋਲਦੀਆਂ ਹਨ: ਹਾਕਮ ਜਮਾਤਾਂ ਦੀ ਵੋਟਾਂ ਬਟੋਰਨ ਦੀ ਸਾਜ਼ਸ਼; ਧਰਮ ਦਾ ਨਖਿੱਧ ਰੋਲ; ਸਹੀ ਦੁਸ਼ਮਣਾਂ ਦੀ ਥਾਂ ਲੋਕਾਂ ਵੱਲ ਸੇਧੇ ਹਥਿਆਰਾਂ ਨਾਲ ਹੋ ਰਹੀ ਤਬਾਹੀ; ਫਿਰਕੂ ਪੱਤਰਕਾਰੀ ਦਾ ਆਪਣੀ ਵਿਕਰੀ ਵਧਾਉਣ ਲਈ ਇਸ ਅੱਗ ਨੂੰ ਭੜਕਾਉਣ ਵਿਚ ਘਾਤਕ ਸਵਾਰਥ; ਹਕੂਮਤੀ ਅਤੇ ਫਿਰਕੂ ਦਹਿਸ਼ਤਗਰਦੀ ਹੱਥੋਂ ਸ਼ਾਇਰਾਂ ਅਤੇ ਬੁੱਧੀਜੀਵੀਆਂ ਦੇ ਕਤਲ; ਆਉਣ ਵਾਲੀ ਪੀੜ੍ਹੀ/ਸਾਡੇ ਬੱਚਿਆਂ ਅਤੇ ਬੱਚਿਆਂ ਦੇ ਬੱਚਿਆਂ 'ਤੇ ਇਸ ਦਾ ਸਥਾਈ/ਅਸਥਾਈ ਅਸਰ; ਕਲਮ ਅਤੇ ਬੰਦੂਕ ਦਾ ਰਿਸ਼ਤਾ... ... ।

ਇਹ ਸਭ ਸਾਡੇ ਜਾਣੇ ਪਛਾਣੇ ਵਿਸ਼ੇ ਹਨ, ਪਰ ਮਹੱਤਵਪੂਰਨ ਗੱਲ ਇਹ ਹੈ ਕਿ ਇਕਬਾਲ ਇਹਨਾਂ ਵਿਸ਼ਿਆਂ ਨੂੰ ਪ੍ਰਤੀਕਾਂ ਅਤੇ ਸ਼ਬਦ-ਚਿਤਰਾਂ ਦੇ ਨਵੇਂ ਰੂਪ ਨਾਲ ਇੱਕ ਮਿੱਕ ਕਰਕੇ ਪ੍ਰਮਾਣਕ ਕਵਿਤਾ ਦੀ ਸਿਰਜਣਾ ਕਰਦਾ ਹੈ। ਉਦਾਹਰਣ ਵਜੋਂ 'ਉਹ ਯੁੱਧ ਨਹੀਂ ਸੀ' ਕਵਿਤਾ ਵਿਚ ਉਹ ਹਿੰਦੂ ਅਤੇ ਸਿੱਖ ਫਿਰਕੂ ਜਨੂੰਨੀਆਂ ਨੂੰ 'ਪਰਛਾਵੇਂ' ਵਰਗਾ ਭਾਵਪੂਰਤ ਨਾਮ ਦਿੰਦਾ ਹੈ। ਪਰਛਾਵਿਆਂ ਦਾ ਕੋਈ ਸੁਤੰਤਰ ਵਜੂਦ ਨਹੀਂ ਹੁੰਦਾ। ਮੌਸਮ ਅਨੁਸਾਰ 'ਪਰਛਾਵੇਂ' ਖੂਬਸੂਰਤ, ਕਰੂਪ, ਵੱਡੇ ਜਾਂ ਛੋਟੇ ਵੀ ਹੋ ਸਕਦੇ ਹਨ; ਚਾਨਣ-ਹਨੇਰੇ ਦੀ ਹੋਂਦ ਅਨੁਸਾਰ 'ਪਰਛਾਵੇਂ' ਸਪੱਸ਼ਟ, ਅਸਪੱਸ਼ਟ ਜਾਂ ਅਲੋਪ ਵੀ ਹੋ ਸਕਦੇ ਹਨ। ਜਿਹੜੇ "ਬੀੜ ਦੇ ਕੈਲਾਸ਼ ਲਈ ਮੁੱਠੀਆਂ ਢੂੰਡਦੇ ਰਹੇ" ਅਤੇ "ਵੇਦਾਂ ਦੀ ਡੂੰਘਾਈ ਸਾਂਭਣ ਲਈ ਹੱਥਾਂ ਦੀਆਂ ਲਕੀਰਾਂ" ਢੂੰਡਦੇ ਰਹੇ, ਉਹਨਾਂ ਨੂੰ 'ਪਰਛਾਵੇਂ' ਕਹਿਕੇ; ਅਤੇ ਖ਼ੂਨ ਦੀ ਨਦੀ ਵਿਚ "ਮੰਦਰ ਦਾ ਕਲਸ ਅਤੇ ਗੁਰਦੁਆਰੇ ਦਾ ਗੁੰਬਦ ਡੁੱਬਣ" ਦੀ ਪ੍ਰਤੀਕ ਸਿਰਜਣਾ ਕਰਕੇ ਇਕਬਾਲ 'ਪਾਣੀ ਦਾ ਪਰਛਾਵਾਂ' ਟਾਈਟਲ ਨੂੰ ਵੀ ਬਹੁ-ਅਰਥਕ ਕਲਾਤਮਕ ਡੂੰਘਾਈ ਪਰਦਾਨ ਕਰਦਾ ਹੈ।

ਇਕਬਾਲ ਦੀ ਕਵਿਤਾ ਵਿਚ ਜ਼ਖਮਾਂ, ਹਥਿਆਰਾਂ ਅਤੇ ਸੰਗੀਤ ਨਾਲ ਸੰਬੰਧਤ ਪ੍ਰਤੀਕਾਂ ਅਤੇ ਸ਼ਬਦ-ਚਿਤਰਾਂ ਦੀ ਬਹੁਲਤਾ ਹੈ:

- ਜ਼ਖਮੀ ਅੱਖਰ, ਜ਼ਖਮੀ ਚੰਦ, ਜ਼ਖਮੀ ਸ਼ਹਿਰ, ਡੂੰਘੇ ਜ਼ਖਮ, ਜ਼ਖਮੀ ਗੋਰਖ, ਜ਼ਖਮੀ ਘੋੜੇ, ਜ਼ਖਮੀ ਪੇਟ, ਜ਼ਖਮੀ ਹਰਫ਼, ਅਦਿਸਦੇ ਜ਼ਖਮ

- ਬੰਬਾਂ ਦੇ ਚਿਹਰੇ, ਲਿਸ਼ਕਦੀ ਕਿਰਪਾਨ, ਬੰਦੂਕ ਦੀ ਨਾਲੀ, ਛੁਰੀਆਂ, ਮਸ਼ੀਨ ਗੰਨਾਂ, ਤਰਸ਼ੂਲੀ ਚੁਰੱਸਤੇ, ਕਟਾਰ ਹੋ ਗਿਆ ਮਰਦਾਨਾ, ਕਾਰਤੂਸਾਂ ਦੇ ਪਰਦੇ, ਗਰੰਥਾਂ ਦੇ ਵਰਕਿਆਂ ਦੀਆਂ ਛੁਰੀਆਂ, ਖੂਂਦੀ ਤਲਵਾਰ, ਬਦਕਾਰ ਰਫ਼ਲ, ਖੰਜਰ ਜਾਂ ਤੇਗ਼, ਆਰਾ ਬਣੀ ਘੜੀ, ਬਲੇਡ, ਚਾਕੂ ਛੁਰੇ, ਖੰਡੇ ਅਤੇ ਤਰਸ਼ੂਲ ਦੇ ਡਖਦੇ ਸਿਰ, ਮੇਖਾਂ, ਬੇਸੁਰੇ ਹਥਿਆਰ

- ਸੰਖ, ਬੰਸਰੀ, ਤੂੰਬੜੀਆਂ, ਤਾਰ ਤੇ ਸਾਜ਼, ਸੁਲਘਦਾ ਸੰਗੀਤ, ਜਲ ਰਿਹਾ ਸੰਗੀਤ, ਸਿਤਾਰ, ਰਬਾਬ, ਬੇਸੁਰੇ ਹੱਥ, ਬੇਸੁਰੇ ਹਥਿਆਰ

ਜ਼ਖਮਾਂ, ਹਥਿਆਰਾਂ ਅਤੇ ਸੰਗੀਤ ਦੇ ਸ਼ਬਦ-ਚਿਤਰਾਂ ਨੂੰ ਇੱਕ ਸੁਰ ਕਰਕੇ ਇਕਬਾਲ ਨੇ ਪੰਜਾਬ ਦੇ ਦਰਦ ਨੂੰ ਇਸ ਤਰ੍ਹਾਂ ਬਿਆਨਿਆ ਹੈ:

> ਮੈਂ ਮੈਦਾਨੇ ਜੰਗ ਨੂੰ
> ਮਹਿਫ਼ਲ 'ਚ ਤਾਂ ਦੇਵਾਂ ਬਦਲ
> ਬੇਸੁਰੇ ਹੱਥ ਤੇ ਮਗਰ
> ਹਥਿਆਰ ਵੀ ਨੇ ਬੇਸੁਰੇ

ਹਥਿਆਰਾਂ ਨੂੰ ਬੇਸੁਰੇ ਕਹਿ ਕੇ ਉਸਨੇ ਹਥਿਆਰਾਂ ਨੂੰ ਅਤੇ ਸੰਗੀਤ ਨੂੰ ਇਕੱਠਾ ਕਰ ਦਿੱਤਾ ਹੈ - ਬੇਸੁਰੇ ਹਥਿਆਰਾਂ ਨੇ ਜਿਵੇਂ ਪੰਜਾਬ ਦੀਆਂ ਮਹਿਫ਼ਲਾਂ ਨੂੰ, ਪੰਜਾਬ ਦੀ ਸੰਕੀਰਨਤਾ ਨੂੰ, ਪੰਜਾਬ ਦੇ ਸਭਿਆਚਾਰ ਵਿਚ ਰਸੇ ਹੋਏ ਸੰਗੀਤ ਨੂੰ ਜ਼ਖਮੀ ਕੀਤਾ ਹੈ, ਉਸਨੂੰ ਇਕਬਾਲ ਦੀ ਕਵਿਤਾ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਚਿਤਰਿਆ ਹੈ।

ਫਿਰਕੂ ਜਨੂੰਨ ਤੋਂ ਬਿਨਾਂ ਇਕਬਾਲ ਨੇ ਤਿੰਨ ਹੋਰ ਵਿਸ਼ਿਆਂ ਨੂੰ ਹੱਥ ਪਾਇਆ ਹੈ:

ਵਿਕੱਸਤ ਪੂੰਜੀਵਾਦੀ ਢਾਂਚੇ ਦੀ ਮਹਾਂ-ਨਗਰੀ ਸਭਿਅਤਾ (ਬੜਾ ਕੁਝ ਜਾਣਦਾ ਹਾਂ ਮੈਂ, ਮਹਿਮਾਨ ਨਹੀਂ ਜਾਣਦੇ, ਬਲ); ਈਸਟ ਯੂਰਪ ਦੀਆਂ ਘਟਨਾਵਾਂ (ਮਹਿਮਾਨ ਨਹੀਂ ਜਾਣਦੇ, ਗੁਸਤਾਖ਼ ਸੁਆਲ); ਮਨੁੱਖੀ ਰਿਸ਼ਤਿਆਂ ਦੀ ਕਥਾ (ਸਲੀਬ, ਮੈਂ ਨਹੀਂ ਚਾਹੁੰਦਾ, ਤੂੰ ਐਤਕੀ ਆਵੀਂ, ਸੇਕ ਦੀ ਤਲਾਸ਼, ਖਾਮੋਸ਼ੀ, ਬੜਾ ਕੁਝ ਜਾਣਦਾ ਹਾਂ)।

'ਮਹਿਮਾਨ ਨਹੀਂ ਜਾਣਦੇ' ਕਵਿਤਾ ਮਹਿਮਾਨਾਂ ਦੀ ਸਤਹੀ ਨਜ਼ਰ ਦੇ ਆਰ ਪਾਰ ਵੇਖਦੀ, ਲਿਵਿੰਗ ਰੂਮ ਤੋਂ ਬੈੱਡ ਰੂਮ ਦਾ ਸਫ਼ਰ ਕਰਦੀ ਹੋਈ, ਦੁਨੀਆਂ ਦੇ ਹਰ ਕੋਨੇ 'ਚ ਸਿਸਕਦੇ ਪੰਜਾਬ ਦੀ ਸ਼ਨਾਖ਼ਤ ਕਰਕੇ, ਪ੍ਰਮਾਣਕ ਕਵਿਤਾ ਦਾ ਇਕਾਗਰ ਪਰਭਾਵ ਸਿਰਜਦੀ ਹੈ; ਪਰ ਆਖ਼ਰੀ ਪਹਿਰੇ ਵਿਚ ਖ਼ੁਮੈਨੀ, ਗਾਂਧੀ, ਹਿਟਲਰ, ਮਾਓ, ਅਸ਼ੋਕ, ਯਾਸਰ ਅਰਾਫ਼ਾਤ, ਅਤੇ ਇਕਬਾਲ ਰਾਮੂਵਾਲੀਆ ਨੂੰ ਇਕੋ ਰੱਸੇ ਨਰੜਕੇ ਖੰਡਤ ਹੋ ਜਾਂਦੀ ਹੈ।

'ਗੁਸਤਾਖ਼ ਸੁਆਲ' ਵਿਚਲੇ ਸਵਾਲ ਮਹੱਤਵਪੂਰਨ ਹਨ ਪਰ ਇਕਬਾਲ ਨੂੰ ਖ਼ੁਦ ਹੀ ਗੁਸਤਾਖ਼ ਜਾਪਦੇ ਹਨ, ਭਾਵੇਂ ਵਿਅੰਗ ਨਾਲ ਹੀ ਸਹੀ। ਸੁਆਲਾਂ ਦੀ ਆਪਣੇ ਆਪ ਵਿਚ ਕੋਈ ਅਹਿਮੀਅਤ ਨਹੀਂ ਹੁੰਦੀ - ਸੁਆਲਾਂ ਦੀ ਅਹਿਮੀਅਤ ਉਸ ਮੰਤਵ ਵਿਚ ਛੁਪੀ ਹੁੰਦੀ ਹੈ, ਜਿਸਨੂੰ ਮੁਖ ਰੱਖਕੇ ਸੁਆਲ ਕੀਤੇ ਜਾਂਦੇ ਹਨ। ਅਸਲ ਵਿਚ ਲੋਕਾਂ ਨੂੰ ਕੋਈ ਵੀ 'ਮਖੌਟਾ' ਕਬੂਲ ਨਹੀਂ ਹੁੰਦਾ, ਭਾਵੇਂ 'ਸਮਾਜਵਾਦ' ਦਾ ਹੀ ਕਿਉਂ ਨਾ ਹੋਵੇ। ਪੂਰਬੀ ਯੂਰਪ ਦੀਆਂ ਘਟਨਾਵਾਂ ਨੂੰ ਅਤੇ ਚੀਨ ਦੀਆਂ ਘਟਨਾਵਾਂ ਨੂੰ ਮਾਰਕਸ, ਲੈਨਿਨ, ਮਾਓ ਅਤੇ ਹੋ ਚੀ ਮਿਨ੍ਹ ਦੇ ਸਿਰ ਮੜ੍ਹਕੇ ਕੋਈ ਵੀ ਸੂਝਵਾਨ ਮੁਕਤ ਨਹੀਂ ਹੋ ਸਕਦਾ: ਨਾ ਲੇਖਕ, ਨਾ ਪਾਠਕ, ਨਾ ਆਲੋਚਕ ਅਤੇ ਨਾ ਕੋਈ ਹੋਰ। ਇਕਬਾਲ ਦੀ ਕਵਿਤਾ ਨੂੰ ਆਪਣੇ 'ਗੁਸਤਾਖ਼ ਸੁਆਲਾਂ' ਨੂੰ ਸੱਚੇ-ਸੁੱਚੇ ਅਤੇ ਸਾਰਥਕ ਸੁਆਲ ਬਣਾਉਣ ਲਈ ਵਧੇਰੇ ਸਪੱਸ਼ਟਤਾ ਦੀ ਜ਼ਰੂਰਤ ਹੈ।

ਰਿਸ਼ਤਿਆਂ ਨਾਲ ਸੰਬੰਧਤ ਕਵਿਤਾਵਾਂ ਵਿਚ ਦੋਸਤੀ ਦਾ, ਲਹੂ ਦੇ ਰਿਸ਼ਤਿਆਂ ਦਾ ਮਨੁੱਖੀ ਰਿਸ਼ਤਿਆਂ ਦੀ ਸੀਮਾ ਦਾ ਅਤੇ ਓਸ ਦਰਦ ਦਾ ਭਰਵਾਂ ਜ਼ਿਕਰ ਹੈ ਜਦੋਂ ਲਹੂ ਦੇ ਰਿਸ਼ਤੇ, ਰਿਸ਼ਤਿਆਂ ਦੇ ਲਹੂ ਵਿਚ ਬਦਲ ਜਾਂਦੇ ਹਨ ਅਤੇ ਦੋਸਤਾਂ/ਮਿਹਰਬਾਨਾਂ ਦੇ "ਬੇਸਿਰੇ ਬੇਪੈਰ ਬਦਲੇ ਦਾ ਖੁਰਾ" ਲੱਭਣ ਲਈ ਕੋਈ "ਆਪਣੇ ਸੀਸ ਨੂੰ ਕਿਸੇ ਹੋਰ ਦੀ ਤਲੀ 'ਤੇ ਧਰਨ ਲਈ" ਮਜਬੂਰ ਹੋ ਜਾਂਦਾ ਹੈ। ਵਿਕੱਸਤ ਪੂੰਜੀਵਾਦੀ ਢਾਂਚੇ ਵਿਚਲੀ ਆਰਥਕ ਖ਼ੁਸ਼ਹਾਲੀ ਦਾ ਹੁਲਾਰਾ ਬਹੁਤੀ ਵਾਰੀ ਮਨੁੱਖੀ ਰਿਸ਼ਤਿਆਂ ਦੀ ਬੁਨਿਆਦ ਹਿਲਾ ਕੇ ਰੱਖ ਦਿੰਦਾ ਹੈ। ਮਮਤਾ, ਵਫ਼ਾ, ਪਿਆਰ, ਦੋਸਤੀ, ਰਿਸ਼ਤੇ ਗ਼ੈਰ-ਜ਼ਰੂਰੀ ਜਾਪਣ ਲੱਗ ਪੈਂਦੇ ਹਨ।

ਅਜਿਹੀ ਸਥਿਤੀ ਦਾ ਸਭ ਤੋਂ ਉਘੜਵਾਂ ਬਿਆਨ 'ਤੂੰ ਐਤਕੀਂ ਆਵੀਂ" ਵਿਚ ਮਿਲਦਾ ਹੈ। ਅਜਿਹੀ ਸਥਿਤੀ, ਪਰ, ਜ਼ਿੰਦਗੀ ਦਾ ਪ੍ਰਤੀਨਿਧ ਅਤੇ ਸਦੀਵੀ ਸੱਚ ਨਹੀਂ। ਵਿਕੋਲਿਤਰਾ, ਟਾਵਾਂ ਟਾਵਾਂ ਜਾਂ ਅਪ੍ਰਤੀਨਿਧ ਯਥਾਰਥ ਕਿਸੇ ਰਚਨਾਕਾਰ ਦੀ ਸਿਰਜਣਾਤਮਕ ਸ਼ਕਤੀ ਦਾ ਸੋਮਾ ਨਹੀਂ ਹੋ ਸਕਦਾ - ਸਿਰਜਣਾਤਮਕ ਸ਼ਕਤੀ ਦਾ ਸੋਮਾ ਬਣਨ ਦੀ ਸਮਰੱਥਾ ਕੇਵਲ ਪ੍ਰਤੀਨਿੱਧ ਯਥਾਰਥ ਵਿਚ ਹੀ ਹੁੰਦੀ ਹੈ। ਏਸ ਕਰਕੇ, ਨਾਂ ਤਾਂ ਰਿਸ਼ਤਿਆਂ ਦੇ ਅਜਿਹੇ 'ਸੱਚ' ਦਾ ਪ੍ਰਤੀਨਿਧ ਰਿਸ਼ਤਿਆਂ ਦੇ ਪ੍ਰਤੀਨਿਧ ਸੱਚ ਨਾਲ ਕੋਈ ਵਾਸਤਾ ਹੈ; ਅਤੇ ਨਾ ਹੀ ਅਜਿਹੀਆਂ ਰਚਨਾਵਾਂ ਦਾ ਇਕਬਾਲ ਦੀਆਂ ਪ੍ਰਤੀਨਿਧ ਕਵਿਤਾਵਾਂ ਨਾਲ ਕੋਈ ਵਾਸਤਾ ਹੈ। 'ਤੂੰ ਐਤਕੀ ਆਵੀਂ" ਕਵਿਤਾ ਦਾ 'ਪਾਣੀ ਦਾ ਪਰਛਾਵਾਂ' ਵਿਚ ਸ਼ਾਮਲ ਕੀਤੇ ਜਾਣਾ ਮੈਨੂੰ ਇਕ ਉਲਟ-ਸਿਖਰ (anti-climax) ਲੱਗਿਆ ਹੈ। ਅਸਲ ਵਿਚ ਇਕਬਾਲ ਦੀ ਪੁਸਤਕ ਇਸਤੋਂ ਪਹਿਲੀ ਕਵਿਤਾ 'ਪਾਸ਼ ਆਵੇਗਾ' 'ਤੇ ਸੰਪੂਰਨ ਹੋ ਜਾਂਦੀ ਹੈ। 'ਪਾਣੀ ਦਾ ਪਰਛਾਵਾਂ' ਵਿਚਲੀਆਂ ਬਹੁਤੀਆਂ ਕਵਿਤਾਵਾਂ ਓਸੇ ਫ਼ਿਰਕੂ ਜਨੂੰਨ ਦੇ ਪੈਦਾ ਕੀਤੇ ਜ਼ਖਮ-ਦਰਜ਼ਖਮ ਹਨ, ਜਿਹੜਾ ਫ਼ਿਰਕੂ ਜਨੂੰਨ ਪੰਜਾਬੀ ਦੇ ਮਸ਼ਹੂਰ ਸ਼ਾਇਰ ਪਾਸ਼ ਦਾ ਕਾਤਲ ਹੈ। ਬਹੁ-ਗਿਣਤੀ ਪ੍ਰਤੀਨਿਧ ਕਵਿਤਾਵਾਂ ਦੇ ਪ੍ਰਤੀਨਿਧ ਵਿਸ਼ੇ ਨਾਲ ਮੇਲ ਖਾਂਦੀ ਪ੍ਰਤੀਨਿਧ ਕਵਿਤਾ 'ਪਾਸ਼ ਆਵੇਗਾ' ਨਾਲ ਕੀਤੀ ਪੁਸਤਕ-ਸਮਾਪਤੀ ਦਾ ਪ੍ਰਭਾਵ, ਹੁਣ ਨਾਲੋਂ ਕਈ ਗੁਣਾਂ ਵੱਧ ਜਾਣਾ ਸੀ।

ਪੁਸਤਕ ਦੇ ਆਰੰਭ ਵਿਚ 'ਮੁਆਫ਼ ਕਰਨਾ' ਸਿਰਲੇਖ ਹੇਠ ਇਕਬਾਲ ਦੇ ਸੰਖੇਪ ਵਿਚਾਰ ਉਸਦੇ ਕਾਵਿਕ-ਮੈਨੀਫੈਸਟੋ ਵਜੋਂ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਇਕਬਾਲ 'ਸੱਜਰਾਪਣ ਅਤੇ ਵਿਲੱਖਣਤਾ' ਨੂੰ ਰਚਨਾ ਦਾ ਜ਼ਰੂਰੀ ਅੰਗ ਮੰਨਦਾ ਹੋਇਆ, ਇੰਨ੍ਹਾਂ ਦੀ ਤਲਾਸ਼ ਦਾ ਦਾਅਵਾ ਕਰਦਾ ਹੈ। ਪੁਸਤਕ ਪੜ੍ਹਨ ਉਪਰੰਤ ਇਹ ਗੱਲ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਇਕਬਾਲ ਨੇ ਸੱਜਰਾਪਣ ਅਤੇ ਵਿਲੱਖਣਤਾ ਦਾ ਆਪਣਾ ਦਾਅਵਾ ਨਿਪੁੰਨਤਾ ਨਾਲ ਨਿਭਾਇਆ ਹੈ। ਇਸ ਤਰਾਂ ਦੇ 'ਸ਼ਿੰਗਾਰ' ਦੀ ਕਲਪਨਾ ਕੇਵਲ ਇਕਬਾਲ ਹੀ ਕਰ ਸਕਦਾ ਹੈ:

ਸਿਵਿਆਂ ਨੂੰ ਸਿਰਜਦੇ ਹੋ  
ਸੱਜਰੀ ਹੀ ਸੇਜ ਨਾਲ  
ਸੁਰਮਾ ਤੁਸੀਂ ਹੋ ਪਾਉਂਦੇ  
ਅੱਜ ਕੱਲ੍ਹ ਬਲੇਡ ਨਾਲ

'ਮੁਆਫ਼ ਕਰਨਾ' ਵਿਚ ਇਕਬਾਲ ਨੇ ਸ਼ਾਇਰੀ, ਕਲਾ, ਸੰਵੇਦਨਸ਼ੀਲਤਾ, ਪਿੰਗਲ, ਛੰਦ ਅਤੇ ਅਪਿੰਗਲ ਬਾਰੇ ਜਿੱਥੇ ਕਈ ਠੋਸ ਅਤੇ ਪਕਰੋੜ ਗੱਲਾਂ ਕੀਤੀਆਂ ਹਨ, ਉਥੇ ਕੁਝ ਭਰਤੀ ਵੀ ਕੀਤੀ ਹੈ। ਉਦਾਹਰਣ ਵਜੋਂ:

1. "ਮੇਰੀ ਨਜ਼ਰ 'ਚ ਕਲਾ, 'ਲੋਕਾਂ' ਦੀ ਪ੍ਰਿਭਾਸ਼ਾ ਦੇ ਘੇਰੇ ਵਿਚ ਆਉਂਦੇ ਹਰ ਐਰੇ-ਗ਼ੈਰੇ ਲਈ ਨਹੀਂ ਹੋ ਸਕਦੀ।" (ਸਫ਼ਾ 12)

2. "... ਪ੍ਰੋ: ਪੂਰਨ ਸਿੰਘ ਨੂੰ ਮਹਾਨ ਕਵੀ ਕਹਿਣ ਵਾਲੇ ਲੋਕ, ਕਵਿਤਾ ਅਤੇ ਪੂਰਨ ਸਿੰਘ, ਦੋਹਾਂ ਨਾਲ ਹੀ ਜ਼ਿਆਦਤੀ ਕਰਦੇ ਹਨ।" (ਸਫ਼ਾ 13)

ਪਹਿਲੀ ਟਿਪਣੀ ਵਿਚ 'ਐਰੇ-ਗ਼ੈਰੇ ਦੀ ਵਰਤੋਂ ਬੇਲੋੜੀ ਹੈ ਅਤੇ ਦੂਜੀ ਟਿਪਣੀ ਪੂਰੀ ਦੀ ਪੂਰੀ ਬੇਲੋੜੀ ਹੈ। ਪਰੰਪਰਾ ਦਾ ਸਾਰਾ ਕੁਝ ਸਤਿਕਾਰ ਯੋਗ ਨਹੀਂ ਹੁੰਦਾ, ਪਰ ਪਰੰਪਰਾ ਦਾ ਸਾਰਾ ਕੁਝ ਨਿੰਦਣਯੋਗ ਵੀ ਨਹੀਂ ਹੁੰਦਾ। ਬੇਲੋੜੀਆਂ, ਚਲੰਤ ਕਿਸਮ ਦੀਆਂ ਟਿੱਪਣੀਆਂ 'ਸੰਵਾਦ ਖ਼ਾਤਰ ਸੰਵਾਦ' ਰਚਾਉਣ ਦੀ ਕਰੂਚੀ ਨਾਲ ਸੰਬੰਧਤ ਹਨ। ਸਾਰਥਕ ਸੰਵਾਦ ਰਚਾਉਣ ਲਈ ਗੰਭੀਰਤਾ ਪਹਿਲੀ ਬੁਨਿਆਦੀ ਸ਼ਰਤ ਹੈ ਅਤੇ ਗੰਭੀਰਤਾ ਚਲੰਤ ਕਿਸਮ ਦੀਆਂ ਟਿੱਪਣੀਆਂ ਦੀ ਥਾਂ ਤਰਕਸ਼ੀਲ ਵਿਆਖਿਆ ਦੀ ਮੰਗ ਕਰਦੀ ਹੈ।

ਪੁਸਤਕ ਦਾ ਟਾਈਟਲ ਪੇਜ (ਚਿਤਰਕਾਰ ਦਾ ਨਾਮ ਨਹੀਂ ਦੱਸਿਆ ਗਿਆ), ਸੁੰਦਰ ਛਪਾਈ (ਨਵਯੁਗ ਪਬਲਿਸ਼ਰਜ਼, 64 ਪੰਨੇ, 45 ਰੁਪਏ), ਅਤੇ ਪੁਸਤਕ ਦੇ ਸੰਪਾਦਕ ਹਰਭਜਨ ਹਲਵਾਰਵੀ ਦੇ ਭਾਵਪੂਰਤ "ਆਰੰਭਕ ਬੋਲ", ਪੁਸਤਕ ਦੀ ਟੈਕਸਟ ਵਿਚ ਮਹੱਤਵਪੂਰਨ ਵਾਧਾ ਕਰਦੇ ਹਨ। ਇਸ ਪੁਸਤਕ ਨਾਲ ਇਕਬਾਲ ਆਪਣੀਆਂ ਸਮੁੱਚੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਸਮੇਤ ਇਕ ਸਿਰਮੌਰ ਪੰਜਾਬੀ ਸ਼ਾਇਰ ਵਜੋਂ ਉਭਰਦਾ ਹੈ। 'ਪਾਣੀ ਦਾ ਪਰਛਾਵਾਂ' ਦੀ ਰਚਨਾ ਨਾਲ ਇਕਬਾਲ ਨੇ ਕੈਨੇਡਾ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਪ੍ਰਤੀਨਿਧ ਪੰਜਾਬੀ ਸ਼ਾਇਰਾਂ ਵਿਚ ਆਪਣਾ ਸਥਾਨ ਪੱਕੇ ਤੌਰ 'ਤੇ ਨਿਸ਼ਚਤ ਕਰ ਲਿਆ ਹੈ।

'ਪਾਣੀ ਦਾ ਪਰਛਾਵਾਂ' ਪੜ੍ਹਨ-ਯੋਗ ਵੀ ਹੈ, ਅਤੇ ਗੁੜ੍ਹਨ-ਯੋਗ ਵੀ।

ਸੁਰਿੰਦਰ ਧੰਜਲ (ਕੈਮਲੂਪਸ, ਬੀ.ਸੀ.)

---


# ਸਤਲੁਜ਼ ਫੈਸ਼ਨਜ਼

**9332- 120 St. Surrey, B.C.**

ਫੋਨ: 589-6161

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ।

ਅੱਜ ਹੀ ਆਕੇ ਦਰਸ਼ਨ ਦਿਉ।

ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ। **DOSANJH & COMPANY**

**(ਵਕੀਲ)**

**ਉੱਜਲ ਦੁਸਾਂਝ ਅਤੇ ਟੌਮ ਵੂਲੀ**

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
*ਡਾਇਵੋਰਸ ਤੇ ਫੈਮਲੀ ਦੇ ਕੇਸ
*ਇਮੀਗਰੇਸ਼ਨ ਦੀਆਂ ਅਪੀਲਾਂ
*ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾਂ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ
ਅਪਾਂਇੰਟਮੈਂਟ ਲਈ ਫੋਨ ਕਰੋ।

**ਫੋਨ: 327-6381**

**BUYING OR SELLING**

**RESIDENTIAL, COMMERCIAL, FARMS OR LOTS**

**CONTACT**



**KULDIP RANGI**

**NORTHRIDGE REALTY LTD.**
**6417 FRASER ST.,**
**VANCOUVER, V5W 3A6**
**PH: 327-1111**
**RES. 278-8320**

ਸਫਾ 43 ਦੀ ਬਾਕੀ

ਕਰਦੇ ਹਨ। ਵੈਨਕੂਵਰ ਸੱਥ ਨੇ ਤੀਸਰੀ ਵਾਰੀ ਇਸ ਸਾਲ ਵੀ ਇਸ ਮੇਲੇ ਵਿਚ ਹਿੱਸਾ ਲਿਆ। ਸੱਥ ਦੇ ਕਲਾਕਾਰਾਂ ਨੇ ਸਾਧੂ ਬਿਨਿੰਗ ਦਾ ਲਿਖਿਆ ਅੰਗਰੇਜ਼ੀ ਡਰਾਮਾ "Lesson of a Different Kind' ਪੇਸ਼ ਕੀਤਾ। ਦੋ ਸੌ ਦੇ ਕਰੀਬ ਦਰਸ਼ਕਾਂ ਨੇ 25 ਮਿੰਟ ਦੇ ਇਸ ਡਰਾਮੇ ਦਾ ਪੂਰਾ ਪੂਰਾ ਅਨੰਦ ਮਾਣਿਆ। ਇਸ ਨਾਟਕ ਵਿਚ ਜੈਨੀਟਰ ਦਾ ਕੰਮ ਕਰਦੇ ਪੰਜਾਬੀ ਕਾਮਿਆਂ ਦੀਆਂ ਮੁਸ਼ਕਲਾਂ ਉਪਰ ਚਾਨਣਾ ਪਾਇਆ ਗਿਆ ਸੀ। ਡਰਾਮੇ ਵਿਚ ਪੇਸ਼ ਕੀਤਾ ਗਿਆ ਕਿ ਪੰਜਾਬੀ ਕਾਮਿਆਂ ਦੀ ਪੰਜਾਬੀ ਠੇਕੇਦਾਰਾਂ ਵਲੋਂ ਕੀਤੀ ਜਾਂਦੀ ਲੁੱਟ-ਖਸੁੱਟ ਇਕ ਵੱਡੇ ਢਾਂਚੇ ਦਾ ਹਿੱਸਾ ਹੈ ਜਿਸ ਵਿਚ ਆਦਮੀ ਕਾਮਿਆਂ ਨੂੰ ਔਖੇ ਕੰਮ ਘੱਟ ਤਨਖਾਹਾਂ ਉਪਰ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਭਾਗ ਲੈਣ ਵਾਲੇ ਕਲਾਕਾਰ ਸਨ: ਜਗਦੀਸ਼ ਬਿਨਿੰਗ, ਪਿੰਦੀ ਗਿੱਲ, ਅਮਨਪਾਲ ਸਾਰਾ, ਦਰਿੰਦਰ ਸਾਰਾ, ਹਰਜਿੰਦਰ ਸਾਂਗਰਾ ਅਤੇ ਰੇਰੀ ਬੈਂਕਸ। ਨਾਟਕ ਨੂੰ ਪੇਸ਼ ਕਰਨ ਵਿਚ ਸਾਧੂ ਬਿਨਿੰਗ ਨੇ ਹਿੱਸਾ ਲਿਆ। ਇਹ ਇਸ ਨਾਟਕ ਦੀ ਸੱਥ ਵਲੋਂ ਚੋਥੀ ਪੇਸ਼ਕਾਰੀ ਸੀ।

**LOWEST FARES TO:**

ਲੰਡਨ, ਦਿੱਲੀ, ਬੰਬਈ,ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ,ਢਾਕਾ, ਨੈਰੋਬੀ,ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

**ਘੱਟ ਤੋਂ ਘੱਟ ਕਿਰਾਏ**

Professional Travel Agents for 37 years
Complete Travel arrangements for business or pleasure

**Authorized Agents for:**
**Air Canada, British Airways, Canadian,Cathay Pacific, Thai Airways Int., KLM and other major airlines.**

**BAINS** INTERNATIONAL TRAVEL
6364 FRASER STREET, VANCOUVER, B.C.
TEL. 324-2277
OFFICES ALSO IN VICTORIA AND NORTH VANCOUVER

# Jay's Travel Ltd.

Edmonton, Alta.

Low world wide fares

*Holiday Travel * Car & Hotel Reservation * Airlines Tickets * Ticket Delivery * Business Travel * Travel Insurance * Cruises * Major Credit Cards Accepted

Specializing in Tours & Travel to Indian Subcontinent

ਘੱਟ ਤੋਂ ਘੱਟ ਕਿਰਾਏ ਵਿਚ ਦੁਨੀਆਂ ਭਰ ਲਈ ਟਿਕਟਾਂ ਖਰੀਦਣ ਲਈ ਚਲੇ ਆਓ। ਇੰਡੀਆ ਲਈ ਟੂਰ ਤੇ ਸੈਰ ਵਾਸਤੇ ਜਾਣ ਲਈ ਵਿਸ਼ੇਸ਼ ਸਹੂਲਤਾਂ ਹਨ।

9209 - 34th Ave. 10421 - 80th Ave.

461-6666 432-7017

Toll Free (Alberta) 1-800-262 9062

# Devinderjit (Dave) Singh Purewal

(Barrister, Solicitor & Notary Public)

ਦਵਿੰਦਰਜੀਤ ਸਿੰਘ ਪੁਰੇਵਾਲ

**Ph: (403) 462-7555**

**General Paractice of Law including:**

* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੌਰਗੇਜ਼ (Real Estate & Mortagage)
* ਵਿੱਲ ਤੇ ਅਸਟੇਟ (Wills & Estate) * ਸਿਵਲ (Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associataes**

Ph. (403) 436-7060

# 440-4445 Calgary Tr. South, Edmonton

*Millwood Office:*

9209-34th Ave. Edmonton

Alberta, T6E 5T5

ਸੇਵਾਵਾਂ ਪੰਜਾਬੀ, ਹਿੰਦ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

# Majestic Insurance Sales Corp.

Insurance brokers for all needs

* LIFE * DISABILITY * GROUP * HOMEOWNERS * AUTOMOBILE * COMMERCIAL * BUSINESS *

Amar B. Singh BSc. M.A.(Econ.)

9209 - 34 Ave.

Edmonton, Alberta T6E 5T5

Ph.: (403) 461-1996

# LASER SCREEN PRINTING

**Custom Printing and Specialty Advertising**

Manufacturer and Distributors of:

*T-Shirts *Sportswear *Team Jackets * Crests *Caps * Decals * Transfers *Emblems *Calendars *Pens * Matches * Glasswear * Lighters * Buttons * Sales Aids * Playing Cards *Lapel Pins *Safety Awards *Promotional Gifts * Incentives * Plus much more

**Ram Sharma**

5311-91 Street

Edmonton, Alberta, T6E 6E2

**Ph: (403) 468-6435**

# ਸਰਗਰਮੀਆਂ

<u>ਇਕਬਾਲ ਰਾਮੂਵਾਲੀਆ ਦਾ ਸਨਮਾਨ: 'ਪਾਣੀ ਦਾ ਪ੍ਰਛਾਵਾਂ' ਰਿਲੀਜ਼ ਸਮਾਗਮ:</u>

'ਵੈਨਕੂਵਰ ਸੱਥ' ਵਲੋਂ ਕੈਨੇਡੀਅਨ ਪੰਜਾਬੀ ਸ਼ਾਇਰੀ ਦੇ ਇਕ ਪ੍ਰਤੀਨਿੱਧ ਹਸਤਾਖ਼ਰ ਇਕਬਾਲ ਰਾਮੂਵਾਲੀਆ ਦੀ ਨਵੀਂ ਕਾਵਿ-ਪੁਸਤਕ 'ਪਾਣੀ ਦਾ ਪ੍ਰਛਾਵਾਂ' ਦਾ ਰਿਲੀਜ਼ ਸਮਾਗਮ 9 ਮਾਰਚ 1991 ਨੂੰ ਈਸਟ ਰਿਚਮੰਡ ਕਮਿਊਨਿਟੀ ਸੈਂਟਰ ਵਿਚ ਆਯੋਜਤ ਕੀਤਾ ਗਿਆ। ਟੋਰਾਂਟੋ ਤੋਂ ਵੈਨਕੂਵਰ ਆਏ ਇਕਬਾਲ ਨੇ ਆਪਣੀਆਂ ਰਚਨਾਵਾਂ ਸੁਣਾਈਆਂ ਅਤੇ ਆਪਣੀ ਸ਼ਾਇਰੀ ਅਤੇ ਤਰੱਨਮ ਦੀ ਸੁਘੜਤਾ ਨਾਲ ਸਰੋਤਿਆਂ ਨੂੰ ਕੀਲ ਲਿਆ।

ਸੁਰਿੰਦਰ ਧੰਜਲ ਨੇ 'ਪਾਣੀ ਦਾ ਪ੍ਰਛਾਵਾਂ' ਦਾ ਵਿਸਥਾਰ ਪੂਰਬਕ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਇਕਬਾਲ ਨੇ ਸੱਜਰਾਪਣ ਅਤੇ ਵਿਲੱਖਣਤਾ ਦਾ ਆਪਣਾ ਦਾਅਵਾ ਨਿਪੁੰਨਤਾ ਨਾਲ ਨਿਭਾਇਆ ਹੈ ਅਤੇ ਕੈਨੇਡਾ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਪ੍ਰਤੀਨਿੱਧ ਪੰਜਾਬੀ ਸ਼ਾਇਰਾਂ ਦੀ ਪਹਿਲੀ ਕਤਾਰ ਵਿਚ ਆਪਣਾ ਸਥਾਨ ਪੱਕੇ ਤੌਰ ਤੇ ਨਿਸ਼ਚਤ ਕਰ ਲਿਆ ਹੈ। ਅਜਮੇਰ ਰੋਡੇ ਨੇ ਕਿਹਾ ਕਿ ਸਾਨੂੰ ਹਰ ਨਵੀਂ ਪੁਸਤਕ ਦੀ ਪ੍ਰਕਾਸ਼ਨਾ ਸਮੇਂ ਨਵਜੰਮੇ ਬੱਚੇ ਦੀ ਆਮਦ ਵਰਗੀ ਖ਼ੁਸ਼ੀ ਮਨਾਉਣੀ ਚਾਹੀਦੀ ਹੈ।

ਪ੍ਰੋਗਰਾਮ ਦੇ ਅੰਤ ਵਿਚ ਇਕਬਾਲ ਨੇ ਆਪਣੀ ਪੁਸਤਕ 'ਪਾਣੀ ਦਾ ਪ੍ਰਛਾਵਾਂ' ਅਜਮੇਰ ਰੋਡੇ ਨੂੰ ਭੇਟ ਕੀਤੀ। ਸੁਰਿੰਦਰ ਧੰਜਲ ਨੇ ਆਪਣਾ ਹੱਥ ਲਿਖਤ ਕਿਤਾਬਚਾ , 'ਪਾਸ਼ ਦੀ ਯਾਦ ਵਿਚ: ਦਸ ਕਵਿਤਾਵਾਂ', 'ਵੈਨਕੂਵਰ ਸੱਥ' ਅਤੇ 'ਵਤਨ' ਨੂੰ ਭੇਟ ਕੀਤਾ ਜਿਸਨੂੰ ਦੋਹਾਂ ਸੰਸਥਾਵਾਂ ਦੇ ਪ੍ਰਤੀਨਿੱਧ ਅਮਨਪਾਲ ਸਾਰਾ ਨੇ ਸਵੀਕਾਰ ਕੀਤਾ। ਇਹ ਪ੍ਰੋਗਰਾਮ ਭਾਵੇਂ ਮੁੱਖ ਤੌਰ ਤੇ 'ਪਾਣੀ ਦਾ ਪ੍ਰਛਾਵਾਂ' ਉੱਤੇ ਹੀ ਕੇਂਦਰਤ ਸੀ ਪਰ ਭਗਤ ਸਿੰਘ ਅਤੇ ਪਾਸ਼ ਦੀ ਯਾਦ ਵਿਚ, ਪਿਛਲੇ ਸਾਲ ਵਾਂਗ ਤੇਈ ਮਾਰਚ ਨੂੰ ਵੱਖਰਾ ਪ੍ਰੋਗਰਾਮ ਕਰਨ ਵਾਸਤੇ ਪੂਰੀ ਤਿਆਰੀ ਲਈ ਸਮੇਂ ਦੀ ਘਾਟ ਨੂੰ ਮੱਦੇ-ਨਜ਼ਰ ਰੱਖਦਿਆਂ, 'ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ' ਦਾ ਪ੍ਰਕਾਸ਼ਤ ਕੀਤਾ ਕਿਤਾਬਚਾ ਵੀ ਏਸੇ ਸਮਾਗਮ ਵਿਚ ਹੀ ਰੀਲੀਜ਼ ਕਰ ਦਿੱਤਾ ਗਿਆ।

ਅੰਕੁਰ ਰਿਲੀਜ਼ ਸਮਾਗਮ: ਵੈਨਕੂਵਰ (ਅਪਰੈਲ 7, 1991) ਵੈਨਕੂਵਰ ਸੱਥ ਵਲੋਂ ਸ਼ੁਰੂ ਕੀਤਾ "ਅੰਕੁਰ" ਨਾਮ ਦਾ ਅੰਗਰੇਜ਼ੀ ਦਾ ਨਵਾਂ ਤ੍ਰੈਮਾਸਿਕ ਮੈਗਜ਼ੀਨ ਹਿਮਾਲਾ ਰੈਸਟੋਰੈਂਟ ਵਿਚ 200 ਮਹਿਮਾਨਾਂ ਦੇ ਇਕੱਠ ਵਿਚ ਰਿਲੀਜ਼ ਕੀਤਾ ਗਿਆ। ਅੰਕੁਰ ਟੀਮ ਦੇ ਮੈਂਬਰਾਂ ਹਰਜਿੰਦਰ ਸਾਂਗਰਾ ਤੇ ਪਿੰਦੀ ਗਿੱਲ ਨੇ ਸੱਦੇ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ। ਉਹਨਾਂ ਅੰਕੁਰ ਦੇ ਉਦੇਸ਼ਾਂ ਬਾਰੇ ਕਿਹਾ ਕਿ ਇਹ ਪਰਚਾ ਸਾਡੀ ਕੈਨੇਡਾ ਦੀ ਜੰਮਪਲ ਪੀੜੀ ਨੂੰ ਆਪਣੇ ਸਭਿਆਚਾਰ ਤੇ ਵਿਰਸੇ ਨਾਲ ਤਾਲਮੇਲ ਬਣਾਈ ਰੱਖਣ ਤੋਂ ਇਲਾਵਾ ਸਮੁੱਚੀ ਇੰਡੋ-ਕੈਨੇਡੀਅਨ ਕਮਿਊਨਿਟੀ ਅਤੇ ਕੈਨੇਡੀਅਨ ਸੁਸਾਇਟੀ ਦੀ ਮੁੱਖ ਧਾਰਾ ਵਿਚ ਤਾਲਮੇਲ ਬਣਾਈ ਰੱਖਣ ਦੇ ਯਤਨ ਵਜੋਂ ਚਾਲੂ ਕੀਤਾ ਗਿਆ ਹੈ। ਸਾਧੂ ਬਿਨਿੰਗ ਨੇ ਅੰਕੁਰ ਚਾਲੂ ਕਰਨ ਦੇ ਖਿਆਲ ਤੋਂ ਅੰਕੁਰ ਕੁਲੈਕਟਿਵ ਟੀਮ ਦੇ ਹੋਂਦ ਵਿਚ ਆਉਣ ਦੇ ਪਿਛੋਕੜ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ। ਸੁਨੇਰਾ ਥੋਬਾਨੀ ਨੇ ਟੀਮ ਦੇ ਮੈਂਬਰਾਂ ਅਤੇ ਪਹਿਲੇ ਅੰਕ ਵਿਚ ਛਪਣ ਵਾਲੇ ਲੇਖਕਾਂ ਨਾਲ ਜਾਣਪਛਾਣ ਕਰਾਈ। ਪਰਚੇ ਨੂੰ ਰਿਲੀਜ਼ ਕਰਨ ਦੀ ਰਸਮ ਦੋ ਛੋਟੀਆਂ ਬੱਚੀਆਂ ਨਿਭਾਈ।

ਪ੍ਰੋਗਰਾਮ ਦੇ ਅੰਤ ਵਿਚ ਆਏ ਮਹਿਮਾਨਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਖੁੱਲਾ ਸੱਦਾ ਦਿੱਤਾ ਗਿਆ। ਤਕਰੀਬਨ ਦੋ ਦਰਜਨ ਲੋਕਾਂ ਨੇ ਅੰਕੁਰ ਸ਼ੁਰੂ ਹੋਣ ਦਾ ਸੁਆਗਤ ਕੀਤਾ ਅਤੇ ਆਪਣੇ ਸੁਝਾਅ ਪੇਸ਼ ਕੀਤੇ। ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਿਚ ਪਾਲ ਬਿਨਿੰਗ, ਮਾਈਕ ਬੈਂਸ, ਅਮਨਪਾਲ ਸਾਰਾ, ਅੰਜੂ ਹੁੰਦਲ ਅਤੇ ਸੀਤਲ ਢਿਲੋਂ ਨੇ ਹਿੱਸਾ ਪਾਇਆ। ਅੰਤ ਵਿਚ ਸੁਖਵੰਤ ਹੁੰਦਲ ਨੇ ਸਾਰੇ ਆਉਣ ਵਾਲੇ ਮਹਿਮਾਨਾਂ ਦਾ ਧੰਨਵਾਦ ਕੀਤਾ।

## ਪੰਜਾਬੀ ਫਾਉਂਡੇਸ਼ਨ ਬੀ.ਸੀ. ਦੀ ਸਥਾਪਨਾ

ਪੰਜਾਬੀ ਲੈਂਗੂਏਜ਼ ਅਤੇ ਆਰਟ ਫਾਉਂਡੇਸ਼ਨ ਦੀ ਸਥਾਪਨਾ 3 ਮਾਰਚ, 19991 ਨੂੰ ਸਰੀ ਦੇ ਨਿਊਟਨ ਕਮਿਊਨਿਟੀ ਹਾਲ ਵਿਚ ਇਕ ਵਿਸ਼ੇਸ਼ ਮੀਟਿੰਗ ਦੌਰਾਨ ਵਾਕਾਇਦਾ ਐਲਾਨ ਕਰਕੇ ਕੀਤੀ ਗਈ। ਇਸ ਮੀਟਿੰਗ ਵਿਚ ਗਰੇਟਰ ਵੈਨਕੂਵਰ ਦੀ ਪੰਜਾਬੀ ਕਮਿਊਨਿਟੀ ਦੇ ਹਰ ਖੇਤਰ ਵਿਚਲੇ ਪੰਜਾਬੀ ਪਿਆਰਿਆਂ ਨੇ ਭਾਗ ਲਿਆ। ਮੀਟਿੰਗ ਦਾ ਹਾਲ ਪੰਜਾਬੀ ਦੇ ਸਤਿਕਾਰ ਯੋਗ ਲੇਖਕਾਂ ਦੇ ਵੱਡੇ ਵੱਡੇ ਚਿਤਰ ਲਗਾ ਕੇ ਸਜਾਇਆ ਗਿਆ। ਮੀਟਿੰਗ ਦੀ ਸਟੇਜ ਦੀ ਜ਼ਿੰਮੇਵਾਰੀ ਕਰਨੈਲ ਮਾਨ ਨੇ ਨਿਭਾਈ।

ਅਮਰਜੀਤ ਸੂਫੀ ਨੇ ਕੈਨੇਡਾ ਵਿਚ ਪੰਜਾਬੀ ਦੇ ਇਤਿਹਾਸਿਕ ਪਿਛੋਕੜ ਉਪਰ ਚਾਨਣਾ ਪਾ6ਆ ਤੇ ਵੱਖੋ ਵੱਖ ਅਦਾਰਿਆਂ ਵਲੋਂ ਇਸ ਸਮੇਂ ਪੰਜਾਬੀ ਦੀ ਪੜ੍ਹਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਫ਼ਾਉਂਡੇਸ਼ਨ ਹਰ ਵਿਅਕਤੀ ਅਤੇ ਸੰਸਥਾ ਤੋਂ ਸਹਿਯੋਗ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗੀ ਤਾਂ ਕਿ ਪੰਜਾਬੀ ਬੋਲੀ ਦਾ ਵਿਕਾਸ ਹੋ ਸਕੇ। ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਬਹੁਤ ਸਰੇ ਸੱਜਣਾਂ ਨੇ ਆਪਣੇ ਸੁਝਾਅ ਪੇਸ਼ ਕੀਤੇ ਅਤੇ ਫ਼ਾਉਂਡੇਸ਼ਨ ਨੂੰ ਹੋਂਦ 'ਚ ਲਿਆਉਣ ਦੇ ਯਤਨ ਦੀ ਸ਼ਲਾਘਾ ਕੀਤੀ।

## ਵੈਨਕੂਵਰ ਸੱਥ ਵਲੋਂ ਦੋ ਨਾਟਕ

ਮਈ 3, 1991: ਪੀਪਲਜ਼ ਲਾਅ ਸਕੂਲ ਵਲੋਂ ਹਾਲੀਡੇਅ ਇੱਨ ਵੈਨਕੂਵਰ ਦੇ ਬਾਲਰੂਮ ਵਿਚ ਅਯੋਜਿਤ ਇਕ ਕਾਨਫਰੰਸ ਫੈਮਲੀ ਵਾਇਲੈਂਸ: ਏ ਕਰੋਸ ਕਲਚਰਲ ਪਰਸਪੇਕਟਿਵ' ਵਿਚ ਵੈਨਕੂਵਰ ਸੱਥ ਵਲੋਂ 'ਨਿੱਕੀ ਜਿਹੀ ਗੱਲ ਨਹੀਂ' ਨਾਂ ਦਾ ਨਾਟਕ ਅੰਗਰਜ਼ੀ ਵਿਚ ਖੇਡਿਆ ਗਿਆ।

ਇਸ ਨਾਟਕ ਵਿਚ ਕੈਨੇਡਾ ਦੇ ਇਕ ਪੰਜਾਬੀ ਪਰਵਾਰ ਵਿਚ ਔਰਤ ਤੇ ਮਰਦ ਦੇ ਆਪਸੀ ਝਗੜੇ ਅਤੇ ਝਗੜੇ ਨੂੰ ਸੁਲਝਾਉਣ ਦੇ ਤਰੀਕਆਂ ਨੂੰ ਸਭਿਆਚਾਰਕ ਪਹਿਲੂ ਤੋਂ ਪੇਸ਼ ਕੀਤਾ ਗਿਆ ਸੀ। ਨਾਟਕ ਦਾ ਮੂਲ ਮੱਦਾ ਇਹ ਸੀ ਕਿ ਕਸੂਰ ਭਾਵੇਂ ਕਿਸੇ ਦਾ ਵੀ ਹੋਵੇ ਆਦਮੀ ਨੂੰ ਔਰਤ ਉਪਰ ਹੱਥ ਚੁੱਕਣ ਦਾ ਕੋਈ ਹੱਕ ਨਹੀਂ। ਕਾਨਫਰੰਸ ਤੇ ਆਏ ਹੋਏ ਵੱਖਰੇ ਵੱਖਰੇ ਖੇਤਰਾਂ 'ਚ ਕੰਮ ਕਰਨ ਵਾਲੇ ਸਮਾਜਿਕ ਕਾਮਿਆਂ ਨੇ  ਨਾਟਕ ਨੂੰ ਬਹੁਤ ਧਿਆਨ ਨਾਲ ਵੇਖਿਆ।

ਨਾਟਕ ਤੋਂ ਬਾਅਦ ਨਾਟਕ ਬਾਰੇ ਅਤੇ ਘਰਾਂ 'ਚ ਹੁੰਦੇ ਝਗੜਿਆਂ ਬਾਰੇ ਸੱਥ ਦੇ ਮੈਂਬਰਾਂ ਨੇ ਸਰੋਤਿਆਂ ਦੇ ਅਨੇਕਾਂ ਸਵਾਲਾਂ ਦੇ ਜਵਾਬ ਦਿੱਤੇ। ਇਸ ਵਿਚਾਰ ਵਿਟਾਂਦਰੇ ਦੌਰਾਨ ਪੰਜਾਬੀ ਸਭਿਆਚਾਰ ਦੇ ਅਨੇਕਾਂ ਪਹਿਲੂਆਂ ਬਾਰੇ ਸਵਾਲ ਕੀਤੇ ਗਏ। ਨਾਟਕ ਅੰਜੂ ਹੁੰਦਲ, ਜਗਦੀਸ਼ ਬਿਨਿੰਗ, ਹਰਜਿੰਦਰ ਸਾਂਗਰਾ, ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਨੇ ਰਲ ਕੇ ਲਿਖਿਆ ਸੀ। ਨਾਟਕ ਵਿਚ ਅੰਜੂ ਹੁੰਦਲ, ਜਗਦੀਸ਼ ਬਿਨਿੰਗ, ਅਮਨਪਾਲ ਸਾਰਾ, ਅੰਮ੍ਰਿਤ ਮਾਨ, ਬਲਵਿੰਦ੍ਰ ਜੌਹਲ ਤੇ ਮੱਖਣ ਟੁੱਟ ਨੇ ਭਾਗ ਲਿਆ। ਇਹਨਾਂ ਕਲਾਕਾਰਾਂ ਤੋਂ ਇਲਾਵਾ ਵਿਚਾਰ ਵਿਟਾਂਦਰੇ ਵਿਚ ਸੁਖਵੰਤ ਹੁੰਦਲ ਤੇ ਸਾਧੂ ਬਿਨਿੰਗ ਨੇ ਹਿੱਸਾ ਲਿਆ।

ਮਈ 4, 1991:

ਵੈਨਕੂਵਰ ਦੀ ਟਰੇਡ ਯੂਨੀਅਨ ਅਤੇ ਵੈਨਕੂਵਰ ਇਲਾਕੇ ਦੇ ਸਿਹਤਮੰਦ ਲੋਕ ਪੱਖੀ ਸੋਚ ਰੱਖਣ ਵਾਲੇ ਕਲਾਕਾਰ ਮਿਲ ਕੇ ਹਰ ਵਰ੍ਹੇ ਮਈ ਦੇ ਪਹਿਲੇ ਹਫਤੇ 'ਮੇ-ਫੈਸਟੀਵਲ' ਨਾਂ ਦੇ ਹਫਤੇ ਭਰ ਦੇ ਮੇਲੇ ਦਾ ਪ੍ਰਬੰਧ ਕਰਦੇ ਹਨ। ਇਹ ਮੇਲਾ ਪਿਛਲੇ ਚਾਰ ਸਾਲਾਂ ਤੋਂ ਅਯੋਜਿਤ ਕੀਤਾ ਜਾ ਰਿਹਾ ਹੈ। ਇਸ ਵਿਚ ਵੱਖਰੇ ਵੱਖਰੇ ਕਲਾਕਾਰ ਸੰਗੀਤ, ਚਿੱਤਰ ਕਲਾ, ਨਾਚ, ਨਾਟਕ ਤੇ ਹੋਰ ਅਨੇਕਾਂ ਤਰੀਕਿਆਂ ਰਾਹੀਂ ਆਪਣੀ ਕਲਾ ਦਾ ਪ੍ਰਗਟਾਵਾ

ਬਾਕੀ ਸਫਾ 41 ਉੱਤੇ

# Count Yourself In June 4th



## Put Canada's Census To Work For You.

When you complete and mail your Census form, you help to ensure that your community gets its fair share of government funding for schools, hospitals, vital social services, housing, effective multiculturism programmes, and fair employment opportunities.

The Census only happens once every five years. That's why it's so important that you include everyone in your household on your Census form. Any information you give on your Census form is protected by law and kept confidential. Please complete and mail your Census form June 4th. Because, with you, the Census makes good sense.

If you haven't received your Census form, please call toll free, 1-800-267-1991. Call for HELP from 9:00 a.m. to 9:00 p.m., Thursday, May 30th through Friday, June 7th (excluding Sunday).

**1-800-267-1991**

CENSUS DAY

Statistics Canada Statistique Canada

Canada


*TO:*


2nd class Mail Regd. No. 8753



*Watan*
P.O. Box 67681
Station 'O'
Vancouver, B.C. V5W 3V2



**Vol. 2, No. 4**
**Spring, 1991**
**April/May/June**


**Watan** (The Country) is a literary and cultural quarterly of Panjabi– the mother tongue of East Panjab (India) and West Panjab (Pakistan)– published by Watan Publication.
The contributors include well-known Panjabi writers throughout the world.

ਵਤਨ

ਤਿੰਨ ਡਾਲਰ